ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 18 *Issue 222 Wednesday, November 20, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com
Royal Canadian Realty Brokerage

# ਟਰੂਡੋ ਕੈਬਨਿਟ ਵਿੱਚ ਫੇਰਬਦਲ ਸ਼ੁਰੂ, ਮੈਕੇਨਾ ਤੋਂ ਐਨਵਾਇਰਮੈਂਟ ਮੰਤਰਾਲਾ ਖੁੱਸਿਆ

ਓਟਵਾ, 19 ਨਵੰਬਰ (ਪੋਸਟ ਬਿਊਰੋ) : ਜੋ ਕੁੱਝ ਨਵਾਂ ਆਕਾਰ ਲੈ ਰਿਹਾ ਹੈ ਇਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਮੰਤਰੀ ਮੰਡਲ ਵਿੱਚ ਨਵੀਂ ਹਲਚਲ ਪੈਦਾ ਕਰ ਰਿਹਾ ਹੈ। ਕੈਥਰੀਨ ਮੈਕੇਨਾ ਤੋਂ ਐਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਮੰਤਰਾਲਾ ਵਾਪਿਸ ਲੈ ਲਿਆ ਗਿਆ ਹੈ ਤੇ ਹੁਣ ਜੌਨਾਥਨ ਵਿਲਕਿੰਸਨ ਵਾਤਾਵਰਣ ਮੰਤਰੀ ਹੋਣਗੇ।





ਮੈਕੇਨਾ ਇਨਫਰਾਸਟ੍ਰਕਚਰ ਤੇ ਕਮਿਊਨਿਟੀਜ਼ ਮੰਤਰੀ ਦੀ ਭੂਮਿਕਾ ਨਿਭਾਵੇਗੀ। ਉੱਤਰੀ ਵੈਨਕੂਵਰ, ਬੀਸੀ ਤੋਂ ਐਮਪੀ ਵਿਲਕਿੰਸਨ ਕੋਲ ਪਹਿਲਾਂ ਫਿਸ਼ਰੀਜ਼ ਐਂਡ ਓਸ਼ਨਜ਼ ਮੰਤਰਾਲਾ ਸੀ। ਆਪਣੇ ਚਾਰ ਸਾਲਾਂ ਦੇ ਕਾਰਜਕਾਲ ਵਿੱਚ ਓਟਵਾ ਸੈਂਟਰ ਤੋਂ ਐਮਪੀ ਮੈਕੇਨਾ ਨੂੰ ਕਈ ਪਾਸਿਆਂ ਤੋਂ ਆਨਲਾਈਨ ਤੇ ਅਸਲ ਵਿੱਚ ਸਕਿਊਰਿਟੀ ਸਬੰਧੀ ਧਮਕੀਆਂ ਵੀ ਮਿਲੀਆਂ। ਪਿੱਛੇ ਜਿਹੇ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਵੱਲੋਂ ਵੀ ਫੈਡਰਲ ਪੱਧਰ ਉੱਤੇ ਟਰੂਡੋ ਵੱਲੋਂ ਕੀਤੇ ਜਾਣ ਵਾਲੇ ਫੇਰਬਦਲ ਵਿੱਚ ਮੈਕੇਨਾ ਨੂੰ ਬਦਲਣ ਦੀ ਮੰਗ ਕੀਤੀ ਗਈ ਸੀ।

ਟਰੂਡੋ ਵੱਲੋਂ ਉਨ੍ਹਾਂ ਮੈਂਬਰਾਂ ਦੇ ਨਾਂਵਾਂ ਦਾ ਖੁਲਾਸਾ ਕੀਤਾ ਜਾ ਰਿਹਾ ਹੈ ਜਿਹੜੇ ਭਲਕੇ 1:30 ਵਜੇ ਰਿਡਿਊ ਹਾਲ ਵਿੱਚ ਕੋਈ ਨਾ ਕੋਈ ਫੈਡਰਲ ਮੰਤਰਾਲਾ ਹਾਸਲ ਕਰਨ ਵਿੱਚ ਕਾਮਯਾਬ ਰਹਿਣ-ਗੇ। ...ਬਾਕੀ ਪੰਨਾ 6 'ਤੇ

# 3000 ਤੋਂ ਵੱਧ ਕੈਨੇਡੀਅਨ ਰੇਲਵੇ ਕਾਮਿਆਂ ਨੇ ਕੀਤੀ ਹੜਤਾਲ

ਮਾਂਟਰੀਅਲ, 19 ਨਵੰਬਰ (ਪੋਸਟ ਬਿਊਰੋ) : ਕਿਸੇ ਸਮਝੌਤੇ ਉੱਤੇ ਪਹੁੰਚਣ ਲਈ ਅੱਧੀ ਰਾਤ ਤੱਕ ਦੀ ਮਿਥੀ ਹੋਈ ਸਮਾਂ ਸੀਮਾਂ ਦੇ ਬਾਵਜੂਦ ਡੀਲ ਸਿਰੇ ਨਾ ਚੜ੍ਹਨ ਕਾਰਨ 3200 ਕੈਨੇਡੀਅਨ ਨੈਸ਼ਨਲ ਰੇਲਵੇ ਕੰਡਕਟਰਜ਼, ਟਰੇਨਪਰਸਨਜ਼ ਤੇ ਯਾਰਡ ਵਰਕਰਜ਼ ਹੜਤਾਲ ਉੱਤੇ ਚਲੇ ਗਏ ਹਨ। ਰੇਲਵੇ ਨਾਲ ਸਬੰਧਤ



ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦ ਟੀਮਸਟਰਜ਼ ਕੈਨੇਡਾ ਰੇਲ ਕਾਨਫਰੰਸ ਨੇ ਵੀਕੈਂਡ ਉੱਤੇ 72 ਘੰਟਿਆਂ ਦਾ ਨੋਟਿਸ ਦਿੱਤਾ ਸੀ। ਯੂਨੀਅਨ ਦੇ ਬੁਲਾਰੇ ਕ੍ਰਿਸਟੋਫਰ ਮੌਨੈੱਟ ਦਾ ਕਹਿਣਾ ਹੈ ਕਿ ਕਿਸੇ ਸਮਝੌਤੇ ਉੱਤੇ ਅੱਪੜਨ ਦੀ ਆਸ ਵਿੱਚ ਉਹ ਅਜੇ ਵੀ ਸੀਐਨ ਨਾਲ ਗੱਲਬਾਤ ਕਰ ਰਹੇ ਹਨ ਅਤੇ ਇਸ ਲੇਬਰ ਵਿਵਾਦ ਨੂੰ ਜਲਦ ਤੋਂ ਜਲਦ ਖਤਮ ਕਰਨਾ ਚਾਹੁੰਦੇ ਹਨ।

...ਬਾਕੀ ਪੰਨਾ 6 'ਤੇ

# ਵਿਦਿਆਰਥਣ ਉੱਤੇ ਜਿਨਸੀ ਹਮਲਾ ਕਰਨ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਬਰੈਂਪਟਨ, 19 ਨਵੰਬਰ (ਪੋਸਟ ਬਿਊਰੋ) : ਕੌਮਾਂਤਰੀ ਵਿਦਿਆਰਥੀ ਉੱਤੇ ਕਥਿਤ ਤੌਰ ਉੱਤੇ ਜਿਨਸੀ ਹਮਲਾ ਕਰਨ ਦੇ ਮਾਮਲੇ ਵਿੱਚ ਬਰੈਂਪਟਨ ਦੇ ਇੱਕ ਵਿਅਕਤੀ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਟੋਰਾਂਟੋ ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੇ ਪਹਿਲਾਂ ਇਸ ਵਿਦਿਆਰਥਣ ਨੂੰ ਭਲੋਅ ਕੇ ਇਹ ਆਖਿਆ ਕਿ ਉਹ ਕੈਨੇਡੀਅਨ ਬੈਂਕ ਐਕਾਊਂਟ ਸ਼ੁਰੂ ਕਰਨ ਵਿੱਚ ਉਸ ਦੀ ਮਦਦ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਫਿਰ ਉਹ ਲੜਕੀ ਇਸ ਮਸ਼ਕੂਕ ਨੂੰ ਮਿਲਣ ਲਈ ਪਿਛਲੇ ਹਫਤੇ ਪ੍ਰੋਵਿੰਸ ਦੇ ਬਾਹਰੋਂ ਸਫਰ ਕਰਕੇ ਟੋਰਾਂਟੋ ਦੇ ਹੋਟਲ ਦੇ ਕਮਰੇ ਵਿੱਚ ਪਹੁੰਚੀ। ਉਦੋਂ ਹੀ ਇਸ ਵਿਅਕਤੀ ਨੇ ਉਸ ਲੜਕੀ ਉੱਤੇ ਜਿਨਸੀ ਹਮਲਾ ਕੀਤਾ।

ਪੁਲਿਸ ਨੇ ਦੋਸ਼ ਲਾਇਆ ਕਿ ਇਸ ਵਿਅਕਤੀ ਨੇ ਉਸ ਵਿਦਿਆਰਥਣ ਦੀਆਂ ਤਸਵੀਰਾਂ ਲਈਆਂ ਤੇ ਫਿਰ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। 28 ਸਾਲਾ ਗੁਰਪਿੰਦਰ ਸਿੰਘ ਉੱਤੇ ਜਿਨਸੀ ਹਮਲਾ ਕਰਨ, ਜਾਨੋਂ ਮਾਰਨ ਦੀ ਧਮਕੀ ਦੇਣ, ਜਬਰੀ ਵਸੂਲੀ ਤੇ ਤਾਕਾ ਝਾਕੀ ਕਰਨ ਦਾ ਮਾਮਲਾ ਦਰਜ ਹੋਇਆ ਹੈ।

# ਪੰਜਾਬੀ ਪੋਸਟ ਵਿੱਚ ਅਗਲੇ ਸੋਮਵਾਰ ਤੋਂ ਛਪੇਗੀ ਪੁਸਤਕ 'ਪਾਕਿਸਤਾਨ ਵਿੱਚ ਸਿੱਖ ਇਤਿਹਾਸਕ ਸਥਾਨ'

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਉਸਤਵ ਵਰ੍ਹੇ ਨੂੰ ਨਤਮਸਤਕ ਹੁੰਦੇ ਹੋਏ ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖ ਇਤਿਹਾਸਕ ਸਥਾਨ' ਨੂੰ 25 ਨਵੰਬਰ ਦਿਨ ਸੋਮਵਾਰ ਤੋਂ ਲੜੀਵਾਰ ਛਾਪਿਆ ਜਾਵੇਗਾ। ਅਖਬਾਰ ਦੇ ਹਰ ਅੰਕ ਵਿੱਚ ਇੱਕ ਗੁਰਦੁਆਰਾ ਸਾਹਿਬ ਦੀ ਤਸਵੀਰ ਅਤੇ ਸੰਖੇਪ ਵੇਰਵਾ ਪਾਠਕਾਂ ਦੇ ਲਾਭ ਹਿੱਤ ਛਾਪਿਆ ਜਾਵੇਗਾ। ਪੁਸਤਕ ਵਿੱਚ 175 ਗੁਰਦੁਆਰਿਆਂ ਦਾ ਜ਼ਿਕਰ ਹੈ। ਇਹਨਾਂ ਵਿੱਚੋਂ ਕਈ ਅਜਿਹੇ ਗੁਰਦੁਆਰੇ ਹਨ ਜਿਹਨਾਂ ਵਿੱਚ ਕਿਸੇ ਵੇਲੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਪੁੱਜਦੀ ਹੁੰਦੀ ਸੀ ਪਰ ਅੱਜ ਕੱਲ ਵਿਰਾਨ ਹੋ ਚੁੱਕੇ ਹਨ। ਕਈ ਵਿਰਾਨ ਹੋ ਚੁੱਕੇ ਗੁਰਦੁਆਰਿਆਂ ਨੂੰ ਸੰਗਤ ਦੇ ਉਪਰਾਲੇ ਨਾਲ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। 7 ਸਾਲ ਦੇ ਲੰਬੇ ਅਰਸੇ ਦੀ ਮਿਹਨਤ ਤੋਂ ਬਾਅਦ ਤਿਆਰ ਹੋਈ ਇਸ ਪੁਸਤਕ ਵਿੱਚ ਕਈ ਉਹਨਾਂ ਗੁਰਦੁਆਰਿਆਂ ਦਾ ਵੀ ਵਰਣਣ ਹੈ ਜਿਹਨਾਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਕਾਰਡਾਂ ਵਿੱਚ ਵੀ ਜਾਣਕਾਰੀ ਮੌਜੂਦ ਨਹੀਂ ਸੀ। ਲੇਖਕ ਮੁਹੰਮਦ ਇਕਬਾਲ ਕੈਸਰ ਨੇ ਬੀਤੇ ਦਿਨੀਂ ਕੈਨੇਡੀਅਨ ਪੰਜਾਬੀ ਪੋਸਟ ਦੇ ਦਫ਼ਤਰ ਆ ਕੇ ਇਸ ਪੁਸਤਕ ਨੂੰ ਛਾਪਣ ਦੇ ਅਧਿਕਾਰ ਦਿੱਤੇ।

Best Insurance Rates
Auto • Home • Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
•Life Insurance •Super Visa Insurance
•Critical Illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axxel Insurance Brokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

WE DESIGN & BUILD — ANGLECON CONSTRUCTION
Fully Insured | Team of licensed trades | Quality work & on-time insured
RESIDENTIAL: Custom homes, Home additions, Full home renovations, Legal basement
COMMERCIAL: New store design & build, Lease hold Improvements, Medical, offices, restaurants, retail & salon
FAST TRACK PERMIT & CONSTRUCTION 437.219.5009 info@anglecon.ca
BRAMPTON ◦ MISSISSAUGA ◦ ETOBICOKE ◦ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING CO LTD | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL 416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Black Friday Deals
VISIT US IN STORE FOR
EXCLUSIVE OFFERS
GET $50 IN-STORE CREDIT*
*WITH NEW ACTIVATION ON
A $40/MO DATA, TALK & TEXT PLAN
chatr™
AUTHORIZED DEALER
Offer Available Nov 28th, 29th, 30th | Dec 1st & 2nd at :
379 Main St. North Brampton | 905-451-0379
2456 Lake shore Blvd W. Etobicoke | 416-259-3654
*Valid at participating location(s) above. Only applicable with new activation on a $40/mo or higher Data, Talk & Text plan. In-store credit cannot be applied to top-ups, bill payments or redeemed for cash and has no cash value. Visit chatrmobile.com/plans for more details. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਝਾਰਖੰਡ ਵਿੱਚ ਚੋਣ ਦਾ ਵਕਤ ਆਇਆ,
ਰਿਹਾ ਹੈ ਭਾਜਪਾ ਨਾਲ ਨਹੀਂ ਕੋਈ ਬੇਲੀ।
ਸਹਿਯੋਗੀ ਆਖਦੇ ਅਸਾਂ ਨੂੰ ਵਰਤ ਚੁੱਕੀ,
ਪਿੱਛੋਂ ਸਾਡੀ ਨਹੀਂ ਕਦੀ ਵੀ ਹੋਈ ਬੇਲੀ।
ਊਧਵ ਠਾਕਰੇ ਨੂੰ ਏਦਾਂ ਈ ਲਾਈ ਠਿੱਬੀ,
ਨਿਤੀਸ਼ ਨਾਲ ਵੀ ਹੋਊ ਫਿਰ ਸੋਈ ਬੇਲੀ।
ਅਗਲੀ ਸੁਣਦੇ ਨੇ ਵਾਰੀ ਅਕਾਲੀਆਂ ਦੀ,
ਅੱਕ ਹੈ ਜਾਂਵਦੀ ਜੜ੍ਹਾਂ ਵਿੱਚ ਚੋਈ ਬੇਲੀ।
ਮਹਿਬੂਬਾ ਮੁਫਤੀ ਹੈ ਜੇਲ੍ਹ ਵਿੱਚ ਅਜੇ ਤਾੜੀ,
ਦਿੱਤਾ ਆਉਣ ਅਬਦੁੱਲਾ ਨਹੀਂ ਬਾਹਰ ਬੇਲੀ।
ਝੁੱਗਾ ਉਹਦਾ ਬਈ ਆਖਰ ਵਿੱਚ ਚੌੜ ਹੁੰਦੈ,
ਜਿਹੜਾ ਏਦਾਂ ਦੀ ਬਣ ਗਿਆ ਠਾਹਰ ਬੇਲੀ।

**ਤੀਸ ਮਾਰ ਖਾਂ**

# ਨਾਭਾ ਜੇਲ੍ਹ ਬਰੇਕ ਦੇ ਮਾਸਟਰ ਮਾਈਂਡ ਰੋਮੀ ਨੂੰ ਭਾਰਤ ਲਿਆਉਣ ਦਾ ਰਾਹ ਸਾਫ

*** ਹਾਂਗ ਕਾਂਗ ਦੀ ਅਦਾਲਤ ਵੱਲੋਂ ਭਾਰਤ ਨੂੰ ਹਵਾਲਗੀ ਮਨਜ਼ੂਰ**

ਪਟਿਆਲਾ, 19 ਨਵੰਬਰ, (ਪੋਸਟ ਬਿਊਰੋ)- ਮੈਕਸੀਮਮ ਸਕਿਓਰਟੀ ਜੇਲ੍ਹ ਨਾਭਾ ਤੋਂ ਕੁਝ ਅਪਰਾਧੀਆਂ ਦੇ ਭੱਜ ਜਾਣ ਦੀ ਸਾਜ਼ਿਸ਼ ਦੇ ਮਾਸਟਰ ਮਾਈਂਡ ਮੰਨੇ ਜਾਂਦੇ ਰਮਨਜੀਤ ਸਿੰਘ ਰੋਮੀ ਨੂੰ ਹਾਂਗ ਕਾਂਗ ਪੁਲਿਸ ਦੀ ਹਿਰਾ-ਸਤ ਤੋਂ ਭਾਰਤ ਵਿੱਚ ਲਿਆਂਦੇ ਜਾਣ ਦਾ ਰਸਤਾ ਸਾਫ ਹੋ ਗਿਆ ਹੈ। ਇਸ ਸਬੰਧ ਵਿੱਚ ਓਥੋਂ ਦੀ ਅਦਾਲਤ ਨੇ ਭਾਰਤ ਦੇ ਹੱਕਦਾ ਫੈਸਲਾ ਦੇਂਦੇ ਹੋਏ ਰੋਮੀ ਨੂੰ ਭਾਰਤ ਦੇ ਹਵਾਲੇ ਕਰ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਵਰਨਣ ਯੋਗ ਹੈ ਕਿ ਰੋਮੀ ਦੀ ਖਾੜਕੂ ਸਰਗਰਮੀ ਦੇ ਕਾਰਨ ਇੰਟਰਪੋਲ ਵੱਲੋਂ ਵੀ ਰੋਮੀ ਦੀ ਭਾਲ ਕੀਤੀ ਜਾ ਰਹੀ ਸੀ। ਪੰਜਾਬ ਪੁਲਿਸ ਵੱਲੋਂ ਕੇਂਦਰ ਸਰਕਾਰ ਦੇ ਰਾਹੀਂ ਰੋਮੀ ਦੀ ਗ੍ਰਿਫਤਾਰੀ ਦੀ ਮੰਗ ਚੁੱਕਣ ਉੱਤੇ ਤਿੰਨ ਸਾਲਾਂ ਬਾਅਦ ਉਸਦੀ ਹਵਾਲਗੀ ਦੇ ਹੁਕਮ ਮਿਲੇ ਹਨ। ਇਸ ਕੇਸ ਵਿੱਚ ਪੰਜਾਬ ਪੁਲਿਸ ਦੇ ਏਆਈਜੀ ਗੁਰਮੀਤ ਸਿੰਘ ਚੌਹਾਨ ਅਤੇ ਐੱਸ ਪੀ ਹਰਵਿੰਦਰ ਸਿੰਘ ਵਿਰਕ ਦੀ ਖੁਫੀਆ ਵਿੰਗ ਦੀ ਟੀਮ ਤੇ ਕੇਂਦਰ ਸਰਕਾਰ ਦੀ ਵਿਸ਼ੇਸ਼ ਟੀਮ ਹਾਂਗ ਕਾਂਗ ਦੀ ਅਦਾਲਤ ਵਿਚਕੇਸ ਦੀ ਪੈਰਵੀ ਕਰ ਰਹੀ ਸੀ। ਹਾਂਗ ਕਾਂਗ ਦੀ ਪੂਰਬੀ ਅਦਾਲਤ ਦੇ ਜੱਜ ਪਾਂਗ ਲੇਂਟ ਟਿੰਗ ਨੇ ਭਾਰਤ ਸਰਕਾਰ ਦੇ ਹੱਕ ਦਾ ਫੈਸਲਾ ਦੇਂਦਿਆਂ ਰਮਨਜੀਤ ਸਿੰਘ ਉਰਫ ਰੋਮੀ



ਨੂੰ ਭਾਰਤ ਦੇਹਵਾਲੇ ਕਰ ਦੇਣ ਦੇ ਹੁਕ-ਮਦੇ ਦਿੱਤਾ ਹੈ।

ਅਸਲ ਵਿੱਚ ਓਥੇਰੋਮੀ ਦੇ ਖ਼ਿਲਾਫ਼ ਪਹਿਲਾਂਹਾਂਗ ਕਾਂਗ ਵਿਚ ਲੁੱਟ ਦਾ ਕੇਸ ਦਰਜ ਹੋਇਆ ਸੀ, ਪਰ ਉਸ ਕੇਸ ਵਿੱਚ ਸਰਕਾਰੀ ਵਕੀਲਾਂ ਨੇ ਪਿੱਛੇ ਜਿਹੇ ਦੋਸ਼ ਵਾਪਸ ਲੈ ਲਏ ਸਨ, ਜਿਸ ਨਾਲ ਉਸ ਦੇ ਭਾਰਤ ਨੂੰ ਹਵਾਲਗੀ ਕਰਨ ਲਈਰਾਹ ਸਾਫ ਹੋ ਗਿਆ। ਪੰਜਾਬ ਪੁਲਿਸ ਨੇ ਰਮਨਜੀਤ ਸਿੰਘ ਰੋਮੀ ਨੂੰ ਆਪਣੀ ਹਿਰਾਸਤ ਵਿਚ ਲੈਣ ਲਈ 1200 ਸਫੇ ਦਾ ਇੱਕ ਦਸਤਾਵੇਜ਼ਾਂ ਦਾ ਵੱਡਾ ਸੈੱਟ ਤਿਆਰ ਕੀਤਾ ਦੱਸਿਆ ਜਾਂਦਾ ਹੈ।

ਜਾਣਕਾਰ ਸੂਤਰਾਂ ਅਨੁਸਾਰ ਪੰਜਾਬ ਪੁਲਸ ਨੂੰ'ਰੈਫਰੈਂਡਮ 2020' ਦੇ ਕੁਝ ਪ੍ਰਚਾਰਕਾਂ ਨਾਲ ਰੋਮੀ ਦੇ ਸਬੰਧਾਂ ਬਾਰੇ ਪੁੱਛਗਿਛ ਲਈ ਵੀ ਉਸ ਦੀ ਲੋੜ ਹੈ। ਕਿਹਾ ਜਾਂਦਾ ਹੈ ਕਿ ਸਾਲ 2016 ਵਿਚ ਰੋਮੀ ਨੇ ਕੁਝ ਪੁਲਿਸ ਵਾਲਿਆਂ ਨੂੰ ਰਿਸ਼ਵਤ ਦੇ ਕੇ ਅਸਲਾ ਐਕਟ ਦੇ ਕੇਸ ਦੀ ਜ਼ਮਾਨਤ ਕਰਵਾਈ ਤੇ ਵਿਦੇਸ਼ ਦੌੜ ਗਿਆ ਸੀ। ਭਾਰਤ ਦੀਆਂ ਸੁਰੱਖਿਆ ਏਜੰਸੀਆਂ ਨੂੰਪਿੱਛੇ ਜਿਹੇ ਵੱਖਵਾਦੀ ਲਹਿਰ ਦੇ ਮੁੱਖ ਹਮਾਇਤੀਆਂ ਦੀਆਂ ਆਨਲਾਈਨ ਸਰਗਰਮੀਆਂ ਦਾ ਪਤਾ ਲੱਗਾ ਹੈ ਕਿ ਜਰਮਨੀ, ਬ੍ਰਿਟੇਨ ਅਤੇ ਕੈਨੇਡਾ ਵਿਚੋਂ'ਰੈਫਰੈਂਡਮ 2020' ਦੀ ਮੁਹਿੰਮ ਚਲਾਉਣ ਵਾਲੇ ਲੋਕਾਂਦੇ ਪੰਜਾਬ ਵਿਚਲੇ ਗੈਂਗਸਟਰਾਂਅਤੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸਆਈ ਨਾਲ ਤਾਰ ਜੁੜਦੇ ਹਨ।ਪੰਜਾਬ ਪੁਲਿਸ ਦੇ ਅੰਦਰੂਨੀ ਸੂਤਰਾਂ ਅਨੁਸਾਰ ਰੋਮੀ ਬ੍ਰਿਟੇਨ ਦੇ ਨਾਗਰਿਕ ਜਗਤਾਰ ਸਿੰਘ ਉਰਫ ਜੱਗੀ ਦੇ ਸੰਪਰਕ ਵਿਚ ਸੀ ਅਤੇ ਇਨ੍ਹਾਂ ਦੋਵਾਂਦੇ ਸੰਬੰਧ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ ਐੱਲ ਐੱਫ) ਦੇਆਗੂ ਹਰਮੀਤ ਸਿੰਘ ਉਰਫ ਪੀ ਐੱਚਡੀ ਨਾਲ ਵੀ ਰਹੇ ਹਨ। ਇਸਤੋਂ ਇਲਾਵਾ ਰੁਲਦਾ ਸਿੰਘ ਕਤਲ ਕੇਸਅਤੇ ਬੰਬ ਧਮਾਕਿਆਂ ਵਿਚ ਸ਼ਾਮਲ ਪਰਮਜੀਤ ਸਿੰਘ ਪੰਮਾ, ਜਿਹੜਾ'ਰਿਫਰੈਂਡਮ 2020' ਦੀ ਮੁਹਿੰਮ ਵਿਚ ਸ਼ਾਮਲ ਹੈ, ਨਾਲ ਵੀ ਰੋਮੀ ਦਾ ਸੰਪਰਕ ਰਿਹਾ ਸੀ।ਇਸ ਕੇਸ ਦੀ ਜਾਂਚ ਵਿੱਚ ਸ਼ਾਮਲ ਇੱਕ ਪੁਲਸ ਅਫਸਰਨੇ ਕਿਹਾ ਕਿ ਇਨਾਂ ਸਾਰੇ ਕੇਸਾਂ ਬਾਰੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੇ ਇੱਕ ਨੋਡਲ ਅਫਸਰ ਬਣਾ ਕੇ ਲਗਾਤਾਰ ਹਾਂਗ ਕਾਂਗ ਕੋਰਟ ਵਿੱਚ ਜਾ ਕੇ ਪੈਰਵੀ ਕਰਦੇ ਹੋਏ ਰੋਮੀ ਦੇ ਖ਼ਿਲਾਫ਼ ਠੋਸਸਬੂਤ ਪੇਸ਼ ਕੀਤੇ ਸਨ।ਹਾਂਗ ਕਾਂਗ ਅਦਾਲਤ ਨੇ ਸਾਰੇ ਸਬੂਤਾਂ ਨਾਲ ਸਹਿਮਤ ਹੋਣ ਤੋਂ ਬਾਅਦ ਰੋਮੀ ਨੂੰ ਪੰਜਾਬ ਪੁਲਿਸ ਦੇ ਹਵਾਲੇ ਕਰਨ ਦਾ ਫੈਸਲਾ ਦਿੱਤਾ ਹੈ।

# ਪਰਸਨਲ ਰੀਅਲ ਅਸਟੇਟ ਕਾਰਪੋਰੇਸ਼ਨਜ਼ ਕਾਇਮ ਕਰਨ ਦੀ ਇਜਾਜ਼ਤ ਲਈ ਬਿੱਲ ਪੇਸ਼

ਓਨਟਾਰੀਓ, 19 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਅੱਜ ਜਿਹੜਾ ਬਿੱਲ ਪੇਸ਼ ਕੀਤਾ ਗਿਆ ਹੈ ਜੇ ਉਹ ਪਾਸ ਹੋ ਜਾਂਦਾ ਹੈ ਤਾਂ ਉਸ ਨਾਲ ਪਰਸਨਲ ਰੀਅਲ ਅਸਟੇਟ ਕਾਰਪੋਰੇਸ਼ਨਜ਼ ਕਾਇਮ ਕਰਨ ਦੀ ਇਜਾਜ਼ਤ ਮਿਲ ਜਾਵੇਗੀ। ਓਨਟਾਰੀਓ ਰੀਅਲ ਅਸਟੇਟ ਐਸੋਸਿਏਸ਼ਨ (ਓਰੀਆ) ਵੱਲੋਂ ਕੀਤੀ ਗਈ ਮਿਹਨਤ ਆਖਿਰਕਾਰ ਰੰਗ ਲੈ ਹੀ ਆਈ।



ਪਿਛਲੀਆਂ ਸਰਦੀਆਂ ਵਿੱਚ ਓਰੀਆ ਵੱਲੋਂ ਬਿੱਲ 104-ਦ ਟੈਕਸ ਫੇਅਰਨੈੱਸ ਫੌਰ ਰਿਐਲਟਰਜ਼ ਐਕਟ, 2017 ਦੇ ਸਮਰਥਨ ਵਿੱਚ ਕੈਂਪੇਨ ਲਾਂਚ ਕੀਤੀ ਗਈ ਸੀ। 23 ਮਾਰਚ ਨੂੰ ਇਸ ਬਿੱਲ ਨੇ ਓਨਟਾਰੀਓ ਵਿਧਾਨਸਭਾ ਵਿੱਚ ਦੂਜੀ ਰੀਡਿੰਗ ਵਾਲਾ ਪੜਾਅ ਵੀ ਪੂਰਾ ਕਰ ਲਿਆ ਸੀ। ਇਸ ਤੋਂ ਭਾਵ ਹੈ ਕਿ ਪ੍ਰਸਤਾਵਿਤ ਬਿੱਲ ਫਾਈਨਲ ਸਟੇਜ ਵੱਲ ਵਧਣ ਤੋਂ ਪਹਿਲਾਂ ਇੱਕ ਹੋਰ ਅੜਿੱਕਾ ਪਾਰ ਕਰ ਚੁੱਕਿਆ ਹੈ। ਪਰ ਅਜੇ ਵੀ ਇਸ ਬਿੱਲ ਦਾ ਮੁਲਾਂਕਣ ਲੈਜਿਸਲੇਟਿਵ ਕਮੇਟੀ ਵੱਲੋਂ ਕੀਤਾ ਜਾਣਾ ਹੈ ਤੇ ਕਾਨੂੰਨ ਬਣਨ ਤੋਂ ਪਹਿਲਾਂ ਇਸ ਦੀ ਤੀਜੀ ਰੀਡਿੰਗ ਤੇ ਵਿਧਾਨਸਭਾ ਵਿੱਚ ਇਸ ਸਬੰਧੀ ਫਾਈਨਲ ਵੋਟ ਪੈਣੀ ਅਜੇ ਬਾਕੀ ਹੈ।

ਰੀਅਲ ਅਸਟੇਟ ਓਨਟਾਰੀਓ ਵਿੱਚ ਉਨ੍ਹਾਂ ਕੁੱਝ ਰੈਗੂਲੇਟਿਡ ਪ੍ਰੋਫੈਸ਼ਨਜ਼ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਕਾਨੂੰਨ ਤਹਿਤ ਨਹੀਂ ਲਿਆਂਦਾ ਗਿਆ। ਪਰ ਬਿੱਲ 104 ਇਸ ਵਿੱਚ ਤਬਦੀਲੀ ਲਿਆਵੇਗਾ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਹ ਰੀਐਲਟਰਜ਼ ਨੂੰ ਪਰਸਨਲ ਰੀਅਲ ਅਸਟੇਟ ਕਾਰਪੋਰੇਸ਼ਨਜ਼ (ਪੀਆਰਈਸੀਜ਼) ਕਾਇਮ ਕਰਲ ਦੀ ਖੁੱਲ੍ਹ ਦੇ ਦੇਵੇਗਾ। ਇਸ ਨਾਲ ਪ੍ਰੋਵਿੰਸ ਭਰ ਦੇ ਰੀਅਲ ਅਸਟੇਟ ਸੇਲਜ ਮੈਨਜ਼ ਤੇ ਬ੍ਰੋਕਰਜ਼ ਨੂੰ ਇਨਕਾਰਪੋਰੇਸ਼ਨ ਦੇ ਕਾਰੋਬਾਰੀ ਫਾਇਦਿਆਂ, ਜਿਵੇਂ ਕਿ ਘੱਟ ਟੈਕਸ ਦਰਾਂ, ਦਾ ਲਾਹਾ ਲੈਣ ਦੀ ਖੁੱਲ੍ਹ ਮਿਲ ਜਾਵੇਗੀ।

ਲਾਬਿੰਗ ਦੀਆਂ ਕੋਸ਼ਿਸ਼ਾਂ ਵਜੋਂ ਓਰੀਆ ਵੱਲੋਂ ਇੱਕ ਵੈੱਬਸਾਈਟ RealtorTaxFairness.ca ਤਿਆਰ ਕੀਤੀ ਗਈ ਹੈ, ਤਾਂ ਕਿ ਇਸ ਕੈਂਪੇਨ ਦੇ ਸਬੰਧ ਵਿੱਚ ਜਾਗਰੂਕਤਾ ਕਾਇਮ ਕੀਤੀ ਜਾ ਸਕੇ। ਐਸੋਸਿਏਸ਼ਨ ਵੱਲੋਂ ਰਿਐਲਟਰਜ਼ ਨੂੰ ਆਪਣੇ ਐਮਪੀਪੀ ਨੂੰ ਇਸ ਪ੍ਰਸਤਾਵਿਤ ਬਿੱਲ ਦੀ ਹਮਾਇਤ ਵਿੱਚ ਲਿਖਣ ਲਈ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਹੁਣ ਤੱਕ 10,000 ਰਿਐਲਟਰਜ਼ ਅਜਿਹਾ ਕਰ ਚੁੱਕੇ ਹਨ ਤੇ ਆਪਣੇ ਵਿਚਾਰ ਆਪਣੇ ਚੁਣੇ ਹੋਏ ਨੁਮਾਇੰਦਿਆਂ ਤੱਕ ਪਹੁੰਚਾ ਚੁੱਕੇ ਹਨ।

## ਜੱਜਾਂ ਦੀਆ ਨਿਯੁਕਤੀਆਂ ਸਬੰਧੀ ਸਿਸਟਮ ਵਿੱਚ ਤਬਦੀਲੀਆਂ ਕਰਨ ਬਾਰੇ ਓਨਟਾਰੀਓ ਸਰਕਾਰ ਕਰ ਰਹੀ ਹੈ ਵਿਚਾਰ



ਟੋਰਾਂਟੋ, 19 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਜਿਸ ਤਰ੍ਹਾਂ ਜੱਜਾਂ ਤੇ ਜਸਟਿਸਿਜ਼ ਆਫ ਦ ਪੀਸ ਦੀ ਚੋਣ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਕਾਰਨ ਵਿਰੋਧੀ ਧਿਰਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ। ਵਿਰੋਧੀ ਸਿਆਸਤਦਾਨਾਂ ਦਾ ਕਹਿਣਾ ਹੈ ਕਿ ਇਸ ਮੁੱਦੇ ਨੂੰ ਸਿਆਸੀ ਰੰਗਤ ਦੇਣਾ ਡੱਗ ਫੋਰਡ ਦੀ ਚਾਲ ਹੋ ਸਕਦੀ ਹੈ।

ਓਨਟਾਰੀਓ ਦੇ ਅਟਾਰਨੀ ਜਨਰਲ ਡੱਗ ਡਾਊਨੀ ਨੇ ਆਖਿਆ ਕਿ ਇਹ ਤਬਦੀਲੀਆਂ, ਜਿਨ੍ਹਾਂ ਨੂੰ ਅਜੇ ਸਰਕਾਰ ਵੱਲੋਂ ਰਸਮੀ ਤੌਰ ਉੱਤੇ ਪੇਸ਼ ਨਹੀਂ ਕੀਤਾ ਗਿਆ ਹੈ, ਨਾਲ ਉਮੀਦਵਾਰਾਂ ਦਾ ਦਾਇਰਾ ਵੱਧ ਜਾਵੇਗਾ ਤੇ ਨਿਆਂਪਾਲਿਕਾ ਵਿੱਚ ਵੀ ਵੰਨ-ਸੁਵੰਨਤਾ ਆ ਜਾਵੇਗੀ। ਸੋਮਵਾਰ ਨੂੰ ਡਾਊਨੀ ਨੇ ਆਖਿਆ ਕਿ ਅਜਿਹੇ ਲੋਕ ਵੀ ਹਨ ਜਿਹੜੇ ਇਸ ਤਰ੍ਹਾਂ ਦੀ ਚੋਣ ਪ੍ਰਕਿਰਿਆ ਕਾਰਨ ਅਜਿਹੇ ਅਹੁਦਿਆਂ ਉੱਤੇ ਪਹੁੰਚਣ ਤੋਂ ਵਾਂਝਿਆਂ ਰਹਿ ਜਾਂਦੇ ਹਨ। ਕਈ ਲੋਕ ਸਿਸਟਮ ਕਾਰਨ ਹੀ ਖੁਦ ਅਪਲਾਈ ਨਹੀਂ ਕਰਦੇ। ਅਜਿਹੇ ਵੀ ਕਈ ਲੋਕ ਹਨ ਜਿਹੜੇ ਅਪਲਾਈ ਕਰਦੇ ਹਨ ਪਰ ਉਨ੍ਹਾਂ ਨੂੰ ਇੰਟਰਵਿਊਜ਼ ਉੱਤੇ ਨਹੀਂ ਸੱਦਿਆ ਜਾਂਦਾ ਹਾਲਾਂਕਿ ਉਹ ਕੁਆਲੀਫਾਈ ਕਰਦੇ ਹੁੰਦੇ ਹਨ।

ਡਾਊਨੀ ਨੇ ਆਖਿਆ ਕਿ ਮੌਜੂਦਾ ਸਿਸਟਮ ਤਹਿਤ ਬਿਨੈਕਾਰਾਂ ਨੂੰ 20 ਸਫਿਆਂ ਦੀ ਅਰਜ਼ੀ ਦੇਣੀ ਹੁੰਦੀ ਹੈ ਫਿਰ ਲੰਮੀ ਇੰਟਰਵਿਊ ਪ੍ਰਕਿਰਿਆ ਵਿੱਚ ਪੈਣਾ ਪੈਂਦਾ ਹੈ, ਜਿਸ ਵਿੱਚ ਕਈ ਮਹੀਨੇ ਦਾ ਸਮਾਂ ਲੱਗ ਜਾਂਦਾ ਹੈ। ਫਿਰ ਵਕੀਲਾਂ ਦਾ ਇੱਕ ਰਵਿਊ ਪੈਨਲ ਦੋ ਉਮੀਦਵਾਰਾਂ ਦੀ ਸੂਚੀ ਅਟਾਰਨੀ ਜਨਰਲ ਦੀ ਮਨਜ਼ੂਰੀ ਲੈਣ ਲਈ ਸਰਕਾਰੀ ਚੋਣ ਵਾਸਤੇ ਭੇਜਦਾ ਹੈ,ਇਸ ਦੀ ਮਨਜ਼ੂਰੀ ਕੈਬਨਿਟ ਵੱਲੋਂ ਲਈ ਜਾਂਦੀ ਹੈ। 1984 ਵਿੱਚ ਲਾਗੂ ਹੋਣ ਤੋਂ ਬਾਅਦ ਤੋਂ ਲੈ ਕੇ ਹੁਣ ਤੱਕ ਇਸ ਸਿਸਟਮ ਵਿੱਚ ਕੋਈ ਤਬਦੀਲੀ ਨਹੀਂ ਹੋਈ ਹੈ।

ਡਾਊਨੀ ਨੇ ਆਖਿਆ ਕਿ ਇਨ੍ਹਾਂ ਤਬਦੀਲੀਆਂ ਦਾ ਵਕੀਲਾਂ ਦੇ ਰਵਿਊ ਪੈਨਲ ਵੱਲੋਂ ਅਜੇ ਮੁਲਾਂਕਣ ਹੋਣਾ ਬਾਕੀ ਹੈ ਪਰ ਯੋਗਤਾ ਪ੍ਰਾਪਤ ਵਿਅਕਤੀ ਵਿਸ਼ੇਸ਼ ਦੇ ਟੋਲੇ ਨੂੰ ਨਿਯੁਕਤੀਆਂ ਦੀ ਪ੍ਰਕਿਰਿਆ ਤੇਜ਼ ਕਰਨ ਲਈ ਕਾਇਮ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਉਹ ਨਾਂਵਾਂ ਦੀ ਸੂਚੀ ਅੱਗੇ ਸੌਂਪਣਗੇ, ਉਨ੍ਹਾਂ ਦੀ ਜਾਂਚ ਕਰਨਗੇ ਤੇ ਇਹ ਯਕੀਨੀ ਬਣਾਉਣਗੇ ਕਿ ਇਹ ਬੈਂਚ ਵਿੱਚ ਵੰਨ-ਸੁਵੰਨਤਾ ਲਿਆਉਣ ਲਈ ਕਾਫੀ ਹੋਵੇਗਾ। ਵਿਰੋਧੀ ਧਿਰ ਵੱਲੋਂ ਇਨ੍ਹਾਂ ਤਬਦੀਲੀਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ।

# ਉਖੜੇ ਫਰਸ਼ ਵਾਲੀ ਮਿਨੀ ਬੱਸ ਵਿੱਚੋਂ ਸ਼ੀਟ ਉਠਾ ਕੇ ਕੈਦੀ ਖਿਸਕ ਗਿਆ

ਲੁਧਿਆਣਾ, 19 ਨਵੰਬਰ (ਪੋਸਟ ਬਿਊਰੋ)- ਪੁਲਸ ਦੀ ਕਾਰਜ ਪ੍ਰਣਾਲੀ ਸ਼ੱਕ ਦੇ ਘੇਰੇ ਵਿੱਚ ਹੈ ਕਿ ਜਿਨ੍ਹਾਂ ਖ਼ੂੰਖਾਰ ਕੈਦੀਆਂ ਨੂੰ ਬੇਹਦ ਕੜ੍ਹ ਸੁਰੱਖਿਆ ਵਿੱਚ ਅਦਾਲਤ ਤੋਂ ਜੇਲ੍ਹ ਲਿਜਾਣ ਦੀ ਜ਼ਿੰਮੇਦਾਰੀ ਪੁਲਸ ਦੀ ਸੀ, ਉਨ੍ਹਾਂ ਨੂੰ ਉਖੜੇ ਫਰਸ਼ ਵਾਲੀ ਬੱਸ ਵਿੱਚ ਲੈ ਜਾਇਆ ਜਾ ਰਿਹਾ ਸੀ। ਇੱਕ ਕੈਦੀ ਬੱਸ ਵਿੱਚ ਉਖੜੀ ਸ਼ੀਟ ਉਠਾ ਕੇ ਫਰਾਰ ਹੋ ਗਿਆ। ਪੁਲਸ ਨੇ ਕੇਂਦਰੀ ਜੇਲ੍ਹ ਦੇ ਸਹਾਇਕ ਸੁਪਰਡੈਂਟ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਹੈ। ਅਸਲ ਵਿੱਚ 13 ਨਵੰਬਰ ਨੂੰ ਜੇਲ੍ਹ ਤੋਂ ਅਦਾਲਤ ਵਿੱਚ 75 ਕੈਦੀਆਂ ਨੂੰ ਲਿਜਾਇਆ ਜਾਣਾ ਸੀ। ਇਸ ਵਿੱਚੋਂ 55 ਕੈਦੀਆਂ ਨੂੰ ਵੱਡੀ ਬੱਸ ਅਤੇ 20 ਨੂੰ ਮਿਨੀ ਬੱਸ ਵਿੱਚ ਬਿਠਾਇਆ ਗਿਆ ਸੀ। ਬਾਅਦ ਵਿੱਚ ਉਨ੍ਹਾਂ ਨੂੰ ਵਾਪਸ ਇਸ ਤਰ੍ਹਾਂ ਜੇਲ੍ਹ ਵਿੱਚ ਲਿਆਂਦਾ ਗਿਆ। ਜਦੋਂ ਇਨ੍ਹਾਂ ਦੀ ਗਿਣਤੀ ਹੋਈ ਤਾਂ ਇੱਕ ਕੈਦੀ ਘੱਟ ਸੀ। ਜਾਂਚ ਵਿੱਚ ਪਤਾ ਲੱਗਾ ਕਿ ਜਿਸ ਮਿਨੀ ਬੱਸ ਵਿੱਚ ਕੈਦੀਆਂ ਨੂੰ ਵਾਪਸ ਲਿਆਂਦਾ ਜਾ ਰਿਹਾ ਸੀ, ਉਸ ਵਿੱਚੋ ਸੂਰਜ ਕੁਮਾਰ ਵਾਸੀ ਖੇੜੀ ਲੁਧਿਆਣਾ ਲਾਪਤਾ ਹੋ ਗਿਆ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ | ਮਰਦਾਂ ਲਈ | ਔਰਤਾਂ ਲਈ
Pain-Care | He-Oil | Stress-Care | Chest Massage Oil
Ext. Use Only | Joint Support | For Men Only | Feel Relaxed
Herbal Products
$9.99 $19.99 $9.99 $14.99
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਪੰਜਾਬ ਦੇ ਲੋਕਾਂ ਨੂੰ ਨਹੀਂ ਮਿਲ ਰਿਹਾ

*** ਬੈਂਕਾਂ ਕੋਲ 1.62 ਲੱਖ ਅਰਜ਼ੀਆਂ ਪੁੱਜੀਆਂ, ਫਾਈਲਾਂ ਠੱਪ**

ਚੰਡੀਗੜ੍ਹ, 19 ਨਵੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਦਫਤਰ ਵੱਲੋਂ ਗ਼ਰੀਬ ਲੋਕਾਂ ਨੂੰ ਆਪਣਾ ਮਕਾਨ ਦੇਣ ਲਈ ਚਲਾਈ ਗਈ 'ਪ੍ਰਧਾਨ ਮੰਤਰੀ ਆਵਾਸ ਯੋਜਨਾ' ਉੱਤੇ ਸਿਆਸੀ ਰੰਗ ਚੜ੍ਹਿਆ ਲੱਗਦਾ ਹੈ। ਬੈਂਕਾਂ ਵੱਲੋਂ ਅਣਗੌਲੇ ਕਰ ਦੇਣ ਨਾਲ ਪੰਜਾਬ ਦੇ ਲੋਕਾਂ ਨੂੰ ਇਸ ਯੋਜਨਾ ਦਾ ਲਾਭ ਨਹੀਂ ਮਿਲਿਆ। ਇਸ ਯੋਜਨ ਦਾ ਲਾਭ ਲੈਣ ਦੇ ਲਈ ਪੰਜਾਬ ਦੇ 1.62 ਲੱਖ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਸਨ, ਪਰ ਹਾਲੇ ਤਕ ਇਸ ਯੋਜਨਾ ਦਾ ਕਿਸੇ ਨੂੰ ਲਾਭ ਨਹੀਂ ਮਿਲਿਆ। ਉਂਜ 10,202 ਲੋਕਾਂ ਨੂੰ ਇਸ ਦਾ ਲਾਭ ਦੇਣ ਲਈ ਬੈਂਕਾਂ ਨੇ ਚੁਣਿਆ ਹੈ, ਪਰ ਦਿੱਤਾ ਕੁਝ ਨਹੀਂ।

ਅੱਜ ਮੰਗਲਵਾਰ ਨੂੰ ਪੰਜਾਬ ਸਟੇਟ ਬੈਂਕਰਸ ਕਮੇਟੀ ਦੀ ਬੈਠਕ ਵਿੱਚਲੋਕਲ ਬਾਡੀਜ਼ਦੇ ਡਾਇਰੈਕਟਰ ਕਰੁਣੇਸ਼ ਸ਼ਰਮਾ ਨੇ ਇਹ ਮੁੱਦਾ ਚੁੱਕਿਆ। ਪਹਿਲਾਂ ਬੈਂਕਰ ਇਹ ਦਾਅਵਾ ਕਰਦੇ ਸਨਕਿ ਇਹ ਯੋਜਨਾ ਸ਼ਹਿਰੀ ਖੇਤਰ ਲਈ ਹੈ ਅਤੇ ਅਰਜ਼ੀਆਂ ਬਹੁਤੀਆਂ ਪੇਂਡੂ ਇਲਾਕੇ ਦੀਆਂ ਹਨ। ਡਾਇਰੈਕਟਰ ਨੇ ਕਿਹਾ ਕਿ ਬੈਂਕਾਂ ਨੂੰ 1.62 ਲੱਖ ਲੋਕਾਂ ਦੀਆਂ ਅਰਜ਼ੀਆਂ ਵਿੱਚੋਂ 10,202 ਅਰਜ਼ੀਆਂ ਨੂੰ ਯੋਗ ਮੰਨਿਆ ਗਿਆ ਹੈ। ਇਸ ਉੱਤੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵੀ ਇਤਰਾਜ਼ ਕੀਤਾ ਤੇ ਬੈਂਕਾਂ ਵੱਲੋਂ ਅਣਗੌਲੇ ਕਰਨ ਦੇ ਕਾਰਨ ਪੁੱਛੇ। ਉਨ੍ਹਾਂ ਨੇ ਕਿਹਾ ਕਿ ਅਰਜ਼ੀ ਦੇਣ ਵਾਲੇ ਨੂੰ ਭਟਕਣ ਨਹੀਂਦੇਣਾ ਚਾਹੀਦਾ, ਜੇ ਬੈਂਕ ਨੂੰ ਕੋਈ ਕਮੀ ਨਜ਼ਰ ਆਵੇ ਤਾਂ ਠੀਕ ਕਰਨ ਲਈ ਕਹਿਣ, ਜਾਂ ਉਸ ਨੂੰ ਲਾਭ ਦੇਣ।

ਇਸ ਮੌਕੇ ਪੰਜਾਬ ਦੇ ਵਿੱਤ ਮੰਤਰੀ ਦਾ ਸਖਤ ਰੁਖ ਦੇਖ ਕੇ ਬੈਂਕਰਸ ਕਮੇਟੀ ਨੇ ਇਸਕੇਸ ਨੂੰ ਨਿਪਟਾਉਣ ਲਈ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਹੈ, ਜਿਸ ਵਿੱਚਲੋਕਲ ਬਾਡੀਜ਼ ਵਿਭਾਗ ਦਾ ਪ੍ਰਤੀਨਿਧ ਵੀ ਹੋਵੇਗਾ। ਇਹ ਕਮੇਟੀ ਇਹ ਵੀ ਜਾਂਚ ਕਰੇਗੀ ਕਿ ਅਰਜ਼ੀਆਂ ਨਿਪਟਾਉਣ ਵਿੱਚ ਦੇਰ ਕਿਉਂ ਹੋਈ। ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਹ ਗੰਭੀਰ ਮੁੱਦਾ ਹੈ, ਜੇ ਬੈਂਕ ਕਹਿੰਦਾ ਹੈ ਕਿ ਯੋਜਨਾ ਸ਼ਹਿਰੀ ਹੈ ਤੇ ਅਰਜ਼ੀ ਕਰਨ ਵਾਲੇ ਪੇਂਡੂ ਇਲਾਕੇ ਵਿੱਚੋਂ ਹਨ ਤਾਂ ਬੈਂਕ ਨੂੰ ਚਾਹੀਦਾ ਹੈ ਕਿ ਉਹ ਅਰਜ਼ੀ ਰੱਦ ਕਰ ਦੇਵੇ, ਪਰ ਇਹ ਵੀ ਨਹੀਂ ਕੀਤਾ ਗਿਆ।

# ਜਗਮੇਲ ਹੱਤਿਆ ਕਾਂਡ: ਪੰਜਾਬ ਪੁਲਿਸ ਉੱਤੇ ਭਰੋਸਾ ਛੱਡ ਕੇ ਅਨੁਸੂਚਿਤ ਜਾਤੀ ਕਮਿਸ਼ਨ ਖੁਦ ਜਾਂਚ ਕਰੇਗਾ

ਚੰਡੀਗੜ੍ਹ, 19 ਨਵੰਬਰ, (ਪੋਸਟ ਬਿਊਰੋ)- ਸੰਗਰੂਰ ਜ਼ਿਲੇ ਦੇ ਪਿੰਡ ਚੰਗਾਲੀਵਾਲਾ ਦੇ ਦਲਿਤ ਵਿਅਕਤੀ ਜਗਮੇਲ ਸਿੰਘ ਦੇ ਕਤਲ, ਇਸ ਕੇਸ ਵਿੱਚ ਪੁਲਸ ਦੀ ਲਾਪਰਵਾਹੀ ਤੇ ਸਾਰੇ ਘਟਨਾਕ੍ਰਮ ਦੀ ਜਾਂਚ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਅਤੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਸਾਂਝੇ ਤੌਰ ਉੱਤੇਸ਼ੁਰੂ ਕਰ ਦਿੱਤੀ ਹੈ।। ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਸ ਮਕਸਦ ਲਈ ਗਿਆਨ ਚੰਦ ਦੀਵਾਲੀ ਤੇ ਪੂਨਮ ਕਾਂਗੜਾ ਦੀ ਦੋ ਮੈਂਬਰੀ ਕਮੇਟੀ ਬਣਾਈ ਹੈ।ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇਐਡੀਸ਼ਨਲ ਡਾਇਰੈਕਟਰ ਜਨਰਲ ਆਫ ਪੁਲਿਸ ਤੋਂ ਜਾਂਚ ਕਰਾਉਣ ਦਾ ਵਾਅਦਾ ਕੀਤਾ ਸੀ, ਪਰ ਪੁਲਿਸ ਅਤੇ ਅਨੁਸੂਚਿਤ ਜਾਤੀ ਕਮਿਸ਼ਨ ਆਪੋ-ਆਪਣੀ ਜਾਂਚ ਕਰਨਗੇ।



ਜਾਣਕਾਰ ਸੂਤਰਾਂ ਮੁਤਾਬਕ ਸਮਝਿਆ ਜਾਂਦਾ ਹੈ ਕਿ ਦਲਿਤਾਂ ਵੱਲੋਂ ਸ਼ਿਕਾਇਤਾਂ ਨੂੰ ਪੁਲਿਸ ਆਮ ਕਰ ਕੇ ਗੰਭੀਰਤਾ ਨਾਲ ਨਹੀਂਲੈਂਦੀ, ਇਸ ਲਈ ਕਮਿਸ਼ਨ ਨੇ ਇਕ ਦਲਿਤ ਨੂੰ ਵਹਿਸ਼ਆਨਾ ਤਸੀਹੇ ਦੇਣ ਅਤੇ ਪਿਸ਼ਾਬ ਪਿਆਉਣ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂ ਕੇ ਆਪਣੇ ਪੱਧਰ ਉੱਤੇ ਜਾਂਚ ਕਰਾਉਣ ਦਾ ਫ਼ੈਸਲਾ ਲਿਆ ਹੈ। ਪੰਜਾਬ ਤੋਂ ਕੁਝ ਦਲਿਤ ਜਥੇਬੰਦੀਆਂ ਅਤੇ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਰਾਜੇਸ਼ ਬਾਘਾ ਨੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਤੋਂ ਜਾਂਚ ਦੀ ਮੰਗ ਕੀਤੀ ਸੀ ਤੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਸ ਦਾ ਖ਼ੁਦ ਨੋਟਿਸ ਲਿਆ ਸੀ, ਜਿਸ ਕਰ ਕੇ ਦੋਵੇਂ ਕਮਿਸ਼ਨ ਜਾਂਚ ਕਰਨਗੇ। ਪਤਾ ਲੱਗਾ ਹੈ ਕਿ 2004 ਤੋਂ ਬਾਅਦ ਪੰਜਾਬ ਵਿਚ ਦਲਿਤਾਂ ਉੱਤੇਜ਼ੁਲਮਅਤੇ ਵਿਤਕਰੇ ਦੀਆਂ ਸ਼ਿਕਾਇਤਾਂ ਲਗਾਤਾਰ ਵਧੀਆਂ ਹਨ। ਪੰਜਾਬ ਵਿੱਚ ਅਨੁਸੂਚਿਤ ਜਾਤੀ ਵਰਗ ਦੀ ਆਬਾਦੀ ਹੋਰ ਰਾਜਾਂ ਤੋਂ ਵੱਧ ਹੈ।

# ਸ਼ਿਵ ਸੈਨਾ ਦੁਪਾਸਿਓਂ ਝਾਕ ਵਿੱਚ ਖੜੋਤੀ ਰਹਿ ਗਈ

*** ਕਾਂਗਰਸ-ਐੱਨ ਸੀ ਪੀ ਨਾਲ ਗੱਲ ਨਹੀਂ ਬਣ ਰਹੀ**
*** ਭਾਜਪਾ-ਸ਼ਿਵ ਸੈਨਾ ਵਿੱਚ ਦੋਬਾਰਾ ਸਾਂਝ ਦੀ ਆਸ ਧੁੰਦਲੀ ਪਈ**

ਮੁੰਬਈ, 19 ਨਵੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸਰਕਾਰ ਬਣਾਉਣ ਬਾਰੇ ਤਸਵੀਰ ਹਾਲੇ ਵੀ ਸਾਫ ਨਹੀਂ ਹੋ ਰਹੀ। ਕਾਂਗਰਸ ਅਤੇ ਐੱਨ ਸੀ ਪੀ ਦੇ ਨਾਲ ਮਿਲ ਕੇ ਸਰਕਾਰ ਬਣਾਉਣ ਦੀ ਆਸ ਵਿੱਚ ਬੈਠੀ ਸ਼ਿਵ ਸੈਨਾ ਨੂੰਹਾਲੇ ਤਕ ਦੋਵਾਂ ਪਾਰਟੀਆਂ ਤੋਂ ਸਮਰਥਨ ਦਾ ਪੱਤਰ ਨਹੀਂਮਿਲ ਸਕਿਆ। ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਇੱਕ ਮਹੀਨਾ ਹੋਣ ਦੇ ਬਾਵਜੂਦ ਸਰਕਾਰ ਨਾਬਣਨ ਕਰ ਕੇ ਵਿਧਾਇਕ ਵੀ ਕਾਹਲੇ ਪੈਣ ਲੱਗੇ ਹਨ। ਇਸ ਦੌਰਾਨ ਹਾਲਾਤ ਏਦਾਂ ਦੇ ਬਣ ਗਏ ਹਨ ਕਿ ਜੇ ਸ਼ਿਵ ਸੈਨਾ ਖਿਝ ਕੇ ਭਾਜਪਾ ਵੱਲ ਮੁੜਨਾ ਚਾਹੇ ਤਾਂ ਇਹ ਵੀ ਸੌਖਾ ਕੰਮਨਹੀਂ।



ਅੱਜ ਭਾਜਪਾ ਅਤੇ ਸ਼ਿਵ ਸੈਨਾ ਦੇ ਇਕ ਵਾਰ ਫਿਰ ਇਕੱਠੇ ਹੋਣ ਦੇ ਕਿਆਫੇ ਓਦੋਂ ਸ਼ੁਰੂ ਹੋਏ ਸਨ, ਜਦੋਂ ਮੀਡੀਆ ਵਿੱਚਇਹ ਖਬਰ ਆਈ ਕਿ 50-50ਦੀ ਸਹਿਮਤੀ ਨਾਲ ਦੋਵਾਂ ਪਾਰਟੀਆਂ ਦਾ ਗਠਜੋੜ ਫਿਰ ਹੋ ਸਕਦਾ ਹੈ। ਸਰਕਾਰ ਵੱਲੋਂ ਵੀਰ ਸਾਵਰਕਰ ਨੂੰ ਭਾਰਤ ਰਤਨ ਦੇਣ ਵਾਸਤੇ ਦੋਵਾਂ ਪਾਰਟੀਆਂ ਦੀ ਇਕ ਰਾਏ ਨੇ ਇਹ ਚਰਚਾ ਅੱਗੇ ਵਧਾਈ ਸੀ, ਪਰਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਾਲ ਸ਼ਿਵ ਸੈਨਾ ਦੇ ਰਿਸ਼ਤੇ ਕਾਫ਼ੀ ਖ਼ਰਾਬ ਹੋ ਚੁੱਕੇ ਹਨ ਤੇ ਇਹ ਗੱਲ ਸਿਰੇ ਨਹੀਂ ਚੜ੍ਹਦੀ ਦਿੱਸਦੀ।ਭਾਜਪਾ-ਸ਼ਿਵ ਸੈਨਾ ਨੇ ਮਿਲ ਕੇ ਵਿਧਾਨ ਸਭਾ ਚੋਣਾਂ ਲੜੀਆਂ ਅਤੇ ਗਠਜੋੜ ਨੂੰ ਬਹੁਮਤ ਮਿਲਿਆ ਸੀ, ਪਰ ਸ਼ਿਵ ਸੈਨਾ ਦੇ 50-50 ਦੀ ਮੰਗ ਉੱਤੇ ਅੜੀ ਕਾਰਨ ਭਾਜਪਾ ਨਾਲ ਉਸ ਦਾ ਗਠਜੋੜ ਟੁੱਟ ਚੁੱਕਾ ਹੈ। ਕੇਂਦਰ ਸਰਕਾਰ ਵਿੱਚੋਂ ਵੀ ਸ਼ਿਵ ਸੈਨਾ ਨੇ ਆਪਣੇ ਇੱਕੋ-ਇਕ ਮੰਤਰੀ ਡਾ. ਅਰਵਿੰਦ ਸਾਵੰਤ ਦਾ ਅਸਤੀਫ਼ਾ ਦਿਵਾ ਦਿੱਤਾ ਹੈ। ਦੂਸਰੇ ਪਾਸੇ ਕਾਂਗਰਸ ਅਤੇ ਐੱਨਸੀਪੀ ਨਾਲਹਾਲੇ ਤਕ ਸਾਂਝ ਨਹੀਂ ਬਣੀ।ਉਹ ਦੋਵੇਂ ਪਾਰਟੀਆਂ ਕਦੇ ਸਾਂਝੇ ਪ੍ਰੋਗਰਾਮ ਦੇ ਬਹਾਨੇ ਤੇ ਕਦੇ ਹਾਈ ਕਮਾਨ ਦੀ ਅੰਤਿਮ ਮਨਜ਼ੂਰੀ ਦੇ ਬਹਾਨੇ ਸ਼ਿਵ ਸੈਨਾ ਨੂੰ ਟਾਲ਼ ਰਹੀਆਂ ਹਨ। ਸਮਝਿਆ ਜਾਂਦਾ ਸੀ ਕਿ ਐੱਨ ਸੀਪੀ ਦੇ ਮੁਖੀ ਸ਼ਰਦ ਪਵਾਰ ਅਤੇ ਕਾਂ-ਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਮੀਟਿੰਗ ਵਿੱਚ ਸ਼ਿਵ ਸੈਨਾ ਨਾਲ ਸਰਕਾਰ ਬਣਾਉਣ ਦਾ ਰਾਹ ਸਾਫ ਹੋ ਜਾਵੇਗਾ, ਪਰ ਇਸ ਮੁਲਾਕਾਤ ਨਾਲਮਾਮਲਾ ਹੋਰ ਉਲਿਝਆ ਪਿਆ ਹੈ। ਓਧਰ ਸ਼ਿਵ ਸੈਨਾ ਸਮੇਤ ਸਭ ਪਾਰਟੀਆਂ ਦੇ ਨਵੇਂ ਵਿਧਾਇਕਾਂ ਦਾ ਸਬਰ ਟੁੱਟ ਰਿਹਾ ਹੈ ਤੇ ਜੇ ਛੇਤੀ ਸਰਕਾਰ ਨਾ ਬਣੀ ਤਾਂ ਨਿਰਾਸ਼ਾ ਵਧ ਸਕਦੀ ਹੈ।

# ਦੋ ਵਿਦੇਸ਼ੀ ਪ੍ਰੋਫੈਸਰਾਂ ਬਦਲੇ ਅਫ਼ਗਾਨਿਸਤਾਨ ਸਰਕਾਰ ਵੱਲੋਂ ਤਿੰਨ ਅੱਤਵਾਦੀ ਰਿਹਾਅ

*** ਹੱਕਾਨੀ ਨੈੱਟਵਰਕ ਦਾ ਦਾਬਾ ਸਿਰ ਚੜ੍ਹ ਕੇ ਬੋਲਿਆ**

ਕਾਬੁਲ, 19 ਨਵੰਬਰ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੀ ਸਰਕਾਰ ਨੇ ਹੱਕਾਨੀ ਨੈੱਟਵਰਕ ਦੇ ਤਿੰਨ ਅੱਤਵਾਦੀਆਂ ਨੂੰ ਅੱਜ ਛੱਡ ਦਿੱਤਾ ਹੈ। ਇਹ ਕਾਰਵਾਈ ਅਗਸਤ 2016 ਵਿੱਚ ਅਗਵਾ ਕੀਤੇ ਗਏ ਅਮਰੀਕਾ ਦੇ ਪ੍ਰੋਫੈਸਰ ਕੇਵਿਨ ਕਿੰਗ (63) ਅਤੇ ਆਸਟ੍ਰੇਲੀਆ ਦੇ ਪ੍ਰੋਫੈਸਰ ਟਿਮੋਥੀ ਵੀਕਸ (50) ਦੀ ਸੁਰੱਖਿਅਤ ਰਿਹਾਈ ਲਈ ਕੀਤੀ ਗਈ ਹੈ। ਛੱਡੇ ਗਏ ਅੱਤਵਾਦੀਆਂ ਵਿੱਚ ਅਨਾਸ ਹੱਕਾਨੀ, ਹਾਜੀ ਮਾਲੀ ਖ਼ਾਨ ਅਤੇ ਹਾਫਿਜ਼ ਰਸ਼ੀਦ ਸ਼ਾਮਲ ਹਨ।

'ਟੋਲੋ ਨਿਊਜ਼' ਏਜੰਸੀ ਦੇ ਮੁਤਾਬਕ ਅੱਤਵਾਦੀਆਂ ਦੀ ਇਹ ਰਿਹਾਈ ਰਾਸ਼ਟਰਪਤੀ ਅਸ਼ਰਫ ਗਨੀ ਨੇ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਅਤੇ ਕੌਮੀ ਸੁਰੱਖਿਆ ਸਲਾਹਕਾਰ ਰਾਬਰਟ ਬ੍ਰਾਇਨ ਨਾਲ ਫੋਨ ਉੱਤੇਗੱਲ ਕਰਨ ਪਿੱਛੋਂ ਕੀਤੀ ਹੈ। ਅਫਗਾਨਿਸਤਾਨ ਦੇ ਰਾਸ਼ਟਰਪਤੀ ਪੈਲੇਸ ਵੱਲੋਂਆਏ ਬਿਆਨਮੁਤਾਬਕ ਅਮਰੀਕਾ ਦੇ ਅਧਿਕਾਰੀਆਂ ਨੇ ਇਨ੍ਹਾਂ ਅੱਤਵਾਦੀਆਂ ਦੀ ਰਿਹਾਈ ਮੌਕੇ ਕਿਹਾ ਹੈ ਕਿ ਅਮਰੀਕਾ ਹਮੇਸ਼ਾ ਅਫ਼ਗਾਨਿਸਤਾਨ ਦੀ ਮਦਦ ਕਰਦਾ ਰਹੇਗਾ।

ਵਰਨਣ ਯੋਗ ਹੈ ਕਿ ਹੱਕਾਨੀ ਨੈੱਟਵਰਕ ਦੇ ਤਿੰਨ ਅੱਤਵਾਦੀਆਂ ਨੂੰ ਛੱਡਣ ਦਾ ਐਲਾਨ ਰਾਸ਼ਟਰਪਤੀ ਗਨੀ ਨੇ 12 ਨਵੰਬਰ ਨੂੰ ਕੀਤਾ ਸੀ, ਪ੍ਰੰਤੂ ਇਹ ਨਹੀਂ ਸੀ ਦੱਸਿਆ ਕਿ ਛੱਡ ਦਿੱਤਾ ਜਾਂ ਛੱਡਣਾ ਹੈ। ਅਗਵਾ ਕੀਤੇ ਦੋਵੇਂ ਪ੍ਰੋਫੈਸਰ ਕਾਬੁਲ ਦੀ ਅਮਰੀਕਨ ਯੂਨੀਵਰਸਿਟੀ ਆਫ ਅਫ਼ਗਾਨਿਸਤਾਨ ਵਿੱਚ ਕੰਮ ਕਰਦੇ ਸਨ। ਛੱਡਿਆ ਗਿਆ ਅਨਾਸ ਹੱਕਾਨੀ ਅਸਲ ਵਿੱਚ ਅੱਤਵਾਦੀਆਂ ਦੇ ਹੱਕਾਨੀ ਨੈੱਟਵਰਕ



ਦੇ ਸਾਬਕਾ ਆਗੂ ਜਲਾਲੁਦੀਨ ਹੱਕਾਨੀ ਦਾ ਪੁੱਤਰ ਹੈ। ਹੱਕਾਨੀ ਨੈੱਟਵਰਕ ਤਾਲਿਬਾਨ ਨਾਲ ਜੁੜ ਕੇ ਅਫ਼ਗਾਨਿਸਤਾਨ ਦੇ ਪੂਰਬੀ ਰਾਜਾਂ ਵਿਚ ਸਰਗਰਮ ਹੈ ਅਤੇ ਕਾਬੁਲ ਵਿੱਚ ਕਈ ਵੱਡੇ ਅੱਤਵਾਦੀ ਹਮਲਿਆਂ ਵਿੱਚ ਸ਼ਾਮਲ ਰਿਹਾ ਹੈ। ਅਮਰੀਕਾ ਨੇ ਇਸਨੈੱਟਵਰਕ ਨੂੰ 2012 ਵਿੱਚ ਅੱਤਵਾਦੀ ਗਰੁੱਪ ਐਲਾਨਿਆ ਸੀ।

# ਹਾਂਗ ਕਾਂਗ ਵਿੱਚ ਹਿੰਸਾ: ਅਮਰੀਕਾ ਵੱਲੋਂ ਚੀਨ ਨੂੰ ਸਮਝਾਉਣੀ ਬਹਾਨੇ ਦਖਲ ਦੀ ਸ਼ੁਰੂਆਤ

ਵਾਸ਼ਿੰਗਟਨ, 19 ਨਵੰਬਰ, (ਪੋਸਟ ਬਿਊਰੋ)- ਹਾਂਗ ਕਾਂਗ ਵਿੱਚ ਰਾਜਨੀਤਕ ਗੜਬੜਦੌਰਾਨ ਅਮਰੀਕਾ ਨੇ ਇਕ ਵਾਰ ਫਿਰ ਕਿਹਾ ਹੈ ਕਿ ਚੀਨ ਨੂੰ ਆਪਣੇ ਆਜ਼ਾਦੀ ਦੇ ਵਾਅਦੇ ਨੂੰ ਨਿਭਾਉਣਾ ਚਾਹੀਦਾ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਕਿ ਅਮਰੀਕਾ ਹਾਂਗ ਕਾਂਗ ਵਿੱਚ ਰਾਜਨੀਤਕ ਗੜਬੜ ਤੇ ਹਿੰਸਾ ਦੇ ਕਾਰਨ ਚਿੰਤਾ ਵਿੱਚ ਹੈ, ਜਿਸ ਵਿੱਚ ਪ੍ਰਦਰਸ਼ਨਕਾਰੀ ਲੋਕਾਂ ਅਤੇ ਪੁਲਸ ਵਿਚਕਾਰ ਹੋ ਰਿਹਾ ਵਿਰੋਧ ਵਧਦਾ ਜਾ ਰਿਹਾ ਹੈ।

ਅਮਰੀਕਾ ਨੇ ਇਹ ਪ੍ਰਤੀਕਰਮ ਓਦੋਂ ਦਿੱਤਾ ਹੈ, ਜਦ ਚੀਨ ਨੇ ਪ੍ਰਦਰਸ਼ਨਕਾਰੀ ਲੋਕਾਂ ਨੂੰ ਸੁਚੇਤ ਕਰ ਕੇਹਾਂਗ ਕਾਂਗ ਦੇ ਪੁਲਸ ਮੁਖੀ ਨੂੰ ਬਦਲ ਦਿੱਤਾ ਹੈ। ਹਾਂਗ ਕਾਂਗ ਦੇਅੰਦੋਲਨ ਵਿੱਚਅੱਜ ਤਕ 58 ਲੋਕਾਂ ਦੀ ਮੌਤ ਹੋ ਚੁੱਕੀ ਹੈ।ਅਮਰੀਕਾ ਨੇ ਕਿਹਾ ਹੈ ਕਿ ਚੀਨੀ ਕਮਿਊਨਿਸਟ ਪਾਰਟੀ ਨੂੰ ਹਾਂਗ ਕਾਂਗ ਨਾਲ ਕੀਤੇ ਗਏ ਵਾਅਦੇ ਦਾ ਸਨਮਾਨ ਕਰਨਾ ਚਾਹੀਦਾ ਹੈ,ਹਾਂਗ ਕਾਂਗ ਦੇ ਨਾਗਰਿਕ ਆਜ਼ਾਦੀਚਾਹੁੰਦੇ ਹਨ, ਜਿਸ ਦਾ ਵਾਅਦਾ ਯੂ ਐੱਨ ਵੱਲੋਂ ਕਰਵਾਏ ਚੀਨ-ਬ੍ਰਿਟਿਸ਼ ਸਾਂਝੇ ਐਲਾਨ ਵਿੱਚ ਕੀਤਾ ਗਿਆ ਸੌ। ਪੌਂਪੀਓ ਨੇ ਕਿਹਾ ਕਿ ਹਾਂਗ ਕਾਂਗ ਸਰਕਾਰ ਨੂੰ ਰਾਜਸੀ ਗੜਬੜ ਨੂੰ ਕਾਨੂੰਨੀ ਪ੍ਰਬੰਧਾਂ ਨਾਲ ਰੋਕਣਾ ਚਾਹੀਦਾ ਹੈ, ਪਰਲੋਕਾਂ ਦੀਆਂ ਚਿੰਤਾਵਾਂ ਦਾ ਧਿਆਨਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਾਂਗ ਕਾਂਗ ਦੀ ਮੁੱਖ ਅਧਿਕਾਰੀ ਕੈਰੀ ਲਾਮ ਨੂੰ ਪੁਲਸ ਸ਼ਿਕਾਇਤਾਂ ਦੀ ਜਾਂਚ ਇਕ ਆਜ਼ਾਦ ਏਜੰਸੀ ਤੋਂ ਕਰਾਉਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਕਰੀਬ ਇਕ ਹਫਤੇਤੋਂ ਯੂਨੀਵਰਸਿਟੀ ਉੱਤੇ ਕਬਜ਼ਾ ਕਰਕੇ ਬੈਠੇ ਅੰਦੋਲਨਕਾਰੀਆਂ ਖਿਲਾਫ ਐਤਵਾਰ ਰਾਤ ਪੁਲਸ ਨੇ ਸਖਤ ਕਾਰਵਾਈ ਕੀਤੀ ਤਾਂ ਅੱਗੋਂ ਅੰਦੋਲਨਕਾਰੀਆਂ ਨੇ ਪੈਟਰੋਲ ਬੰਬਾਂ ਅਤੇ ਪੱਥਰਾਂ ਨਾਲ ਪੁਲਸ ਉੱਤੇ ਹਮਲਾ ਕੀਤਾ ਸੀ। ਪੁਲਸ ਨੇ ਹੰਝੂ ਗੈਸ, ਕੈਮੀਕਲ ਤੇ ਰਬੜ ਬੁਲੇਟ ਦੀ ਵਰਤੋਂਕੀਤੀ ਸੀ।ਇਸ ਝੜਪ ਵਿੱਚ 38 ਲੋਕ ਜ਼ਖਮੀ ਹੋਏ ਤੇ ਪੁਲਸ ਨੇ ਇਸ ਮੌਕੇ 154 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਯੂਨੀਵਰਸਿਟੀ ਕੰਪਲੈਕਸ ਤੋਂ ਚੀਨ ਦਾ ਫੌਜੀ ਅੱਡਾ ਬਹੁਤ ਨੇੜੇ ਹੈ, ਇਸ ਲਈ ਚੀਨ ਦੀ ਫੌਜ ਹਾਲਾਤ ਉੱਤੇ ਤਿੱਖੀ ਨਜ਼ਰ ਰੱਖ ਰਹੀ ਹੈ।

# ਪਾਕਿਸਤਾਨ ਵਿੱਚ ਭਾਰਤੀ ਟੈਨਿਸ ਟੀਮ ਨੂੰ ਨਹੀਂ ਖੇਡਣਾ ਪਵੇਗਾ



*** ਆਈ ਟੀ ਐੱਫ ਵੱਲੋਂ ਪਾਕਿ ਦੀ ਅਪੀਲ ਰੱਦ**
*** ਭਾਰਤ-ਪਾਕਿ ਮੁਕਾਬਲੇ ਨੂਰ ਸੁਲਤਾਨ ਵਿੱਚ ਹੋਣਗੇ**


ਨਵੀਂ ਦਿੱਲੀ, 19 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਖ਼ਿਲਾਫ਼ ਡੇਵਿਸ ਕੱਪ ਮੁਕਾਬਲਾ ਖੇਡਣ ਲਈਭਾਰਤ ਦੀ ਟੀਮਪਾਕਿਸਤਾਨ ਜਾਣ ਦੀ ਥਾਂ ਕਜ਼ਾਖਸਤਾਨ ਦੀ ਰਾਜਧਾਨੀ ਨੂਰ ਸੁਲਤਾਨ ਜਾਵੇਗੀ। ਇਸ ਬਾਰੇ ਅੰਤਰਰਾਸ਼ਟਰੀ ਟੈਨਿਸ ਫੈਡਰੇਸ਼ਨ (ਆਈ ਟੀ ਐੱਫ) ਨੇ ਪਾਕਿਸਤਾਨ ਦੀ ਅਪੀਲ ਰੱਦ ਕਰ ਕੇ ਕਜ਼ਾਖਸਤਾਨ ਦੀ ਰਾਜਧਾਨੀ ਨੂੰ ਇਹ ਮੁਕਾਬਲੇ ਕਰਵਾਏ ਜਾਣ ਦੇ ਲਈ ਮੇਜ਼ਬਾਨੀ ਦੀ ਜ਼ਿਮੇਵਾਰੀ ਸੌਂਪ ਦਿੱਤੀ ਹੈ।

ਵਰਨਣ ਯੋਗ ਹੈ ਕਿ ਪਾਕਿਸਤਾਨ ਟੈਨਿਸ ਫੈਡਰੇਸ਼ਨ(ਪੀ ਟੀ ਐੱਫ) ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕੀਤੀ ਅਤੇ ਕਿਹਾ ਸੀ ਕਿ ਜੇ ਭਾਰਤ ਦੇ ਤੀਰਥ ਯਾਤਰੀ ਬਿਨਾਂ ਸੁਰੱਖਿਆ ਖ਼ਤਰੇ ਤੋਂ ਪਾਕਿਸਤਾਨ ਘੁੰਮ ਸਕਦੇ ਹਨ ਤਾਂ ਭਾਰਤੀ ਟੈਨਿਸ ਟੀਮ ਉਸ ਦੇਸ਼ ਦੀ ਰਾਜਧਾਨੀ ਇਸਲਾਮਾਬਾਦ ਵਿਚ ਮੈਚ ਕਿਉਂਨਹੀਂ ਖੇਡ ਸਕਦੀ।ਆਈ ਟੀ ਐੱਫ ਦੇ ਸੁਤੰਤਰ ਕੋਰਟ ਨੇ ਚਾਰ ਨਵੰਬਰ ਨੂੰ ਡੇਵਿਸ ਕੱਪ ਕਮੇਟੀ ਵੱਲੋਂਲਏ ਫ਼ੈਸਲੇ ਉੱਤੇ ਮੋਹਰ ਲਾਈ ਕਿ ਇਹ ਮੁਕਾਬਲਾ ਨਿਰਪੱਖ ਥਾਂ ਉੱਤੇਹੀ ਖੇਡਿਆ ਜਾਣਾ ਚਾਹੀਦਾ ਹੈ। ਆਈ ਟੀ ਐੱਫ ਨੇ ਕਿਹਾ ਕਿ ਪੀ ਟੀ ਐੱਫ ਨੇ ਇਸਲਾਮਾਬਾਦ ਤੋਂ ਮੈਚ ਬਦਲਣ ਲਈ ਡੇਵਿਸ ਕੱਪ ਕਮੇਟੀ ਦੇ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕੀਤੀ ਸੀ ਅਤੇ ਸੁਤੰਤਰ ਕੋਰਟ ਨੇ 18 ਨਵੰਬਰ ਨੂੰ ਇਹ ਅਪੀਲ ਰੱਦ ਕਰ ਦਿੱਤੀ ਹੈ। ਪੀ ਟੀ ਐੱਫ ਨੇ ਕਿਸੇ ਨਿਰਪੱਖ ਥਾਂ ਦਾ ਨਾਂ ਨਹੀਂਦੱਸਿਆ ਸੀ, ਇਸ ਲਈ ਡੇਵਿਸ ਕੱਪ ਦੇ ਨਿਯਮਾਂ ਹੇਠ ਡੇਵਿਸ ਕੱਪ ਕਮੇਟੀ ਨੇ ਨੂਰ ਸੁਲਤਾਨ ਨੂੰ ਮੇਜ਼ਬਾਨ ਸ਼ਹਿਰ ਵਜੋਂ ਚੁਣਿਆ ਹੈ, ਜਿੱਥੇ 29 ਤੋਂ 30 ਨਵੰਬਰ ਨੂੰ ਇਹ ਮੁਕਾਬਲਾ ਹੋਵੇਗਾ ਅਤੇ ਸਾਰੇ ਮੈਚ ਇਨਡੋਰ ਕੋਰਟ ਉੱਤੇ ਖੇਡੇ ਜਾਣਗੇ, ਕਿਉਂਕਿ ਉਸ ਸਮੇਂ ਉਥੇ ਠੰਢ ਹੋਵੇਗੀ।







**ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰੀ ਸਮਾਗਮ**

# ਪ੍ਰੋ. ਰਾਮ ਸਿੰਘ ਨੇ ਦਿੱਤਾ ਪੰਜਾਬੀ ਸਾਹਿਤ ਆਲੋਚਨਾ ਬਾਰੇ ਭਾਸ਼ਣ

## ਕਾਵਿ-ਪੁਸਤਕ 'ਸੁੱਚੇ ਬੋਲ ਮੁਹੱਬਤ ਦੇ' ਲੋਕ-ਅਰਪਿਤ ਹੋਈ ਤੇ ਕਵੀ-ਦਰਬਾਰ ਹੋਇਆ








ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 17 ਨਵੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗ਼ਮ ਵਿਚ ਉੱਘੇ ਵਿਦਵਾਨ ਪ੍ਰੋ. ਰਾਮ ਸਿੰਘ ਵੱਲੋਂ 'ਪੰਜਾਬੀ ਸਾਹਿਤ ਆਲੋਚਨਾ' ਉੱਪਰ ਵਿਸ਼ੇਸ਼ ਭਾਸ਼ਨ ਦਿੱਤਾ ਗਿਆ ਜਿਸ ਨੂੰ ਸਰੋਤਿਆ ਨੇ ਸਾਰ ਰੋਕ ਕੇ ਸੁਣਿਆ। ਸੁਖਜੀਤ ਆਹਲੂਵਾਲੀਆ ਦੀ ਪਲੇਠੀ ਕਾਵਿ-ਪੁਸਤਕ 'ਸੁੱਚੇ ਬੋਲ ਮੁਹੱਬਤ ਦੇ' ਲੋਕ-ਅਰਪਿਤ ਕੀਤੀ ਗਈ ਅਤੇ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਪੁਰਬ ਨੂੰ ਸਮੱਰਪਿਤ ਕਵੀ-ਦਰਬਾਰ ਹੋਇਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਪ੍ਰੋ. ਰਾਮ ਸਿੰਘ ਦੇ ਨਾਲ ਪੁਸਤਕ ਲੇਖਕ ਸੁਖਜੀਤ ਆਹਲੂਵਾਲੀਆ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ।

ਸਮਾਗ਼ਮ ਦੀ ਸ਼ੁਰੂਆਤ ਪਰਮਜੀਤ ਗਿੱਲ ਦੀ ਸੁਰੀਲੀ ਆਵਾਜ਼ ਵਿਚ ਗਾਏ ਗਏ ਗੀਤ 'ਬਣ ਜਾਏ ਜ਼ਿੰਦਗੀ ਦਾ ਇਹ ਦਸਤੂਰ ਨਾਨਕ' ਨਾਲ ਕੀਤੀ ਗਈ। ਉਪਰੰਤ, ਮਲੂਕ ਸਿੰਘ ਕਾਹਲੋਂ ਵੱਲੋਂ ਕਹੇ ਗਏ ਸੁਆਗ਼ਤੀ-ਸ਼ਬਦਾਂ ਅਤੋਂ ਹਰਜਸਪ੍ਰੀਤ ਗਿੱਲ ਵੱਲੋਂ ਸੁਖਜੀਤ ਆਹਲੂਵਾਲੀਆ ਦੀ ਪਲੇਠੀ ਕਾਵਿ-ਪੁਸਤਕ 'ਸੁੱਚੇ ਬੋਲ ਮੁਹੱਬਤ ਬਾਰੇ ਮੁੱਢਲੀ ਜਾਣਕਾਰੀ ਦੇਣ ਤੋਂ ਬਾਅਦ ਇਹ ਪੁਸਤਕ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਅਤੇ ਮਹਿਮਾਨਾਂ ਦੀ ਹਾਜ਼ਰੀ ਵਿਚ ਲੋਕ-ਅਰਪਿਤ ਕੀਤੀ ਗਈ। ਮੈਡਮ ਸੁਖਜੀਤ ਕੌਰ ਨੇ ਆਪਣੇ ਤੇ ਆਪਣੀਆਂ ਕਵਿਤਾਵਾਂ ਬਾਰੇ ਦੱਸਦਿਆ ਕਿਹਾ ਕਿ ਉਨ੍ਹਾਂ ਨੇ ਕਵਿਤਾ ਕਾਫ਼ੀ ਦੇਰ ਬਾਅਦ ਲਿਖਣੀ ਸ਼ੁਰੂ ਕੀਤੀ ਅਤੇ ਉਹ ਆਪਣੀਆਂ ਕਵਿਤਾਵਾਂ ਨੂੰ ਸਜਾ-ਸੰਵਾਰ ਕੇ ਫੇਸਬੁੱਕ 'ਤੇ ਪਾਉਂਦੇ ਰਹੇ। ਫੇਸਬੁੱਕ ਪਾਠਕਾਂ ਵੱਲੋਂ ਮਿਲੇ ਚੰਗੇ ਹੁੰਗਾਰੇ ਨਾਲ ਉਨ੍ਹਾਂ ਨੂੰ ਹੋਰ ਕਵਿਤਾਵਾਂ ਲਿਖਣ ਦਾ ਉਤਸ਼ਾਹ ਮਿਲਿਆ ਅਤੇ ਇਸ ਦੇ ਨਤੀਜੇ ਵਜੋਂ ਉਨ੍ਹਾਂ ਦੀ ਇਹ ਪੁਸਤਕ ਹੋਂਦ ਵਿਚ ਆਈ। ਆਪਣੇ ਨੌਜੁਆਨ ਸਪੁੱਤਰ ਤਨਵੀਰ ਦੇ ਅਚਾਨਕ ਅਕਾਲ-ਚਲਾਣੇ ਤੋਂ ਬਾਅਦ ਉਨ੍ਹਾਂ ਨੇ ਕਈ ਦਰਦ ਭਰੀਆਂ ਕਵਿਤਾਵਾਂ ਵੀ ਲਿਖੀਆਂ ਜਿਨ੍ਹਾਂ ਵਿੱਚੋਂ ਕੁਝ ਇਸ ਪੁਸਤਕ ਵਿਚ ਸ਼ਾਮਲ ਕੀਤੀਆਂ ਗਈਆਂ ਹਨ।

ਸਮਾਗ਼ਮ ਦੇ ਦੂਸਰੇ ਅਹਿਮ ਭਾਗ ਵਿਚ ਪ੍ਰੋ. ਰਾਮ ਸਿੰਘ ਨੇ ਆਪਣਾ ਭਾਸ਼ਨ ਸ਼ੁਰੂ ਕਰਦਿਆਂ ਕਿਹਾ ਕਿ ਪੰਜਾਬੀ ਵਿਚ ਸਾਹਿਤ ਆਲੋਚਨਾ ਵੀਹਵੀਂ ਸਦੀ ਦੀ ਦੇਣ ਹੈ ਕਿਉਂਕਿ 19'ਵੀਂ ਸਦੀ ਵਿਚ ਪੰਜਾਬੀ ਸਾਹਿਤ ਹੀ ਨਹੀਂ ਸੀ ਅਤੇ ਇਸ ਦੀ ਆਲੋਚਨਾ ਤਾਂ ਬੜੇ ਦੂਰ ਦੀ ਗੱਲ ਸੀ। ਪੰਜਾਬੀ ਸਾਹਿਤ ਦੇ ਮੁੱਢਲੇ ਆਲੋਚਕਾਂ ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ ਅਤੇ ਡਾ. ਮੋਹਨ ਸਿੰਘ ਦੀਵਾਨਾ ਦਾ ਜਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਪੰਜਾਬੀ ਆਲੋਚਨਾ ਦਾ ਮੁੱਢ ਬੱਧਾ ਅਤੇ ਬਾਬਾ ਫ਼ਰੀਦ ਤੋਂ ਲੈ ਕੇ 20.ਵੀਂ ਸਦੀ ਦੇ ਮੁੱਢਲੇ ਲੇਖਕਾਂ ਦੀਆਂ ਰਚਨਾਵਾਂ ਦਾ ਮੁਲਾਂਕਣ ਕੀਤਾ। ਡਾ. ਮੋਹਨ ਸਿੰਘ ਦੀਵਾਨਾ ਦੀ ਪੁਸਤਕ 'ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਬੇਸ਼ਕ ਇਹ ਪੁਸਤਕ ਅੰਗਰੇਜ਼ੀ ਵਿਚ ਸੀ ਪਰ ਇਸ ਵਿਚ ਪੰਜਾਬੀ ਪੁਸਤਕਾਂ ਬਾਰੇ ਵਿਸਥਾਰ-ਪੂਰਵਕ ਟਿੱਪਣੀਆਂ ਕੀਤੀਆਂ ਗਈਆਂ ਸਨ। ਪ੍ਰੋ. ਸੰਤ ਸਿੰਘ ਸੇਖੋਂ ਦੀ ਆਲੋਚ-ਨਾ ਦੀ ਪਹਿਲੀ ਪੁਸਤਕ 'ਸਾਹਿਤਿਆਰਥ' ਸੀ ਜਿਸ ਵਿਚ ਪੰਜਾਬੀ ਰਚਨਾਵਾਂ ਨੂੰ ਮਾਰਕਸਵਾਦੀ ਸਿਧਾਂਤਾਂ ਅਨੁਸਾਰ ਪਰਖਿਆ ਤੇ ਪੜਚੋਲਿਆ ਗਿਆ।

ਇਸ ਦੌਰਾਨ ਪ੍ਰੋ. ਰਾਮ ਸਿੰਘ ਨੇ ਦੱਸਿਆ ਕਿ ਪ੍ਰੋ. ਕਿਸ਼ਨ ਸਿੰਘ ਨੇ ਆਪਣੀਆਂ ਪੁਸਤਕਾਂ ਵਿਚ 'ਮਕੈਨੀਕਲ ਮਾਰਕਸਿਜ਼ਮ' (Mechanical Maxism) ਦੀ ਬਜਾਏ 'ਡਾਇਨਾਮਿਕ ਮਾਰਕਸਿਜ਼ਮ' (Dynamic Marxcim) ਅਤੇ ਅਗਾਂਹ-ਵਧੂ (Progressive) ਵਿਚਾਰਧਾਰਾ ਦੀ ਗੱਲ ਕੀਤੀ ਜਿਸ ਨਾਲ ਪ੍ਰੋ. ਸੇਖੋਂ ਦੀਆਂ ਪੰਜਾਬੀ ਆਲੋਚਨਾ ਬਾਰੇ ਧਾਰਨਾਵਾਂ ਸੈਕੰਡਰੀ ਹੋ ਗਈਆਂ। 'ਮੁੱਖ-ਬੰਦੀ ਆਲੋਚਨਾ' ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰੋ. ਟੀ. ਆਰ. ਵਿਨੋਦ ਨੇ ਪ੍ਰੋ. ਸੰਤ ਸਿੰਘ ਵੱਲੋਂ ਲਿਖੇ ਪੰਜਾਬੀ ਕਹਾਣੀਆਂ ਦੀਆਂ ਪੁਸਤਕਾਂ ਦੇ ਮੁੱਖ-ਬੰਦਾਂ ਦੀ ਸੰਪਾਦਨਾ ਕਰਕੇ ਇਕ ਖ਼ੂਬਸੂਰਤ ਆਲੋਚਨਾਤਮਿਕ ਪੁਸਤਕ ਤਿਆਰ ਕੀਤੀ ਜਿਸ ਵਿਚ ਪੰਜਾਬੀ ਆਲੋਚਨਾਂ ਬਾਰੇ ਪ੍ਰੋ. ਸੇਖੋਂ ਬਹੁ-ਮੁੱਲੀਆਂ ਟਿੱਪਣੀਆਂ ਦਰਜ ਹਨ। ਇਸ ਦੇ ਨਾਲ ਹੀ 'ਸੱਤਰਵਿਆਂ' ਵਿਚ ਲਿੰਗੁਇਸਟਿਕਸ ਦੇ ਮਾਹਿਰ ਡਾ. ਹਰਜੀਤ ਸਿੰਘ ਗਿੱਲ ਵੱਲੋਂ ਭਾਸ਼ਾ, ਫਿਲਾਸਫ਼ੀ, ਸਮਾਜਿਕ-ਵਰਤਾਰੇ (ਸੋਸ਼ਿਆਲੋਜੀ) ਅਤੇ ਸੱਭਿਆਚਾਰ ਨੂੰ ਇਕੱਠੇ ਵੇਖਦਿਆਂ ਹੋਇਆਂ ਪੰਜਾਬੀ ਅਲੋਚਨਾ ਦੇ ਕੁਝ ਆਧਾਰ ਦਿੱਤੇ ਗਏ ਜਿਨ੍ਹਾਂ ਨਾਲ ਅਜੋਕੀ ਪੰਜਾਬੀ ਆਲੋਚਨਾ ਵਿਚ ਨਵਾਂ ਮੋੜ ਆਇਆ। ਪ੍ਰੋ ਰਾਮ ਸਿੰਘ ਨੇ ਕਿਹਾ ਕਿ ਪੰਜਾਬੀ ਆਲੋਚਨਾ ਦਾ ਭਵਿੱਖ ਉੱਜਲਾ ਹੈ ਅਤੇ ਅਜੋਕੇ ਸਮੇਂ ਵਿਚ ਬਹੁਤ ਸਾਰੇ ਆਲੋਚਕ ਪੰਜਾਬੀ ਰਚਨਾਵਾਂ ਦੀ ਬਹੁਤ ਵਧੀਆ ਆਲੋਚਨਾ ਕਰ ਰਹੇ ਹਨ। ਉਨ੍ਹਾਂ ਦੇ ਭਾਸ਼ਨ ਬਾਰੇ ਗੁਰਦਿਆਲ ਬੱਲ ਤੇ ਬਲਦੇਵ ਦੂਹੜੇ ਵੱਲੋਂ ਕੁਝ ਸੁਆਲ ਉਠਾਏ ਗਏ ਜਿਨ੍ਹਾਂ ਦੇ ਜੁਆਬ ਪ੍ਰੋ. ਰਾਮ ਸਿੰਘ ਵੱਲੋਂ ਤਸੱਲੀ-ਪੂਰਵਕ ਦਿੱਤੇ ਗਏ।

ਸਮਾਗ਼ਮ ਦੇ ਤੀਸਰੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਪੁਰਬ ਨੂੰ ਸਮੱਰਪਿਤ ਕਵੀ-ਦਰਬਾਰ ਕਰਵਾਇਆ ਗਿਆ ਜਿਸ ਵਿਚ ਪੰਜਾਬ ਸਿੰਘ ਕਾਹਲੋਂ, ਸਤਨਾਮ ਕੌਰ, ਗੁਰਨਾਮ ਗਾਮੀ, ਪ੍ਰੀਤਮ ਧੰਜਲ, ਸੁਖਦੇਵ ਝੰਡ, ਤਲਵਿੰਦਰ ਮੰਡ, ਮਲੂਕ ਕਾਹਲੋਂ, ਪਾਕਿਸਤਾਨੀ ਸ਼ਾਇਰਾ ਸ਼ਾਇਨਾ, ਸੁਖਜੀਤ ਆਹਲੂਵਾਲੀਆ, ਰਮਿੰਦਰ ਵਾਲੀਆ, ਪ੍ਰਿੰ. ਸੰਜੀਵ ਧਵਨ, ਪਰਮਜੀਤ ਢਿੱਲੋਂ ਤੇ ਹੋਰਨਾਂ ਨੇ ਆਪਣੀਆਂ ਕਵਿਤਾਵਾਂ ਤੇ ਗੀਤ ਸਰੋਤਿਆਂ ਨਾਲ ਸਾਂਝੇ ਕੀਤੇ। ਇਸ ਦਿਨ ਬਰੈਂਪਟਨ ਵਿਚ ਹੋ ਰਹੇ ਹੋਰ ਦੋ-ਤਿੰਨ ਸਮਾਗ਼ਮਾਂ ਦੇ ਬਾਵਜੂਦ ਸਭਾ ਦੇ ਇਸ ਮਹੀਨਾਵਾਰ ਸਮਾਗ਼ਮ ਵਿਚ ਸਰੋਤਿਆਂ ਦੀ ਭਰਪੂਰ ਹਾਜ਼ਰੀ ਰਹੀ।

# 'ਸਮਕਾਲੀ ਦੌਰ ਵਿਚ ਗੁਰੂ ਨਾਨਕ ਬਾਣੀ ਅਤੇ ਫ਼ਲਸਫ਼ੇ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਸੈਮੀਨਾਰ 23 ਨਵੰਬਰ ਨੂੰ

***ਸੈਮੀਨਾਰ ਦੀ ਪ੍ਰਧਾਨਗੀ ਪ੍ਰਸਿੱਧ ਲੇਖਕ ਡਾ. ਵਰਿਆਮ ਸੰਧੂ ਕਰਨਗੇ * ਕਵੀ-ਦਰਬਾਰ ਵਿਚ ਮਨਜੀਤ ਇੰਦਰਾ ਤੇ ਰਵਿੰਦਰ ਸਹਿਰਾ ਵੀ ਸ਼ਾਮਿਲ ਹੋਣਗੇ**

ਬਰੈਂਪਟਨ, (ਡਾ. ਝੰਡ) -ਵਿਸ਼ਵ ਪੰਜਾਬੀ ਕਾਨਫਰੰਸ (ਰਜਿ.) ਟੋਰਾਂਟੋ ਵੱਲੋਂ 23 ਨਵੰਬਰ ਦਿਨ ਸ਼ਨੀਵਾਰ ਨੂੰ ਇਕ-ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਸ ਸਮਾਰੋਹ ਦੇ ਤਿੰਨ ਭਾਗ ਹੋਣਗੇ। ਪਹਿਲੇ ਭਾਗ ਵਿਚ 'ਸਮਕਾਲੀ ਦੌਰ ਵਿਚ ਗੁਰੂ ਨਾਨਕ ਬਾਣੀ ਅਤੇ ਫ਼ਲਸਫ਼ੇ' ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਵਿਦਵਾਨ ਆਪਣੇ ਖੋਜ-ਪੱਤਰ ਅਤੇ ਵਿਚਾਰ ਪੇਸ਼ ਕਰਨਗੇ। ਦੂਜੇ ਹਿੱਸੇ ਵਿਚ ਪੁਸਤਕ 'ਗੁਰੂ ਨਾਨਕ ਬਾਣੀ : ਚਿੰਤਨ, ਸਿਧਾਂਤ ਤੇ ਵਿਹਾਰ' ਲੋਕ-ਅਰਪਿਤ ਕੀਤੀ ਜਾਵੇਗੀ ਜਿਸ ਵਿਚ 23 ਤੇ 23 ਜੂਨ 2019 ਨੂੰ ਬਰੈਂਪਟਨ ਵਿਚ ਕਰਵਾਈ ਗਈ 'ਦੋ-ਦਿਨਾਂ ਵਿਸ਼ਵ ਪੰਜਾਬੀ ਕਾਨਫ਼ਰੰਸ' ਵਿਚ ਪੜ੍ਹੇ ਗਏ ਖੋਜ-ਪੱਤਰ ਤੇ ਪੇਸ਼ ਕੀਤੇ ਗਏ ਵਿਚਾਰ ਸੰਕਲਿਤ ਕਰਕੇ ਸੰਪਾਦਿਤ ਕੀਤੇ ਗਏ ਹਨ। ਸਮਾਰੋਹ ਦੇ ਤੀਜੇ ਹਿੱਸੇ ਵਿਚ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਉਤਸਵ ਨੂੰ ਸਮੱਰਪਿਤ ਕਵੀ-ਦਰਬਾਰ ਹੋਵੇਗਾ ਜਿਸ ਵਿਚ ਦੇਸ਼-ਵਿਦੇਸ਼ ਤੋਂ ਆਏ ਕਵੀ ਆਪਣੀਆਂ ਰਚਨਾਵਾਂ ਪੇਸ਼ ਕਰਗੇ।

ਇਸ ਸਮਾਰੋਹ ਦੀ ਪ੍ਰਧਾਨਗੀ ਪੰਜਾਬੀ ਦੇ ਪ੍ਰਸਿੱਧ ਲੇਖਕ ਅਤੇ ਵਿਦਵਾਨ ਡਾ. ਵਰਿਆਮ ਸਿੰਘ ਸੰਧੂ ਕਰਨਗੇ। ਮੁੱਖ-ਮਹਿਮਾਨ ਅਮਰੀਕਾ ਤੋਂ ਦਲਵੀਰ ਸਿੰਘ 'ਦਿਲ' ਨਿੱਝਰ ਹੋਣਗੇ। ਕੁੰਜੀਵਤ-ਭਾਸ਼ਣ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਵਾਨ ਡਾ. ਮੋਹਨ ਤਿਆਗੀ ਦਾ ਹੋਵੇਗਾ ਅਤੇ ਵਿਸੇਸ਼ ਮਹਿਮਾਨਾਂ ਵਿਚ ਡਾ. ਗੁਰਬਖ਼ਸ਼ ਭੰਡਾਲ (ਅਮਰੀਕਾ), ਡਾ. ਹਰੂਨ ਖ਼ਾਲਿਦ ਕਰਤਾ 'ਵਾਕਿੰਗ ਵਿਦ ਨਾਨਕ' (ਪਾਕਿਸਤਾਨ), ਡਾ. ਸੁਖਪਾਲ (ਕੈਨੇਡਾ) ਅਤੇ ਪ੍ਰੋ. ਚਰਨਜੀਤ ਕੌਰ (ਭਾਰਤ) ਸ਼ਾਮਲ ਹੋਣਗੇ। ਪ੍ਰਧਾਨਗੀ-ਮੰਡਲ ਵਿਚ ਕਾਨਫ਼ਰੰਸ ਦੇ ਚੇਅਰਪਰਸਨ ਗਿਆਨ ਸਿੰਘ ਕੰਗ, ਪ੍ਰਧਾਨ ਕਮਲਜੀਤ ਸਿੰਘ ਲਾਲੀ ਅਤੇ ਵਾਈਸ-ਪ੍ਰਧਾਨ ਕਵਿੱਤਰੀ ਤੇ ਕਹਾਣੀਕਾਰ ਸੁਰਜੀਤ ਕੌਰ ਸ਼ਾਮਲ ਹੋਣਗੇ। ਇਹ ਸਮਾਰੋਹ 'ਸ਼ਿੰਗਾਰ ਬੈਂਕੁਇਟ ਹਾਲ, 2084 ਸਟੀਲਜ਼ ਐਵੀਨਿਊ (ਈਸਟ) ਵਿਖੇ ਸਵੇਰੇ 9.00 ਵਜੇ ਤੋਂ ਬਾਅਦ ਦੁਪਹਿਰ 4.00 ਵਜੇ ਤੱਕ ਹੋਵੇਗਾ। ਮਿਥੇ ਹੋਏ ਪ੍ਰੋਗਰਾਮ ਅਨੁਸਾਰ ਸਵੇਰੇ 9.00 ਵਜੇ ਤੋਂ 9-45 ਵਜੇ ਤੱਕ ਨਾਸ਼ਤਾ ਹੋਵੇਗਾ ਅਤੇ ਬਾਅਦ ਦੁਪਹਿਰ 2.15 ਵਜੇ ਦੁਪਹਿਰ ਦਾ ਖਾਣਾ ਹੋਵੇਗਾ।

ਸੈਮੀਨਾਰ ਵਾਲੇ ਹਿੱਸੇ ਵਿਚ ਡਾ. ਡੀ. ਪੀ. ਸਿੰਘ, ਡਾ. ਗੁਰਨਾਮ ਕੌਰ, ਡਾ. ਸੁਖਦੇਵ ਸਿੰਘ ਝੰਡ, ਡਾ. ਹਰੂਨ ਖ਼ਾਲਿਦ, ਪਰਮ ਸਰਾਂ ਸਮੇਤ ਹੋਰ ਕਈ ਪ੍ਰਸਿੱਧ ਵਿਦਵਾਨ ਸ਼ਾਮਲ ਹੋਣਗੇ। ਕਵੀ-ਦਰਬਾਰ ਵਿਚ ਸ਼ਮੂਲੀਅਤ ਵਾਸਤੇ ਡਾ. ਮਨਜੀਤ ਇੰਦਰਾ ਭਾਰਤ ਤੋ ਅਤੇ ਰਵਿੰਦਰ ਸਹਿਰਾ ਅਮਰੀਕਾ ਤੋਂ ਪਹਿਲਾਂ ਹੀ ਪੁੱਜੇ ਹੋਏ ਹਨ। ਕਵੀ -ਦਰਬਾਰ ਦਾ ਸੰਚਾਲਨ ਸੁਰਜੀਤ ਕੌਰ ਕਰਨਗੇ ਅਤੇ ਉਦਘਾਟਨੀ-ਸਮਾਰੋਹ ਦਾ ਸੰਚਾਲਨ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਕੀਤਾ ਜਾਏਗਾ, ਜਦਕਿ ਤੀਸਰੇ ਸਮਾਰੋਹ ਦਾ ਸੰਚਾਲਨ ਡਾ. ਅਮਰਦੀਪ ਸਿੰਘ ਬਿੰਦਰਾ ਕਰਨਗੇ। ਗੁਰਮੀਤ ਪਨਾਗ, ਸਾਧੂ ਸਿੰਘ ਬਰਾੜ, ਜਗਮੋਹਨ ਕਿੰਗ, ਮੱਖਣ ਸਿੰਘ ਮਾਨ, ਗੁਰਿੰਦਰ ਸਿੰਘ ਖਹਿਰਾ, ਰਣਜੀਤ ਸਿੰਘ ਤੂਰ, ਮੋਹਨ ਸਿੰਘ, ਸੋਨੀਆ ਸ਼ਰਮਾ ਜਲੰਧਰੀ, ਪ੍ਰੀਤੀ ਲਾਂਬਾ, ਅਨੂਪ ਬਾਬਰਾ, ਸੁਖਦੇਵ ਢਿੱਲੋਂ, ਰਾਜਵਿੰਦਰ ਸਿੰਘ ਗਿੱਲ ਤੇ ਵਰਿੰਦਰ ਜੀਤ ਸਿੰਘ ਦੀ ਟੀਮ ਸਮੁੱਚੇ ਪ੍ਰਬੰਧਾਂ ਦੀ ਨਿਗਰਾਨੀ ਕਰੇਗੀ। ਮੀਡੀਆ-ਸਕੱਤਰ ਚਮਕੌਰ ਸਿੰਘ ਮਾਛੀਕੇ ਨੇ ਮੀਡੀਆ ਕਵਰੇਜ, ਫ਼ੋਟੋਗਰਾਫੀ ਅਤੇ ਵੀਡੀਓਗ੍ਰਾਫੀ ਦੀ ਜ਼ਿੰਮੇਵਾਰੀ ਪਹਿਲਾਂ ਹੀ ਸਾਂਭੀ ਹੋਈ ਹੈ। ਆਸ ਹੈ ਕਿ ਪੰਜਾਬੀ ਸਾਹਿਤ, ਸੱਭਿਆਚਾਰ, ਵਿਰਾਸਤ ਅਤੇ ਇਤਿਹਾਸ ਨੂੰ ਸਮਝਣ ਤੇ ਪ੍ਰਚਾਰਨ ਵਿਚ ਇਹ ਸਮਾਰੋਹ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਉਣ ਦੀ ਸੰਭਾਵਨਾ ਪੈਦਾ ਕਰੇਗਾ। ਇਸ ਲਈ ਸੱਭਨਾਂ ਨੂੰ ਇਸ ਵਿਚ ਸ਼ਮੂਲੀਅਤ ਕਰਨ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਸਮਾਰੋਹ ਸਬੰਧੀ ਵਧੇਰੇ ਜਾਣਕਾਰੀ ਵਾਸਤੇ ਚੇਅਰਪਰਸਨ ਗਿਅਨ ਸਿੰਘ ਕੰਗ (416-427-9068), ਪ੍ਰਧਾਨ ਕਮਲਜੀਤ ਸਿੰਘ ਲਾਲੀ ਕਿੰਗ (416-816-6663), ਵਾਈਸ ਪ੍ਰਧਾਨ ਸੁਰਜੀਤ ਕੌਰ (416-605-3784) ਜਾਂ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ (647-533-8297) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਚੈਰਿਟੀ ਫ਼ਾਂਊਂਡੇਸ਼ਨ ਟੋਰਾਂਟੋ ਵੱਲੋਂ ਕਰਵਾਏ ਗਏ ਸਲਾਨਾ ਪੰਜਾਬੀ ਲਿਖਾਈ ਮੁਕਾਬਲੇ



ਮਾਲਟਨ, (ਡਾ. ਝੰਡ) -'ਪੰਜਾਬੀ ਚੈਰਿਟੀ ਫ਼ਾਊਂਡੇਸ਼ਨ ਟੋਰਾਂਟੋ' ਵੱਲੋ ਵੱਖ-ਵੱਖ ਉਮਰ-ਵਰਗਾਂ ਦੇ ਸਲਾਨਾ ਪੰਜਾਬੀ ਲਿਖਾਈ ਮੁਕਾਬਲੇ ਲਿੰਕਨ ਐੱਮ. ਅਲੈਗਜ਼ੈਂਡਰ ਸਕੂਲ ਵਿਚ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ 80 ਪ੍ਰਤੀਯੋਗੀਆਂ ਨੇ ਲਿਆ। ਕਿਉਂਜੋ ਇਸ ਵਾਰ ਇਹ ਪੰਜਾਬੀ ਲਿਖਾਈ ਮੁਕਾਬਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550'ਵੇਂ 550.ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਸਨ, ਇਸ ਲਈ ਸਾਰੇ ਗਰੁੱਪਾਂ ਦੇ ਵਿਸ਼ੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਨਾਲ ਸਬੰਧਿਤ ਰੱਖੇ ਗਏ ਸਨ। ਬਾਲਗਾਂ ਤੇ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਆਪਣੇ ਵਿਚਾਰ ਦੱਸਣ ਲਈ ਕਿਹਾ ਗਿਆ, ਜਦਕਿ ਇਸ ਤੋਂ ਹੇਠਲੇ ਉਮਰ-ਵਰਗਾਂ ਲਈ ਵੱਖ-ਵੱਖ ਵਿਸ਼ੇ ਗੁਰੂ ਜੀ ਦੀਆਂ ਸਿੱਖਿਆਵਾਂ ਨਾਲ ਜੁੜੇ ਹੋਏ ਹਨ। ਸਾਰੇ ਵਿਦਿਆਰਥੀਆਂ ਅਤੇ ਬਾਲਗਾਂ ਨੇ ਆਪੋ-ਆਪਣੇ ਵਿਚਾਰ ਬੜੀ ਸੰਜੀਦਗੀ ਨਾਲ ਸਤਿਕਾਰਿਤ ਸ਼ੈਲੀ ਵਿਚ ਲਿਖੇ।

ਪ੍ਰਤੀਯੋਗੀਆਂ ਨੂੰ ਸਟਰੀਫ਼ੀਕੇਟ ਦੇਣ ਦੀ ਸੇਵਾ ਪ੍ਰਭਜੋਤ ਕੌਰ ਕੈਂਥ ('ਪਲੈਨੱਟ ਵਨ ਅਰਥ') ਵੱਲੋਂ ਕੀਤੀ ਗਈ। ਇਸ ਦੌਰਾਨ 'ਖਾਲਸਾ ਪੀਜ਼ਾ' ਵੱਲੋਂ ਪੀਜ਼ੇ ਦੀ ਸੇਵਾ ਕੀਤੀ ਗਈ ਅਤੇ ਜੇਤੂਆਂ ਨੂੰ ਟਰਾਫ਼ੀਆਂ ਤੇ ਸਨਮਾਨ-ਚਿੰਨ੍ਹ ਦਿੱਤੇ ਗਏ। ਹਮੇਸ਼ਾ ਦੀ ਤਰ੍ਹਾਂ ਪ੍ਰੋਗਰਾਮ ਨੂੰ ਸਫ਼ਲਤਾ ਸਹਿਤ ਸਿਰੇ ਚੜ੍ਹਾਉਣ ਵਿਚ ਡਾ. ਗੁਰਨਾਮ ਸਿੰਘ ਢਿੱਲੋਂ ਅਤੇ ਬਲਿ-ਹਾਰ ਸਿੰਘ ਨਵਾਂ ਸ਼ਹਿਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਮਨਜਿੰਦਰ ਸਿੰਘ ਥਿੰਦ, ਜਸਬੀਰ ਸਿੰਘ ਪਾਬਲਾ, ਅਜਾਇਬ ਸਿੰਘ ਸਿੱਧੂ, ਗੁਰਜੀਤ ਸਿੰਘ, ਗੁਲਸ਼ੇਰ ਸਿੰਘ, ਰਵਜੋਤ ਕੌਰ, ਜਗਤਾਰ ਸਿੰਘ ਮਾਨ, ਜਸਵਿੰਦਰ ਕੌਰ ਅਤੇ ਕਮਲਦੀਪ ਕੌਰ ਵੱਲੋਂ ਜੱਜਾਂ ਦੀ ਡਿਊਟੀ ਬਾਖ਼ੂਬੀ ਨਿਭਾਈ ਗਈ। ਇਸ ਦੌਰਾਨ ਬੱਚਿਆਂ ਅਤੇ ਮਾਪਿਆਂ ਵਿਚ ਇਨ੍ਹਾਂ ਮੁਕਾਬਲਿਆਂ ਲਈ ਪੂਰਾ ਉਤਸ਼ਾਹ ਵੇਖਣ ਨੂੰ ਮਿਲਿਆ।

ਇਨ੍ਹਾਂ ਮੁਕਾਬਲਿਆਂ ਵਿਚ ਗਰੇਡ ਜੇ.ਕੇ./ਐੱਸ.ਕੇ. ਵਿਚ ਗੁਰਸ਼ਾਨ ਸਿੰਘ ਪਹਿਲੇ, ਪ੍ਰਿਮ ਕੌਰ ਦੂਸਰੇ ਅਤੇ ਜਪਸਿਦਕ ਕੌਰ ਤੀਸਰੇ ਸਥਾਨ 'ਤੇ ਰਹੇ, ਜਦਕਿ ਗਰੇਡ-1/2 ਵਿਚ ਹਸਰਤ ਕੌਰ ਘਈ ਪਹਿਲੇ, ਹਰਜਾਪ ਸਿੰਘ ਦੂਸਰੇ ਅਤੇ ਅਸ਼ਵਨਪ੍ਰੀਤ ਕੌਰ ਤੀਸਰੇ ਨੰਬਰ 'ਤੇ ਸਨ। ਇੰਜ ਹੀ, ਗਰੇਡ-3/4 ਵਿਚ ਅਸ਼ਨੀਰ ਕੌਰ ਮਾਂਗਟ ਪਹਿਲੇ, ਅਸੀਮ ਕੌਰ ਸਰਾਂ ਦੂਸਰੇ ਅਤੇ ਗੁਰਅੰਸ਼ ਸਿੰਘ ਘਈ ਤੀਸਰੇ ਸਥਾਨ 'ਤੇ ਰਹੇ ਅਤੇ ਗਰੇਡ-5/6 ਵਿਚ ਮਨਜੋਤ ਕੌਰ ਗਿੱਲ, ਗੁੰਜਨ ਕੌਰ ਚਾਵਲਾ ਦੂਸਰੇ ਅਤੇ ਨਿਮਰਤ ਕੌਰ ਤੀਸਰੇ ਨੰਬਰ 'ਤੇ ਸਨ। ਗਰੇਡ-7/8 ਵਿਚ ਮਨਜੋਤ ਕੌਰ ਭੁੱਲਰ ਪਹਿਲੇ, ਜਸਲੀਨ ਕੌਰ ਦੂਸਰੇ ਅਤੇ ਗੁਰਅੰਜਨ ਸਿੰਘ ਤੀਸਰੇ ਨੰਬਰ 'ਤੇ ਸਨ। ਸੀਨੀਅਰ ਕਲਾਸਾਂ ਵਿਚ ਗਰੇਡ-9/10 ਹਰਨੂਰ ਕੌਰ ਪਹਿਲੇ ਅਤੇ ਹਰਮਨ ਕੌਰ ਦੂਸਰੇ, ਗਰੇਡ-11/12 ਵਿਚ ਗਗਨਪ੍ਰੀਤ ਕੌਰ ਪਹਿਲੇ ਅਤੇ ਕੀਰਤ ਕੌਰ ਦੂਸਰੇ ਅਤੇ ਬਾਲਗਾਂ ਵਿਚ ਜਸਪ੍ਰੀਤ ਕੌਰ ਪਹਿਲੇ, ਹਰਮਨਪ੍ਰੀਤ ਕੌਰ ਦੂਸਰੇ ਅਤੇ ਕੁਲਵਿੰਦਰ ਕੌਰ ਗਰੇਵਾਲ ਤੀਸਰੇ ਸਥਾਨ 'ਤੇ ਰਹੇ।

ਇਹ ਵੇਖਣ ਵਿਚ ਆਇਆ ਕਿ ਵੱਖ-ਵੱਖ ਉਮਰ-ਵਰਗਾਂ ਦੇ ਪ੍ਰਤੀਯੋਗੀਆਂ ਵਿਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਵਧੇਰੇ ਸੀ ਜਿਸ ਨੂੰ 'ਸ਼ੁਭ-ਸ਼ਗਨ' ਹੀ ਕਿਹਾ ਜਾ ਸਕਦਾ ਹੈ। ਕੁਲ ਮਿਲਾ ਕੇ ਇਹ ਮੁਕਾਬਲੇ ਕਾਫ਼ੀ ਰੌਚਕ ਅਤੇ ਉਤਸ਼ਾਹ-ਪੂਰਵਕ ਰਹੇ ਜਿਸ ਦਾ ਸਿਹਰਾ ਇਨ੍ਹਾਂ ਪ੍ਰਤੀਯੋਗੀਆਂ ਅਤੇ ਇਨ੍ਹਾਂ ਦੇ ਮਾਪਿਆਂ ਨੂੰ ਜਾਂਦਾ ਹੈ। ਇਹ ਸਲਾਨਾ ਮੁਕਾਬਲੇ ਕਰਵਾਉਣ ਵਾਲੀ ਸੰਸਥਾ ਅਤੇ ਇਸ ਦੇ ਪ੍ਰਬੰਧਕ ਇਸ ਦੇ ਲਈ ਵਧਾਈ ਦੇ ਹੱਕਦਾਰ ਹਨ।












# ਸੰਪਾਦਕੀ

## ਬਰੈਂਪਟਨ ਵਿੱਚ ਸੀਨੀਅਰ ਹਾਊਸਿੰਗ ਨੂੰ ਲੈ ਕੇ ਵਿਵਾਦ ਅਤੇ ਸੁਆਲ?

ਬਰੈਂਪਟਨ ਵਿੱਚ ਡਿਕਸੀ ਅਤੇ ਕੁਈਨ ਸਟਰੀਟ ਏਰੀਆ ਵਿੱਚ ਇੱਕ ਪੰਜ ਕਮਰਿਆਂ ਵਾਲੇ ਡੀਟੈਚਡ ਮਕਾਨ ਨੂੰ ਸੀਨੀਅਰ ਰੈਜ਼ੀਡੈਂਸ ਵਿੱਚ ਤਬਦੀਲ ਕਰਨ ਲਈ ਦਿੱਤੀ ਅਰਜ਼ੀ ਤੋਂ ਬਾਅਦ ਵਿਵਾਦ ਪੈਦਾ ਹੋ ਗਿਆ ਹੈ। 23 ਹਿੱਲਸਾਈਡ ਡਰਾਈਵ ਉੱਤੇ ਸਥਿਤ ਇਸ ਘਰ ਦੀ ਮਾਲਕਣ ਐਸਥਰ ਇਜ਼ਾਕਸ (Esther Issacs) ਇਸ ਮਕਾਨ ਨੂੰ ਇੱਕ ਬਿਜਨਸ ਅਵਸਰ ਵਜੋਂ ਵਰਤਣ ਦੇ ਮੰਤਵ ਨਾਲ ਸੀਨੀਅਰ ਹਾਊਸਿੰਗ ਵਿੱਚ ਤਬਦੀਲ ਕਰਨਾ ਚਾਹੁੰਦੀ ਹੈ। ਉਸਦਾ ਇਰਾਦਾ 5 ਤੋਂ 6 ਸੀਨੀਅਰਾਂ ਨੂੰ ਸੇਵਾ ਸੰਭਾਲ ਵਾਸਤੇ ਰੱਖਣ ਦਾ ਹੈ। ਦੂਜੇ ਪਾਸੇ ਹਿੱਲਸਾਈਡ ਡਰਾਈਵ ਅਤੇ ਆਲੇ ਦੁਆਲੇ ਰਹਿਣ ਵਾਲੇ ਵਸਨੀਕਾਂ ਦਾ ਇਤਰਾਜ਼ ਹੈ ਕਿ ਇਸ ਮਕਾਨ ਨੂੰ ਸੀਨੀਅਰਾਂ ਦੇ ਵਰਤੇ ਜਾਣ ਵਾਲੇ ਬਿਜਨਸ ਵਿੱਚ ਤਬਦੀਲ ਕਰਨ ਨਾਲ ਉਹਨਾਂ ਦੇ ਜੀਵਨ ਦੀ ਗੁਣਵੱਤਾ ਅਤੇ ਮਕਾਨਾਂ ਦੀਆਂ ਕੀਮਤਾਂ ਪ੍ਰਭਾਵਿਤ ਹੋਣਗੀਆਂ।

ਇਸ ਮਕਾਨ ਵੱਲੋਂ ਪੈਦਾ ਕੀਤੀ ਸਥਿਤੀ ਤੋਂ ਬਾਅਦ ਬਰੈਂਪਟਨ ਸਿਟੀ ਕਾਉਂਸਲ ਦੀ ਯੋਜਨਾ ਅਤੇ ਵਿਕਾਸ ਕਮੇਟੀ ਨੇ ਸਿਟੀ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਇੱਕ ਅਜਿਹਾ ਅੰਤਰਿਮ ਮੋਸ਼ਨ ਤਿਆਰ ਕਰੇ ਜਿਸ ਨਾਲ ਕਿਸੇ ਮਕਾਨ ਨੂੰ ਲੌਂਗ ਟਰਮ ਕੇਅਰ ਫੈਸਲਟੀ ਜਾਂ ਸੀਨੀਅਰ ਗਰੁੱਪ ਹੋਮ ਵਿੱਚ ਤਬਦੀਲ ਕੀਤੇ ਜਾਣ ਦਾ ਰਾਹ ਬੰਦ ਕੀਤਾ ਜਾ ਸਕੇ। ਇਹ ਮੋਸ਼ਨ ਉਸ ਵੇਲੇ ਤੱਕ ਲਾਗੂ ਹੋਵੇਗਾ ਜਦੋਂ ਤੱਕ ਸੀਨੀਅਰਾਂ ਹੋਮਾਂ ਲਈ ਇਮਾਰਤਾਂ ਨਾਲ ਸਿੱਝਣ ਵਾਲੇ ਬਾਈਲਾਅਜ਼ (bylaws) ਦਾ ਸਪੂੰਰਣ ਮੁਆਇਨਾ ਨਹੀਂ ਕਰ ਲਿਆ ਜਾਂਦਾ। ਪਹਿਲੀ ਵਾਰ ਚੁਣੀ ਗਈ ਸਿਟੀ ਕਾਉਂਸਲਰ ਸ਼ਾਰਮੇਅਨ ਵਿਲੀਅਮਜ਼ ਸਿਟੀ ਵੱਲੋਂ ਅਪਣਾਏ ਗਏ ਰਾਹ ਦਾ ਖੁੱਲ ਕੇ ਵਿਰੋਧ ਕਰ ਰਹੀ ਹੈ। ਉਸਦਾ ਆਖਣਾ ਹੈ ਕਿ ਜੇ ਅਸੀਂ ਸ਼ਹਿਰ ਵਿੱਚ ਵੱਧਦੀ ਹੋਈ ਸੀਨੀਅਰਾਂ ਦੀ ਆਬਾਦੀ ਲਈ ਸਹੂਲਤਾਂ ਪੈਦਾ ਨਹੀਂ ਕਰਾਂਗੇ ਤਾਂ ਇੱਕ ਦਿਨ ਸਥਿਤੀ ਸੰਕਟ ਕੰਢੇ ਪੁੱਜ ਜਾਵੇਗੀ।

ਦਸੰਬਰ 2018 ਵਿੱਚ ਬਰੈਂਪਟਨ ਸਿਟੀ ਕਾਉਂਸਲ ਵੱਲੋਂ ਸੀਨੀਅਰ ਹਾਊਸਿੰਗ ਸਬੰਧਿਤ ਇੱਕ ਸਟੱਡੀ ਕਰਵਾਈ ਗਈ ਸੀ। ਇਸ ਸਟੱਡੀ ਮੁਤਾਬਕ 2006 ਤੋਂ 2016 ਦੇ ਦਸ ਸਾਲਾਂ ਵਿੱਚ ਬਰੈਂਪਟਨ ਵਿੱਚ ਸੀਨੀਅਰਾਂ ਦੀ ਗਿਣਤੀ ਵਿੱਚ 40% ਵਾਧਾ ਹੋਇਆ ਹੈ। ਸਟੱਡੀ ਮੁਤਾਬਕ ਜਿਉਂ 2 ਸੀਨੀਅਰਾਂ ਦੀ ਗਿਣਤੀ ਵੱਧਦੀ ਜਾਂਦੀ ਹੈ, ਉਹਨਾਂ ਦੇ ਸੁਖ ਸਹੂਲਤ ਨਾਲ ਰਹਿਣ ਵਾਸਤੇ ਅਜਿਹੇ ਲੌਂਗ ਟਰਮ ਕੇਅਰ ਹੋਮਾਂ ਦੀ ਵੀ ਲੋੜ ਵੱਧਦੀ ਜਾ ਰਹੀ ਹੈ ਜੋ ਸਸਤੇ, ਸੀਨੀਅਰਾਂ ਦੇ ਸੱਭਿਆਚਾਰ ਮੁਤਾਬਕ ਸੇਵਾਵਾਂ ਦੇਣ ਯੋਗ ਅਤੇ ਸੀਨੀਅਰਾਂ ਨੂੰ ਕਮਿਉਨਿਟੀ ਵਿੱਚ ਟਿਕੇ ਰਹਿਣ ਵਿੱਚ ਮਦਦਗਾਰ ਹੋਣ। ਰੀਜਨ ਆਫ ਪੀਲ ਦੀ ਇੱਕ ਹੋਰ ਸਟੱਡੀ ਮੁਤਾਬਕ ਇਸ ਇਲਾਕੇ ਵਿੱਚ ਸੀਨੀਅਰਾਂ ਦੀ ਗਿਣਤੀ ਵਿੱਚ ਤਕਰੀਬਨ 100% ਵਾਧਾ ਪਰਵਾਸੀ ਸੀਨੀਅਰਾਂ ਦੇ ਆਉਣ ਨਾਲ ਹੋ ਰਿਹਾ ਹੈ। ਬਰੈਂਪਟਨ ਸਿਟੀ ਦੀ ਸਟੱਡੀ ਮੁਤਾਬਕ ਬਰੈਂਪਟਨ ਵਿੱਚ 12% ਲੋਕ ਖੇਤਾਂ ਵੱਲ ਵੱਡੇ ਮਕਾਨਾਂ ਵਿੱਚ ਰਹਿੰਦੇ ਹਨ ਜਿਹਨਾਂ ਵਿੱਚ 'ਕਈ ਪੀੜੀਆਂ'ਇਕੱਠੀਆਂ ਨਿਵਾਸ ਕਰਦੀਆਂ ਹਨ ਭਾਵ ਪੋਤੇ ਦੋਹਤਿਆਂ ਤੋਂ ਲੈ ਕੇ ਦਾਦੇ ਨਾਨਿਆਂ ਤੱਕ ਇੱਕ ਹੀ ਥੱਤ ਥੱਲੇ ਰਹਿੰਦੇ ਹਨ। ਇੱਕ ਮਕਾਨ ਵਿੱਚ ਕਈਆਂ ਵੱਲੋਂ ਰਹਿਣ ਨੂੰ Hidden homeless-ness ਵੀ ਕਿਹਾ ਜਾਂਦਾ ਹੈ। ਰਿਪੋਰਟ ਮੁਤਾਬਕ ਇੱਕ ਮਕਾਨ ਵਿੱਚ 'ਕਈ ਪੀੜ੍ਹੀਆਂ' ਵਾਲਾ ਰੁਝਾਨ ਵਿਸ਼ੇਸ਼ ਕਰਕੇ ਸਾਊਥ ਏਸ਼ੀਅਨ ਪਰਵਾਸੀਆਂ ਵਿੱਚ ਜਿਆਦਾ ਹੈ। ਰਿਪੋਰਟ ਮੁਤਾਬਕ ਖੁੱਲੇ ਡੁੱਲੇ ਇਲਾਕੇ ਵਿੱਚ ਬਣੇ ਮਕਾਨ ਸੀਨੀਅਰਾਂ ਲਈ ਬਹੁਤੇ ਚੰਗੇ ਨਹੀਂ ਰਹਿੰਦੇ ਕਿਉਂਕਿ ਉਹਨਾਂ ਵਾਸਤੇ ਸਿਹਤ, ਮਨੋਰੰਜਨ ਅਤੇ ਬੱਸ ਸੇਵਾ ਆਦਿ ਸਹੂਲਤਾਂ ਲੋੜੀਂਦੀ ਮਾਤਰਾ ਵਿੱਚ ਉਪਲਬਧ ਨਹੀਂ ਹੁੰਦੀਆਂ।

ਬਰੈਂਪਟਨ ਵਿੱਚ ਸੀਨੀਅਰਾਂ ਦੀ ਗਿਣਤੀ ਪਰਵਾਸੀਆਂ ਵੱਧਣ ਦਾ ਮੁੱਦਾ ਧਿਆਨ ਨੂੰ ਬਰੈਂਪਟਨ ਵਿੱਚ ਮਕਾਨਾਂ ਦੀ ਥੁੜ ਅਤੇ ਮਹਿੰਗੇ ਹੋਣ ਵੱਲ ਵੀ ਲਿਜਾਂਦਾ ਹੈ। ਬਰੈਂਪਟਨ ਕੈਨੇਡਾ ਦਾ ਸੱਤਵਾਂ ਮਹਿੰਗਾ ਸ਼ਹਿਰ ਹੈ ਜਿੱਥੇ ਇੱਕ ਬੈਡ ਰੂਮ ਅਪਾਰਟਮੈਂਟ ਦਾ ਔਸਤਨ ਕਿਰਾਇਆ 1640 ਡਾਲਰ ਹੈ ਅਤੇ ਦੋ ਬੈਡਰੂਮ ਅਪਾਰਟਮੈਂਟ ਦਾ ਕਿਰ-ਾਇਆ 1780 ਡਾਲਰ ਹੈ। ਇੱਕ ਰੂਮ ਵਾਲੀ ਬੇਸਮੈਂਟ ਵੀ 1100-1200 ਡਾਲਰ ਤੋਂ ਘੱਟ ਨਹੀਂ ਮਿਲਦੀ।

ਇਸ ਸਥਿਤੀ ਦੇ ਸਨਮੁਖ ਕੀ ਮੰਨਿਆ ਜਾ ਸਕਦਾ ਹੈ ਕਿ ਐਸਥਰ ਇਜ਼ਾਕਸ ਵੱਲੋਂ ਮਕਾਨ ਨੂੰ ਬਿਜਨਸ ਲਈ ਸੀਨੀਅਰ ਹੋਮ ਵਿੱਚ ਤਬਦੀਲ ਕਰਨਾ ਇੱਕ ਚੰਗਾ ਖਿਆਲ ਹੈ? ਕਈਆਂ ਦਾ ਪੱਖ ਹੈ ਕਿ ਮਕਾਨ ਨੂੰ ਸੀਨੀਅਰ ਹਾਊਸ ਵਿੱਚ ਤਬਦੀਲ ਕਰਨ ਨਾਲ ਸੀਨੀਅਰਾਂ ਨੂੰ ਉਹਨਾਂ ਦੇ ਸੱਭਿਆਚਾਰ ਮੁਤਾਬਕ ਸੇਵਾਵਾਂ ਦੇਣ ਵਾਲੇ 'ਕੇਅਰ ਹੋਮਾਂ' ਵਿੱਚ ਰਹਿਣ ਦੀ ਸਹੂਲਤ ਮਿਲੇਗੀ। ਇਸ ਖਿਆਲ ਦੇ ਹਾਮੀਆਂ ਦਾ ਇਹ ਵੀ ਆਖਣਾ ਹੈ ਕਿ ਸੀਨੀਅਰਾਂ ਨੂੰ ਆਪਣਾ ਬੁਢਾਪਾ ਬਿਗਾਨੇ ਕਲਚਰ ਵਿੱਚ ਗੁਜ਼ਾਰਨ ਦੀ ਜ਼ਹਿਮਤ ਨਹੀਂ ਝੱਲਣੀ ਪਵੇਗੀ। ਇਸ ਨਾਲ ਬੇਰੁਜ਼ਗਾਰੀ ਨੂੰ ਠੱਲ ਪੈ ਸਕਦੀ ਹੈ ਕਿਉਂਕਿ ਆਪਣੇ ਮਕਾਨ ਨੂੰ ਸੀਨੀਅਰ ਕੇਅਰ ਹੋਮ ਵਿੱਚ ਤਬਦੀਲ ਕਰਕੇ ਆਮਦਨ ਕੀਤੀ ਜਾ ਸਕਦੀ ਹੈ। ਦੂਜੇ ਪਾਸੇ ਸ਼ਹਿਰ ਵਿੱਚ ਸੁਹਜ ਨਾਲ ਵੱਸਣ ਦਾ ਸੁਆਲ ਹੈ ਜੋ ਇਸ ਤਰਾਂ ਦੇ ਬਿਜਨਸਾਂ ਨਾਲ ਖਰਾਬ ਹੋ ਸਕਦਾ ਹੈ। ਵੇਖਣਾ ਹੋਵੇਗਾ ਕਿ ਅਗਲੇ ਦਿਨਾਂ ਵਿੱਚ ਬਰੈਂਪਟਨ 'ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਸਥਿਤੀ ਵਿੱਚੋਂ

# ਟਰੂਡੋ ਕੈਬਨਿਟ ਵਿੱਚ ਫੇਰਬਦਲ ਸ਼ੁਰੂ, ਮੈਕੇਨਾ ਤੋਂ ਐਨਵਾਇਰਮੈਂਟ ਮੰਤਰਾਲਾ ਖੁੱਸਿਆ

...ਪੰਨਾ 1 ਦਾ ਬਾਕੀ



ਹੁਣੇ ਤੋਂ ਮਿਲ ਰਹੇ ਸੰਕੇਤਾਂ ਤੋਂ ਸਪਸ਼ਟ ਹੋ ਗਿਆ ਹੈ ਕਿ ਇਸ ਵਾਰੀ ਕਈਆਂ ਦੀ ਛੁੱਟੀ ਹੋ ਗਈ ਹੈ। ਪ੍ਰਧਾਨ ਮੰਤਰੀ ਇਸ ਸਮਾਰੋਹ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਨ ਲਈ ਵੀ ਮੌਕਾ ਕੱਢਣਗੇ। ਲਿਬਰਲਾਂ ਦੇ ਘੱਟ ਗਿਣਤੀ ਸਰਕਾਰ ਦਾ ਦਰਜਾ ਹਾਸਲ ਕਰਨ ਤੋਂ ਬਾਅਦ ਤੋਂ ਹੀ ਕਿਆਸਅਰਾਈਆਂ ਦਾ ਬਾਜ਼ਾਰ ਗਰਮ ਹੈ। 5 ਦਸੰਬਰ ਤੋਂ ਸ਼ੁਰੂ ਹੋਣ ਜਾ ਰਹੀ 43ਵੀਂ ਪਾਰਲੀਆਮੈਂਟ ਵਿੱਚ ਕਿਹੜਾ ਮੰਤਰੀ ਕਿਸ ਮੰਤਰਾਲੇ ਦੀ ਵਾਗਡੋਰ ਸਾਂਭੇਗਾ, ਬਾਰੇ ਅਗਲੇ ਦੋ ਹਫਤਿਆਂ ਵਿੱਚ ਫੈਸਲਾ ਸੱਭ ਦੇ ਸਾਹਮਣੇ ਆ ਜਾਵੇਗਾ।

ਮੰਗਲਵਾਰ ਨੂੰ ਕਈ ਮੌਜੂਦਾ ਮੰਤਰੀ ਓਟਵਾ ਏਅਰਪੋਰਟ ਉੱਤੇ ਪਹੁੰਚੇ ਤੇ ਉਨ੍ਹਾਂ ਦੱਸਿਆ ਕਿ ਭਲਕੇ ਉਨ੍ਹਾਂ ਨੂੰ ਐਮਪੀਜ਼ ਵਜੋਂ ਸੰਹੁ ਚੁਕਾਈ ਜਾਣੀ ਹੈ ਤੇ ਉਸ ਸਮੇਂ ਹੀ ਉਨ੍ਹਾਂ ਨੂੰ ਆਪਣੇ ਮੰਤਰਾਲਿਆਂ ਬਾਰੇ ਜਾਣਕਾਰੀ ਹਾਸਲ ਹੋਵੇਗੀ। ਸਾਰੇ ਦੇ ਸਾਰੇ 338 ਐਮਪੀਜ਼ ਨੂੰ ਮੈਂਬਰ ਪਾਰਲੀਆਮੈਂਟ ਵਜੋਂ ਸੰਹੁ ਚੁਕਾਈ ਜਾਣੀ ਹੈ। ਕੈਬਨਿਟ ਵਿੱਚ ਕਿਸ ਨੂੰ ਥਾਂ ਮਿਲਦੀ ਹੈ ਇਹ ਉਸ ਨਾਲੋਂ ਵੱਖਰਾ ਸਮਾਰੋਹ ਹੈ।

# 3000 ਤੋਂ ਵੱਧ ਕੈਨੇਡੀਅਨ ਰੇਲਵੇ ਕਾਮਿਆਂ ਨੇ ਕੀਤੀ ਹੜਤਾਲ

...ਪੰਨਾ 1 ਦਾ ਬਾਕੀ

ਯੂਨੀਅਨ ਨੇ ਆਖਿਆ ਕਿ ਦੇਸ਼ ਦੇ ਤਿੰਨ ਵੱਡੇ ਸ਼ਹਿਰਾਂ ਵਿੱਚ ਪੈਸੰਜਰ ਰੇਲ ਸੇਵਾ ਇਸ ਹੜਤਾਲ ਨਾਲ ਪ੍ਰਭਾਵਿਤ ਨਹੀਂ ਹੋਵੇਗੀ। ਇਹ ਆਖਿਆ ਗਿਆ ਕਿ ਟੋਰਾਂਟੋ ਵਿੱਚ ਗੋ ਟਰਾਂਜ਼ਿਟ, ਮਾਂਟਰੀਅਲ ਵਿੱਚ ਐਗਜ਼ੋ ਤੇ ਵੈਨਕੂਵਰ ਵਿੱਚ ਵੈਸਟ ਕੋਸਟ ਐਕਸਪ੍ਰੈੱਸ ਦੀਆਂ ਸੇਵਾਵਾਂ ਉੱਤੇ ਕੋਈ ਅਸਰ ਨਹੀਂ ਪਵੇਗਾ। ਵਰਕਰਜ਼, ਜਿਹੜੇ 23 ਜੁਲਾਈ ਤੋਂ ਬਿਨਾਂ ਕਿਸੇ ਕਾਂਟਰੈਕਟ ਦੇ ਹਨ, ਦਾ ਕਹਿਣਾ ਹੈ ਕਿ ਉਹ ਕੰਮ ਦੇ ਲੰਮੇਂ ਘੰਟਿਆਂ, ਥਕਾਵਟ ਤੇ ਕੰਮ ਦੇ ਖਤਰਨਾਕ ਹਾਲਾਤ ਨੂੰ ਲੈ ਕੇ ਚਿੰਤਤ ਹਨ।

ਇਹ ਵਿਵਾਦ ਸ਼ੁੱਕਰਵਾਰ ਨੂੰ ਉਦੋਂ ਹੋਰ ਵੱਧ ਗਿਆ ਜਦੋਂ ਸੀਐਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਨੌਰਥ ਅਮੈਰਿਕਾ ਦੇ ਕਮਜ਼ੋਰ ਅਰਥਚਾਰੇ ਕਾਰਨ ਅਤੇ ਮੰਗ ਘਟਣ ਕਾਰਨ ਰੇਲਵੇਅ ਦੇਸ਼ ਭਰ ਵਿੱਚ ਕਰਮਚਾਰੀਆਂ ਦੀ ਛੁੱਟੀ ਕਰੇਗੀ।

# ਸਿਹਤ ਸਹੂਲਤਾਂ ਪ੍ਰਤੀ ਵੱਧ ਤੋਂ ਵੱਧ ਜਾਗਰੂਕਤਾ ਕੀਤੀ ਜਾਏ : ਡਾ. ਜਸਮੀਤ ਬਾਵਾ

ਕਪੂਰਥਲਾ, 19 ਨਵੰਬਰ (ਗਿਆਨ ਸਿੰਘ) ਮਨੁੱਖੀ ਜਾਨ ਬਹੁਤ ਕੀਮਤੀ ਹੈ ਇਹ ਸ਼ਬਦ ਸਿਵਲ ਸਰਜਨ ਡਾ. ਜਸਮੀਤ ਕੌਰ ਬਾਵਾ ਨੇ ਕੌਮੀ ਨਵਜਾਤ ਸ਼ਿਸ਼ੂ ਹਫਤਾ ਅਤੇ ਨਸਬੰਦੀ ਪੰਦਰਵਾੜਾ ਦੇ ਸੰਬੰਧ ਵਿੱਚ ਬੀ.ਈ.ਈਜ. ਐਲ.ਐਚ.ਵੀਜ,ਸੀ.ਐਚ.ਓਜ ਅਤੇ ਆਸ਼ਾ ਫੈਸੀਲੀਟੇਟਰਜ ਦੀ ਕਰਵਾਈ ਗਈ ਇੱਕ ਮੀਟਿੰਗ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੱਚਾ ਅਤੇ ਬੱਚਾ ਦੀ ਸਿਹਤ ਸੰਭਾਲ ਬਹੁਤ ਹੀ ਜਰੂਰੀ ਹੈ । ਉਨ੍ਹਾਂ ਸੁੱਰਖਿਅਤ ਡਲੀਵਰੀ, ਮੈਟਰਨਲ ਕੇਅਰ ਅਤੇ ਪੋਸਟ ਨੇਟਲ ਕੇਅਰ ਨੂੰ ਜੱਚਾ ਅਤੇ ਬੱਚਾ ਦੀ ਚੰਗੀ ਸਿਹਤ ਲਈ ਜਰੂਰੀ ਦੱਸਿਆ। ਡਾ. ਬਾਵਾ ਨੇ ਫੀਲਡ ਸਟਾਫ ਨੂੰ ਨਿਰਦੇਸ਼ ਦਿੱਤੇ ਕਿ ਜੱਚਾ ਅਤੇ ਬੱਚਾ ਦੇ ਸੰਬੰਧ ਵਿੱਚ ਸਿਹਤ ਵਿਭਾਗ ਵੱਲੋਂ ਜੋ ਸਿਹਤ ਸਹੂਲਤਾਂ ਮਿਲੀਆਂ ਹਨ ਉਨ੍ਹਾਂ ਬਾਰੇ ਜਨਤਾ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਕਰਨ। ਇਸ ਮੌਕੇ ਤੇ ਜਿਲਾ ਪਰਿਵਾਰ ਭਲਾਈ ਅਫਸਰ ਡਾ. ਰਾਜ ਕਰਨੀ ਨੇ ਨਸਬੰਦੀ ਪੰਦਰਵਾੜੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 21 ਨਵੰਬਰ ਤੋਂ 27 ਨਵੰਬਰ ਤੱਕ ਮੋਬੀਲਾਈਜੇਸ਼ਨ ਹਫਤਾ ਅਤੇ 28 ਨਵੰਬਰ ਤੋਂ 4 ਦਸੰਬਰ ਤੱਕ ਸਰਵਿਸ ਡਲੀਵਰੀ ਹਫਤਾ ਮਨਾਇਆ ਜਾਣਾ ਹੈ। ਉਨ੍ਹਾਂ ਫੀਲਡ ਸਟਾਫ ਨੂੰ ਕਿਹਾ ਕਿ ਇਸ ਪੰਦਰਵਾੜੇ ਦੌਰਾਨ ਵੱਧ ਤੋਂ ਵੱਧ ਨਸਬੰਦੀ ਦੇ ਕੇਸ ਕਰਵਾਏ ਜਾਣ।ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਇਸ ਪੰਦਰਵਾੜੇ ਬਾਰੇ ਟਾਰਗੇਟ ਜੋੜਿਆਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਏ ਅਤੇ ਜੇਕਰ ਨਸਬੰਦੀ ਨੂੰ ਲੈ ਕੇ ਉਨ੍ਹਾਂ ਵਿੱਚ ਕੋਈ ਗਲਤ ਧਾਰਨਾ ਹੈ ਤਾਂ ਉਨ੍ਹਾਂ ਨੂੰ ਦੂਰ ਕੀਤਾ ਜਾਏ।

ਜਿਲਾ ਟੀਕਾਕਰਨ ਅਫਸਰ ਡਾ. ਆਸ਼ਾ ਮਾਂਗਟ ਨੇ 15 ਨਵੰਬਰ ਤੋਂ 21 ਨਵੰਬਰ ਤੱਕ ਮਣਾਏ ਜਾ ਰਹੇ ਕੌਮੀ ਨਵਜਾਤ ਸ਼ਿਸ਼ੂ ਹਫਤਾ ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਇਸ ਹਫਤੇ ਨੂੰ ਮਨਾਉਣ ਦਾ ਨਵਜਾਤ ਸ਼ਿਸ਼ੂ ਦੀ ਸਿਹਤ ਸੰਭਾਲ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂ ਫੀਲਡ ਸਟਾਫ ਨੂੰ ਕਿਹਾ ਕਿ ਬੱਚੇ ਨੂੰ ਜਨਮ ਤੋਂ ਬਾਅਦ ਤੁਰੰਤ ਮਾਂ ਦਾ ਦੁੱਧ ਪਿਲਾਉਣ, ਹੱਥਾਂ ਦੀ ਸਾਫ ਸਫਾਈ ਦਾ ਖਿਆਲ ਰੱਖਣ, ਟੀਕਾਕਰਨ ਸੁਨਿਸ਼ਚਿਤ ਕਰਨ ਤੇ ਨਵਜੰਮੇ ਨੂੰ ਇੰਨਫੈਕਸ਼ਨ ਤੋਂ ਬਚਾਅ ਲਈ ਜਾਗਰੂਕ ਕਰਨ ਦਾ ਸੁਣੇਹਾ ਘਰ ਘਰ ਪਹੁੰਚਾਇਆ ਜਾਏ।


Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.






# 550 ਸਾਲਾ ਪ੍ਰਕਾਸ਼ ਪੁਰਬ: ਗੁਰੂ ਨਾਨਕ ਦੇ ਰੰਗ ਵਿਚ ਰੰਗੀ ਗਈ ਸੁਖਨਾ ਝੀਲ, 'ਮਲਟੀਮੀਡੀਆ ਫਲੋਟਿੰਗ ਲਾਈਟ ਐਂਡ ਸਾਉਂਡ ਸ਼ੋਅ ਨਾਲ ਝੀਲ ਜਗਮਗਾਈ





ਚੰਡੀਗੜ, 19 ਨਵੰਬਰ (ਗਿਆਨ ਸਿਘ) ਪੰਜਾਬ ਸਰਕਾਰ ਵਲੋਂ ਅੱਜ ਸੁਖਨਾ ਝੀਲ, ਚੰਡੀਗੜ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਿਵੇਕਲੇ ਅਤੇ ਅਨੋਖੇ 'ਮਲਟੀਮੀਡੀਆ ਫਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ' ਕਰਵਾਇਆ ਗਿਆ। ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਫ਼ਲਸਫੇ ਤੋਂ ਸੰਗਤ ਨੂੰ ਜਾਣੂੰ ਕਰਵਾਉਣ ਲਈ ਅਤਿ ਆਧੁਨਿਕ ਤਕਨੀਕ ਦੀ ਸਹਾਇਤਾ ਨਾਲ ਸ਼ਾਨਦਾਰ ਢੰਗ ਨਾਲ 45 ਮਿੰਟ ਦੇ ਸ਼ੋਅ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਰੂਪਮਾਨ ਕੀਤਾ ਗਿਆ। ਰੌਸ਼ਨੀ ਅਤੇ ਅਵਾਜ ਦੇ ਖ਼ੂਬਸੂਰਤ ਸੁਮੇਲ ਵਾਲੇ ਉਕਤ ਸ਼ੋਅ ਦੇ ਦੌਰਾਨ ਗੁਰੂ ਨਾਨਕ ਸਾਹਿਬ ਦੇ ਸਰਬ-ਸਾਂਝੀਵਾਲਤਾ, ਅਹਿੰਸਾ, ਸ਼ਾਂਤੀ, ਭਾਈਚਾਰਕ ਸਾਂਝ, ਮਹਿਲਾ ਸਸ਼ਕਤੀਕਰਨ ਅਤੇ ਕੁਦਰਤ ਦੀ ਸੁਰੱਖਿਆ ਦੇ ਸੰਦੇਸ਼ ਨੂੰ ਸੰਜੀਵੀ ਰੂਪ ਵਿੱਚ ਪੇਸ਼ ਕੀਤਾ ਗਿਆ। ਸ਼ੋਅ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਸਮਾਜਿਕ ਬਰਾਬਰਤਾ ਲਈ ਕੀਤੇ ਗਏ ਉਪਰਾਲਿਆਂ ਬਾਰੇ ਵੀ ਦਰਸ਼ਕਾਂ ਨੂੰ ਜਾਣੂੰ ਕਰਵਾਇਆ ਗਿਆ, ਜਿਸ ਦਾ ਮੌਜੂਦ ਹਜ਼ਾਰਾਂ ਸੰਗਤਾਂ ਨੇ ਬਹੁਤ ਹੀ ਨਿਮਰਤਾ ਅਤੇ ਸ਼ਰਧਾ ਨਾਲ ਆਨੰਦ ਮਾਣਿਆ।

ਇਸ ਸ਼ੋਅ ਨੂੰ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪਹੁੰਚੇ, ਉੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰਕ ਮੈਂਬਰ, ਜੁਡੀਸ਼ੀਅਲ, ਸਿਵਲ ਅਤੇ ਪੁਲਿਸ ਅਧਿਕਾਰੀ ਵੀ ਪਰਿਵਾਰਾਂ ਸਮੇਤ ਸ਼ੋਅ ਦੇਖਣ ਪਹੁੰਚੇ।


ਅਤਿ ਅਧੁਨਿਕ ਤਕਨੀਕ ਰਾਹੀਂ ਪੇਸ਼ ਕੀਤੇ ਫਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ ਦੀ ਪੇਸ਼ਕਾਰੀ ਨਾਲ ਚੰਡੀਗੜ ਦੀ ਸੁਖਨਾ ਝੀਲ ਗੁਰੂ ਨਾਨਕ ਦੇ ਰੰਗ ਵਿਚ ਰੰਗੀ ਗਈ। ਰੰਗ ਬਿਰੰਗੀਆਂ ਲਾਈਟਾਂ ਅਤੇ ਲੇਜ਼ਰ ਕਿਰਨਾਂ ਰਾਹੀਂ ਪਾਣੀ ਵਿਚੋਂ ਨਿਕਲੀਆਂ ਅਲੌਕਿਕ ਤਿਰੰਗਾਂ ਅਤੇ ਰੌਸ਼ਨੀਆਂ ਨਾਲ ਪੂਰੀ ਝੀਲ ਅਤੇ ਚੁਫੇਰਾ ਜਗਮਗਾ ਉੱਠੀਆ।

ਚੰਡੀਗੜ ਦੀ ਧਰਤੀ 'ਤੇ ਸਥਿੱਤ ਸੁਖਨਾ ਝੀਲ 'ਤੇ ਪਹਿਲੀ ਵਾਰ ਅਧਿਆਤਮਕਤਾ ਦੀ ਅਜਿਹੀ ਧਾਰਾ ਵਹੀ, ਜਿਸਦੇ ਅਲੌਕਿਕ ਪ੍ਰਕਾਸ਼ ਨੇ ਪੂਰੇ ਚੰਡੀਗੜ ਨੂੰ ਗੁਰੂ ਦੇ ਰੰਗ ਵਿੱਚ ਪਰੋ ਦਿੱਤਾ। 'ਫਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ' ਦੌਰਾਨ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਮਲਟੀ ਮੀਡੀਆ ਤਕਨੀਕਾਂ ਰਾਹੀਂ ਰੂਪਮਾਨ ਕਰਨਾ ਸਰਕਾਰ ਦਾ ਨਿਵੇਕਲਾ ਉਪਰਾਲਾ ਹੈ।

ਪੰਜਾਬ ਸਰਕਾਰ ਵਲੋਂ ਯੂ.ਟੀ ਪ੍ਰਸਾਸ਼ਨ ਦੇ ਸਹਿਯੋਗ ਨਾਲ ਸੁਖਨਾ ਝੀਲ ਵਿਖੇ ਇਹ ਸ਼ੋਅ ਦੋ ਦਿਨ ਕਰਵਾਇਆ ਜਾ ਰਿਹਾ ਹੈ ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਯਾਦ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਦੇ ਤਹਿਤ ਹੀ ਸੂਚਨਾ 'ਤੇ ਲੋਕ ਸੰਪਰਕ ਵਿਭਾਗ, ਪੰਜਾਬ ਵਲੋਂ 'ਮਲਟੀਮੀਡੀਆ ਫਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ' ਸੂਬੇ ਭਰ ਵਿਚ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਇਹ ਸ਼ੋਅ ਪੰਜਾਬ ਦੇ 10 ਜ਼ਿਲਿਆਂ ਲੁਧਿਆਣਾ, ਰੋਪੜ, ਹੁਸ਼ਿਆਰਪੁਰ, ਜਲੰਧਰ, ਗੁਰਦਾਸਪੁਰ, ਮੋਗਾ, ਕਪੂਰਥਲਾ, ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ ਅਤੇ ਫ਼ਿਰੋਜ਼ਪੁਰ ਵਿੱਚੋਂ ਲੰਘਦੇ ਬਿਆਸ ਅਤੇ ਸਤਲੁਜ ਦਰਿਆਵਾਂ ਵਿੱਚ ਵੀ ਕਰਵਾਇਆ ਗਿਆ ਹੈ।ਇਸ ਸ਼ੋਅ ਦਾ ਮੁਖ ਮਕਸਦ ਸੂਬਾ ਵਾਸੀਆਂ ਅਤੇ ਖਾਸ ਕਰ ਨੌਜਵਾਨ ਪੀੜੀ ਅਤੇ ਬੱਚਿਆਂ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਉਣਾ ਹੈ।ਲੇਜ਼ਰ ਰੌਸ਼ਨੀ ਅਤੇ ਅਵਾਜ਼ 'ਤੇ ਅਧਾਰਿਤ ਇਸ ਸ਼ੋਅ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਅਧਾਰਿਤ ਵਿਆਪੀ ਸੰਦੇਸ਼ ਨੂੰ ਸ਼ਾਨਦਾਰ ਢੰਗ ਨਾਲ ਵਿਜ਼ੂਅਲ ਪ੍ਰੋਜੈਕਸ਼ਨ ਅਤੇ ਐਡਵਾਂਸ ਲੇਜਰ ਰਾਹੀਂ ਪ੍ਰਦਰਸ਼ਿਤ ਕੀਤਾ ਗਿਆ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਫਲੋਟਿੰਗ ਮਲਟੀ ਮੀਡੀਆ ਲਾਈਟ ਐਂਡ ਸਾਊਂਡ ਸ਼ੋਅ' ਪੰਜਾਬ ਸਰਕਾਰ ਦਾ ਨਿਵੇਕਲਾ ਉਪਰਾਲਾ ਹੈ।ਸ਼ੋਅ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਦਾਸੀਆਂ ਨੂੰ ਰੂਪਮਾਨ ਕੀਤਾ ਗਿਆ ਹੈ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਬਾਰੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਉਨਾਂ ਨੇ ਕਿਹਾ ਕਿ ਮੌਜੂਦਾ ਧਰੁਵੀਕਰਨ ਦੇ ਮਾਹੌਲ ਵਿੱਚ ਗੁਰੂ ਸਾਹਿਬ ਦਾ ਸਰਬ ਸਾਂਝੀਵਾਲਤਾ ਦਾ ਸੁਨੇਹਾ ਫੈਲਾਉਣ ਦਾ ਇਹ ਢੁਕਵਾਂ ਯਤਨ ਹੈ। ਬਹੁਤ ਹੀ ਖੋਜ ਉਪਰੰਤ ਬਾਰੀਕੀ ਨਾਲ ਡਿਜ਼ਾਈਨ ਕੀਤਾ ਇਹ ਸ਼ੋਅ ਗੁਰੂ ਸਾਹਿਬ ਦੇ ਅਤੇ ਕੁਦਰਤੀ ਸਰੋਤਾ ਪਾਣੀ, ਹਵਾ ਅਤੇ ਧਰਤੀ ਨੂੰ ਬਚਾਉਣ ਦੇ ਸਿਧਾਂਤ ਨੂੰ ਵੀ ਰੂਪਮਾਨ ਕਰਦਾ ਹੈ।

















# ਪੀ.ਐੱਸ.ਬੀ.ਸੀਨੀਅਰਜ਼ ਕਲੱਬ ਨੇ ਗਾਲਾ ਡਿਨਰ ਦਾ ਆਯੋਜਨ ਕੀਤਾ



ਬਰੈਂਪਟਨ, (ਡਾ. ਝੰਡ) -ਪੀ.ਐੱਸ.ਬੀ. ਸੀਨੀਅਰਜ਼ ਕਲੱਬ (ਕੈਨੇਡਾ) ਵੱਲੋਂ 10 ਨਵੰਬਰ ਦੀ ਰਾਤ ਨੂੰ ਸ਼ਿੰਗਾਰ ਬੈਂਕੁਇਟ ਹਾਲ ਵਿਖੇ ਗਾਲਾ ਡਿਨਰ ਦਾ ਸਫ਼ਲਤਾ-ਪੂਰਵਕ ਆਯੋਜਨ ਕੀਤਾ ਗਿਆ ਜਿਸ ਵਿਚ ਕਲੱਬ ਦੇ 100 ਤੋਂ ਵਧੇਰੇ ਮੈਂਬਰਾਂ ਨੇ ਭਾਗ ਲਿਆ। ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ ਖੱਖ ਵੱਲੋਂ ਸਾਰੇ ਮੈਂਬਰਾਂ ਦਾ ਹਾਰਦਿਕ ਸੁਆਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਜੀ-ਆਇਆਂ ਕਿਹਾ ਗਿਆ। ਇਸ ਮੌਕੇ ਹੋਈਆਂ ਸੱਭਿਆਚਾਰਕ ਸਰਗਰਮੀਆਂ ਵਿਚ ਔਰਤਾਂ ਤੇ ਮਰਦ ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਬਰੈਂਪਟਨ ਦੇ ਮਸ਼ਹੂਰ ਗ਼ਜ਼ਲ-ਗਾਇਕ ਸੰਨੀ ਸ਼ਿਵਰਾਜ ਅਤੇ ਪੰਜਾਬ ਸਿੰਘ ਕਾਹਲੋਂ ਵੱਲੋਂ ਆਪਣੀਆਂ ਗ਼ਜ਼ਲਾਂ ਤੇ ਗੀਤਾਂ ਨਾਲ ਮੈਂਬਰਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਬਰੈਂਪਟਨ ਸ਼ਹਿਰ ਨਾਲ ਸਬੰਧਿਤ ਇਹ ਕਲੱਬ ਤਿੰਨ ਸਾਲ ਪਹਿਲਾਂ ਹੋਂਦ ਵਿਚ ਆਈ। ਇਸ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਕਲੱਬ ਦੇ ਉੱਪ-ਪ੍ਰਧਾਨ ਗਿਆਨ ਪਾਲ ਨੇ ਕਿਹਾ,"ਇਸ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਵਿਚ ਅਸੀਂ ਉਮਰ ਦੇ ਅਗਲੇ ਪੜਾਅ ਵੱਲ ਵੱਧ ਰਹੇ ਆਪਣੇ ਸੀਨੀਅਰ ਮੈਂਬਰਾਂ ਨੂੰ ਸਿਹਤਮੰਦ ਅਤੇ ਊਰਜਾ-ਭਰਪੂਰ ਰਹਿਣ ਦੇ ਨਾਲ ਨਾਲ ਕਮਿਊਨਿਟੀ ਦੇ ਨਾਲ ਨੇੜਤਾ ਬਣਾਈ ਰੱਖਣ ਲਈ ਪ੍ਰੇਰਨਾ ਕਰਦੇ ਹਾਂ। ਇਸ ਦੇ ਨਾਲ ਉਨ੍ਹਾਂ ਦੀ ਉਮਰ ਵਿਚ ਵਾਧਾ ਹੁੰਦਾ ਹੈ ਅਤੇ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਚੁਸਤ-ਦਰੁੱਸਤ ਰਹਿੰਦੇ ਹਨ। ਇਸ ਦੇ ਨਾਲ ਹੀ ਜਿਹੜੇ ਮੈਂਬਰ ਆਪਣੇ ਘਰਾਂ ਵਿਚ ਸੁਰੱਖਿਅਤ ਮਹਿਸੂਸ ਕਰਦੇ ਹੋਏ ਆਜ਼ਾਦਾਨਾ ਤੌਰ 'ਤੇ ਰਹਿਣਾ ਚਾਹੁੰਦੇ ਹਨ, ਦੀ ਸਹਾਇਤਾ ਵੀ ਕੀਤੀ ਜਾਂਦੀ ਹੈ। ਕਲੱਬ ਦੇ ਸੈਕਟਰੀ ਹਰਚਰਨ ਸਿੰਘ ਨੇ ਮੈਂਬਰਾਂ ਨੂੰ ਦੱਸਿਆ ਕਿ ਕਲੱਬ ਦਾ ਅਗਲਾ ਈਵੈਂਟ ਨਿਆਗਰਾ ਫ਼ਾਲਜ਼ ਦਾ ਟੂਰ ਹੋਵੇਗਾ ਜਿਹੜਾ ਕਿ ਮੈਂਬਰਾਂ ਲਈ ਬਿਨਾਂ ਕਿਸੇ ਖ਼ਰਚੇ ਦੇ ਕੰਪਲੀਮੈਂਟਰੀ ਹੋਵੇਗਾ। ਜਿਹੜੇ ਮੈਂਬਰ ਇਸ ਟੂਰ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ ਇਸ ਦੇ ਬਾਰੇ ਕਲੱਬ ਦੇ ਕਾਰਜਕਾਰੀ ਡਾਇਰੈਕਟਰਾਂ ਨਾਲ ਸੰਪਰਕ ਕਰ ਸਕਦੇ ਹਨ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 104 ਸਾਲਾ ਸ਼ਹੀਦੀ ਸਮਾਗ਼ਮ 24 ਨਵੰਬਰ ਨੂੰ



ਬਰੈਂਪਟਨ, (ਡਾ. ਝੰਡ) - ਜਸਵੀਰ ਸਿੰਘ ਪਾਸੀ ਤੋਂ ਪ੍ਰਾਪਤ ਸੂਚਨਾ ਅਨੁਸਾਰ ਸਰਾਭਾ-ਵਾਸੀਆਂ ਤੇ ਇਲਾਕਾ-ਵਾਸੀਆ ਵੱਲੋਂ ਮਿਲ ਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 104 ਸਾਲਾ ਸ਼ਹੀਦੀ ਸਮਾਗ਼ਮ 24 ਨਵੰਬਰ ਦਿਨ ਐਤਵਾਰ ਨੂੰ ਗੁਰਦ-ਆਰਾ ਸਾਹਿਬ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਵਿਖੇ ਮਨਾਇਆ ਜਾਏਗਾ।

ਇਸ ਸਮਾਗ਼ਮ ਨਾਲ ਸਬੰਧਿਤ ਸ੍ਰੀ ਸੁਖਮਨੀ ਸਾਹਿਬ ਜੀ ਪਾਠ ਸਵੇਰੇ 10.00 ਵਜੇ ਆਰੰਭ ਹੋਵੇਗਾ। ਉਪਰੰਤ, 11.45 ਵਜੇ ਤੀਕ ਢਾਡੀ ਜੱਥੇ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਘਰਸ਼ਮਈ ਜੀਵਨ, ਉਨ੍ਹਾਂ ਵੱਲੋਂ ਭਾਰਤ ਦੀ ਆਜ਼ਾਦੀ ਲਈ ਗ਼ਦਰ ਪਾਰਟੀ ਵਿਚ ਪਾਏ ਗਏ ਵੱਡਮੁੱਲੇ ਯੋਗਦਾਨ ਅਤੇ ਉਨ੍ਹਾਂ ਦੀ 19 ਸਾਲ ਦੀ ਛੋਟੀ ਉਮਰੇ ਹੋਈ ਲਾਸਾਨੀ ਸ਼ਹੀਦੀ ਬਾਰੇ ਵਾਰਾਂ ਗਾਈਆਂ ਜਾਣਗੀਆਂ। ਅਰਦਾਸ ਹੋਵੇਗੀ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਸਮੂਹ ਸੰਗਤ ਨੂੰ ਇਸ ਸ਼ਹੀਦੀ ਸਮਾਗ਼ਮ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜਸਵੀਰ ਸਿੰਘ (416-843-5330), ਕਰਮਜੀਤ ਸਿੰਘ (202-830-9261) ਜਾਂ ਮਨਦੀਪ ਸਿੰਘ (647-504-4949) 'ਤੇ ਸੰਪਰਕ ਕਰੋ, ਜੀ।

# ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਚਿੰਗੂਜ਼ੀ ਪਾਰਕ ਵਿਚ ਗੁਰੂ ਨਾਨਕ ਦੇਵ ਜੀ ਦਾ 550'ਵਾਂ ਪ੍ਰਕਾਸ਼-ਪੁਰਬ ਵਿਲੱਖਣ ਢੰਗ ਨਾਲ ਮਨਾਇਆ

ਬਰੈਂਪਟਨ, (ਡਾ. ਝੰਡ) -ਪਿਛਲੇ 5-6 ਸਾਲ ਤੋਂ ਬਰੈਂਪਟਨ ਵਿਚ ਸਰਗ਼ਰਮ ਟੀ.ਪੀ.ਏ.ਆਰ ਕਲੱਬ ਜੋ ਸਰੀਰਕ ਤੇ ਮਾਨਸਿਕ ਤੰਦਰੁਸਤੀ ਕਾਇਮ ਲਈ ਦੌੜਨ ਅਤੇ ਵਾਕ ਕਰਨ ਦਾ ਸਾਥਿਕ ਸੁਨੇਹਾ ਦਿੰਦੀ ਆ ਰਹੀ ਹੈ ਅਤੇ ਇਸ ਦੇ ਮੈਂਬਰ ਵੱਖ-ਵੱਖ ਮੈਰਾਥਨ ਤੇ ਹਾਫ਼-ਮੈਰਾਥਨ ਦੌੜਾਂ ਵਿਚ ਭਾਗ ਲੈਂਦੇ ਰਹੇ ਹਨ, ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਪੁਰਬ ਵੱਖਰੀ ਤਰ੍ਹਾਂ ਮਨਾਇਆ।



-ਧਿਆਨ ਸਿੰਘ ਸੋਹਲ ਨੂੰ ਬੋਸਟਨ ਮੈਰਾਥਨ ਵਿਚ ਭਾਗ ਲੈਣ ਲਈ ਸ਼ੁਭ-ਇੱਛਾਵਾਂ ਦਿੱਤੀਆਂ

-ਸੰਜੂ ਗੁਪਤਾ ਨੇ ਪੋਰਟ ਪੈਰੀ 10 ਕਿਲੋਮੀਟਰ ਦੌੜ 1 ਘੰਟਾ 7 ਮਿੰਟ 51 ਸਕਿੰਟ ਵਿਚ ਲਗਾਈ

ਕਲੱਬ ਦੇ 25 ਮੈਂਬਰ ਸਥਾਨਕ ਚਿੰਗੂਜ਼ੀ ਪਾਰਕ ਵਿਚ 17 ਨਵੰਬਰ ਐਤਵਾਰ ਨੂੰ ਸਵੇਰੇ 11.00 ਵਜੇ ਇਕੱਠੇ ਹੋ ਗਏ ਅਤੇ ਪੂਰੀ ਸਰਦੀ ਵਿਚ ਪਾਰਕ ਦੇ ਆਲੇ-ਦੁਆਲੇ ਬਣੇ ਹੋਏ ਵਾਕ-ਵੇਅ ਉੱਪਰ ਉਨ੍ਹਾਂ ਵਿੱਚੋਂ ਕਈਆਂ ਨੇ ਦੌੜ ਲਗਾਈ ਤੇ ਕਈਆਂ ਨੇ ਪੈਦਲ ਵੱਕ ਕੀਤੀ। ਲੱਗਭੱਗ 12 ਵਜੇ ਉਨ੍ਹਾਂ ਦੇ ਸਾਥੀ ਆਪਣੇ ਘਰਾਂ ਤੋਂ ਬਣਾ ਕੇ ਲਿਆਂਦੇ ਹੋਏ ਖਾਧ-ਪਦਾਰਥ ਲੈ ਕੇ ਪਹੁੰਚ ਗਏ। ਸਾਰਿਆਂ ਨੇ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਉਤਸਵ ਨੂੰ ਯਾਦ ਕਰਦਿਆਂ ਹੋਇਆਂ ਕਲੱਬ ਦੀ ਚੜ੍ਹਦੀ-ਕਲਾ ਲਈ ਅਰਦਾਸ ਬੇਨਤੀ ਕੀਤੀ ਅਤੇ ਘਰਾਂ ਤੋਂ ਲਿਆਂਦਾ ਹੋਇਆ ਭੋਜਨ ਮਿਲ ਕੇ ਛਕਿਆ। ਇਸ ਸਾਂਝੇ ਲੰਗਰ ਵਿਚ ਸ਼ਾਮਲ ਸਾਗ ਤੇ ਮੱਕੀ ਦੀ ਰੋਟੀ ਦੀ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਰਾਹਨਾ ਕੀਤੀ ਗਈ, ਜਦਕਿ ਇਸ ਵਿਚ ਕਣਕ ਦੇ ਪ੍ਰਸ਼ਾਦੇ, ਖ਼ੀਰ, ਕੜਾਹ, ਦਹੀਂ ਤੇ ਹੋਰ ਸਵਾਦੀ ਖਾਧ-ਪਦਾਰਥ ਵੀ ਸ਼ਾਮਲ ਸਨ। ਮੈਂਬਰਾਂ ਵੱਲੋਂ ਹਰਜੀਤ ਸਿੰਘ, ਰਾਕੇਸ਼ ਸ਼ਰਮਾ, ਗੁਰਮੇਜ ਰਾਏ, ਸੰਜੂ ਗੁਪਤਾ ਤੇ ਹੋਰਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਲੰਗਰ ਵਿਚ ਵੱਧ-ਚੜ੍ਹ ਕੇ ਹਿਸਾ ਪਾਇਆ।

ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਕਲੱਬ ਦੇ ਸਰਗਰਮ ਮੈਂਬਰ ਧਿਆਨ ਸਿੰਘ ਸੋਹਲ 20 ਅਪ੍ਰੈਲ 2020 ਨੂੰ ਅਮਰੀਕਾ ਦੇ ਸ਼ਹਿਰ ਬੋਸਟਨ ਵਿਚ ਹੋਣ ਵਾਲੀ ਮੈਰਾਥਨ ਦੌੜ ਵਿਚ ਭਾਗ ਲੈਣ ਲਈ ਜਾ ਰਹੇ ਹਨ। ਕਲੱਬ ਦੇ ਕੁਝ ਮੈਂਬਰ ਵੀ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਲਈ ਉਨ੍ਹਾਂ ਦੇ ਨਾਲ ਬੋਸਟਨ ਜਾ ਰਹੇ ਹਨ। ਉਪਰੋਕਤ ਸੰਖੇਪ ਸਮਾਗ਼ਮ ਵਿਚ ਮੈਂਬਰਾਂ ਵੱਲੋਂ ਧਿਆਨ ਸਿੰਘ ਸੋਹਲ ਨੂੰ ਇਸ ਵਿਸ਼ਵ-ਪੱਧਰੀ ਮਿਆਰੀ ਮੈਰਾਥਨ ਵਿਚ ਹਿਸਾ ਲੈਣ ਲਈ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ।

ਏਸੇ ਤਰ੍ਹਾਂ ਕਲੱਬ ਦੇ ਇਕ ਹੋਰ ਮੈਂਬਰ ਸੰਜੂ ਗੁਪਤਾ ਜਿਸ ਨੇ ਉਸ ਦਿਨ ਉੱਤਰ ਵਾਲੇ ਪਾਸੇ ਪੋਰਟ ਪੈਰੀ ਵਿਚ ਹੋਈ 10 ਕਿਲੋਮੀਟਰ ਫ਼ਾਲ ਰੱਨ ਵਿਚ ਸਫ਼ਲਤਾ-ਪੂਰਵਕ ਭਾਗ ਲਿਆ, ਨੂੰ ਵੀ ਸ਼ੁਭ-ਕਾਮਨਾਵਾਂ ਦਿੱਤੀਆਂ ਗਈਆਂ। ਸੰਜੂ ਗੁਪਤਾ ਦੀ ਉਸ ਦਿਨ ਇਸ ਸਾਲ ਦੀ ਇਹ 50'ਵੀਂ ਦੌੜ ਸੀ ਜੋ ਉਸ ਨੇ 1 ਘੰਟਾ 7 ਮਿੰਟ ਤੇ 51 ਸਕਿੰਟ ਵਿਚ ਸਫ਼ਲਤਾ-ਪੂਰਵਕ ਪੂਰੀ ਕੀਤੀ। ਸੰਜੂ ਗੁਪਤਾ ਅਨੁਸ-ਾਰ ਉਸ ਦਾ ਟੀਚਾ ਇਸ ਸਾਲ ਵਿਚ 55 ਦੌੜਾਂ ਵਿਚ ਭਾਗ ਲੈਣ ਦਾ ਹੈ। ਸਰਦੀਆਂ ਦੇ ਬਰਫ਼ੀਲੇ ਦਿਨਾਂ ਵਿਚ ਇਨ੍ਹਾਂ ਦੌੜਾਂ ਵਿਚ ਹਿਸਾ ਲੈਣਾ ਡਾਹਡੇ ਜ਼ੋਖ਼ਮ ਭਰਿਆ ਹੈ ਪਰ ਸੰਜੂ ਇਹ ਜ਼ੋਖ਼ਮ ਉਠਾਉਣ ਲਈ ਪੂਰੀ ਤਰ੍ਹਾਂ ਦ੍ਰਿੜ ਹੈ।

# ਪਤਨੀ ਨੇ ਮ੍ਰਿਤਕ ਲਿਖਾਇਆ, ਪਤੀ ਨੇ ਕਿਹਾ: ਸਰਕਾਰ! ਮੈਂ ਅਜੇ ਜਿੰਦਾ ਹਾਂ..

ਮੌੜ ਮੰਡੀ, 19 ਨਵੰਬਰ (ਪੋਸਟ ਬਿਊਰੋ)- ਜਿੰਦਾ ਪਤੀ ਨੂੰ ਮ੍ਰਿਤਕ ਦਿਖਾ ਕੇ ਪਤਨੀ ਵੱਲੋਂ ਦੋ ਬੱਚਿਆਂ ਦਾ ਵਿਆਹ ਦੇ ਬਾਅਦ ਸਰਕਾਰ ਤੋਂ ਮਿਲਣ ਵਾਲੀ ਸ਼ਗਨ ਸਕੀਮ ਦੀ ਰਾਸ਼ੀ ਲੈਣ ਦਾ ਯਤਨ ਕਰਨ ਦਾ ਭੇਦ ਖੁੱਲ੍ਹਾ ਹੈ।

ਪਿਛਲੇ ਦੋ ਸਾਲ ਤੋਂ ਪੀੜਤ ਪਤੀ ਖੁਦ ਨੂੰ ਜਿੰਦਾ ਸਾਬਤ ਕਰਨ ਲਈ ਪਹਿਲਾਂ ਪੁਲਸ ਅਫਸਰਾਂ ਦੇ ਚੱਕਰ ਲਾਉਂਦਾ ਰਿਹਾ, ਪਰ ਜਦੋਂ ਕੋਈ ਸੁਣਵਾਈ ਨਾ ਹੋਈ ਤਾਂ ਉਹ ਨਿਆਂ ਲਈ ਕੱਲ੍ਹ ਮੌੜ ਵਾਟਰ ਵਰਕਸ ਦੀ ਪਾਣੀ ਦੀ ਟੈਂਕੀ 'ਤੇ ਚੜ੍ਹ ਗਿਆ। ਬਾਅਦ ਵਿੱਚ ਥਾਣਾ ਇੰਚਾਰਜ ਨੇ ਧੋਖਾਧੜੀ ਵਿੱਚ ਸ਼ਾਮਲ ਦੋਸ਼ੀਆਂ ਦੇ ਖਿਲਾਫ ਕਾਰਵਾਈ ਦਾ ਭਰੋਸਾ ਦੇ ਕੇ ਉਸ ਨੂੰ ਉਤਾਰਿਆ। ਇਹ ਮਾਮਲਾ ਮੌੜ ਖੁਰਦ ਦੀ ਬਲਾਕੀ ਪੱਤੀ ਦਾ ਹੈ, ਜਿੱਥੇ ਆਪਣੇ ਪਤੀ ਨਾਲ ਨਾਰਾਜ਼ ਇੱਕ ਮਹਿਲਾ ਦੋ ਬੱਚਿਆਂ ਨਾਲ ਵੱਖ ਰਹਿਣ ਲੱਗੀ ਸੀ। ਦੋ ਸਾਲ ਪਹਿਲਾਂ ਉਸ ਨੇ ਪਤੀ ਨੂੰ ਮ੍ਰਿਤਕ ਦਿਖਾਕੇ ਸਰਕਾਰ ਤੋਂ ਮਿਲਦੀ ਸ਼ਗਨ ਸਕੀਮ ਦਾ ਲਾਭ ਲੈਣ ਦੀ ਅਰਜ਼ੀ ਦੇ ਦਿੱਤੀ। ਇਸ ਦੀ ਜਾਣਕਾਰੀ ਹੋਣ 'ਤੇ ਪਤੀ ਨੇ ਆਪਣਾ ਜਿੰਦਾ ਹੋਣ ਦਾ ਸਬੂਤ ਦਿੱਤਾ ਤਾਂ ਗਰਾਂਟ ਰੋਕ ਦਿੱਤੀ ਗਈ। ਪਤੀ ਬ੍ਰਿਸ਼ਭਾਨ ਨੇ ਕਿਹਾ ਕਿ ਉਸ ਦੀ ਪਤਨੀ ਸੁਖਪਾਲ ਕੌਰ ਪਿਛਲੇ ਕੁਝ ਸਾਲ ਤੋਂ ਵੱਖ ਰਹਿ ਰਹੀ ਹੈ ਅਤੇ ਉਸ ਨੇ ਮੈਨੂੰ ਮ੍ਰਿਤਕ ਦਿਖਾ ਕੇ ਬੇਟੀ ਦਾ ਵਿਆਹ ਕਰਨ ਲਈ ਸ਼ਗੁਨ ਸਕੀਮ ਦੀ ਅਰਜ਼ੀ ਦਿੱਤੀ ਸੀ। ਜਦੋਂ ਮੈਨੂੰ ਇਸ ਦੀ ਜਾਣਕਾਰੀ ਮਿਲੀ ਤਾਂ ਮੈਂ ਵਿਰੋਧ ਸ਼ੁਰੂ ਕਰ ਦਿੱਤਾ। ਨਾਲ ਆਪਣੇ ਜਿੰਦਾ ਹੋਣ ਦਾ ਸਬੂਤ ਵੀ ਪੇਸ਼ ਕੀਤਾ। ਪੀੜਤ ਨੇ ਦੋਸ਼ੀਆਂ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰਾਉਣ ਦੀ ਮੰਗ ਕੀਤੀ ਹੈ।

# ਅਮਰੀਕੀ ਸੈਨੇਟ ਵੱਲੋਂ ਸਿੱਖਾਂ ਲਈ ਸ਼ਲਾਘਾ ਮਤੇ ਦਾ ਭਾਈ ਲੌਂਗੋਵਾਲ ਵੱਲੋਂ ਸਵਾਗਤ

ਅੰਮ੍ਰਿਤਸਰ, 19 ਨਵੰਬਰ (ਗਿਆਨ ਸਿੰਘ) ਅਮਰੀਕੀ ਸੈਨੇਟ ਵੱਲੋਂ ਸਿੱਖਾਂ ਸਬੰਧੀ ਸ਼ਲਾਘਾ ਮਤਾ ਪਾਸ ਕਰਨ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਵਾਗਤ ਕੀਤਾ ਹੈ। ਦੱਸਣਯੋਗ ਹੈ ਕਿ ਅਮਰੀਕਾ ਦੀ ਸੰਸਦ ਦੇ ਉਪਰਲੇ ਸਦਨ ਸੈਨੇਟ ਵਿਚ ਸਿੱਖਾਂ ਦੇ ਸਨਮਾਨ 'ਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ


## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




ਗਿਆ ਹੈ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ, ਸੱਭਿਆਚਾਰਕ ਤੇ ਧਾਰਮਿਕ ਮਹੱਤਵ ਨੂੰ ਵੀ ਵਿਸ਼ੇਸ਼ ਤੌਰ 'ਤੇ ਦਰਸਾਇਆ ਗਿਆ ਹੈ। ਮਤੇ ਰਾਹੀਂ 7 ਸਿੱਖਾਂ ਦੇ ਯੋਗਦਾਨ ਨੂੰ ਵੀ ਸਲਾਹਿਆ ਗਿਆ। ਇਹ ਮਤਾ ਵੀਰਵਾਰ ਨੂੰ ਪਾਸ ਕੀਤਾ ਗਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖ ਪੂਰੇ ਵਿਸ਼ਵ ਵਿਚ ਆਪਣੀ ਮਿਹਨਤ ਤੇ ਲਿਆਕਤ ਨਾਲ ਉੱਚ ਬੁਲੰਦੀਆਂ ਛੂਹ ਰਹੇ ਹਨ। ਇਹ ਆਪਣੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਤੇ ਸਿੱਖ ਰਹਿਣੀ ਅਨੁਸਾਰ ਹਰ ਇਕ ਨਾਲ ਮਿਲਵਰਤਨ ਰੱਖਦੇ ਹਨ। ਅੱਜ ਕਈ ਵਿਕਸਤ ਦੇਸ਼ਾਂ ਅੰਦਰ ਸਿੱਖ ਸਰਕਾਰਾਂ ਦਾ ਹਿੱਸਾ ਹੋਣ ਦੇ ਨਾਲ-ਨਾਲ ਵੱਖ-ਵੱਖ ਉੱਚ ਅਹੁਦਿਆਂ ਤੱਕ ਪਹੁੰਚੇ ਹੋਏ ਹਨ। ਵਿਦੇਸ਼ਾਂ ਅੰਦਰ ਕਾਰੋਬਾਰੀ ਸਿੱਖਾਂ ਦੀ ਵੀ ਸੂਚੀ ਬੇਅੰਤ ਲੰਮੀ ਹੈ। ਸੇਵਾ, ਸਿਮਰਨ ਦੀ ਪ੍ਰੰਪਰਾ ਦੇ ਵਾਰਸ ਸਿੱਖ ਹਰ ਮੁਸ਼ਕਲ ਘੜੀ ਮਨੁੱਖਤਾ ਦੀ ਮੱਦਦ ਵਿਚ ਅੱਗੇ ਰਹੇ। ਅਮਰੀਕਾ ਵੱਲੋਂ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਕਰਨੀ ਗੁਰੂ ਸਾਹਿਬ ਜੀ ਦੀ ਸ਼ਾਨਾਮੱਤੀ ਵਿਰਾਸਤ ਤੇ ਵਿਚਾਰਧਾਰਾ ਦਾ ਸਤਿਕਾਰ ਹੈ।

# ਕੈਨੇਡਾ ਤੋਂ ਬੱਸ ਰਾਹੀਂ ਵਿਸ਼ਵ ਯਾਤਰਾ 'ਤੇ ਨਿਕਲੇ ਸਿੱਖ ਯਾਤਰੀਆਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ

## 550ਵੇਂ ਪ੍ਰਕਾਸ਼ ਪੁਰਬ ਸਬੰਧੀ ਟੋਰਾਂਟੋ ਤੋਂ ਸ਼ੁਰੂ ਕੀਤੀ ਸੀ ਯਾਤਰਾ



ਕੈਨੇਡਾ ਤੋਂ ਵਿਸ਼ਵ ਯਾਤਰਾ 'ਤੇ ਨਿਕਲੇ ਸਿੱਖ ਯਾਤਰੀਆਂ ਦਾ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸਨਮਾਨ ਕਰਦੇ ਹੋਏ ਡਾ. ਰੂਪ ਸਿੰਘ, ਮਨਜੀਤ ਸਿੰਘ ਬਾਠ, ਕੁਲਵਿੰਦਰ ਸਿੰਘ ਰਮਦਾਸ ਅਤੇ ਹੋਰ।

ਅੰਮ੍ਰਿਤਸਰ, 19 ਨਵੰਬਰ (ਗਿਆਨ ਸਿੰਘ ) ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਕੈਨੇਡਾ ਤੋਂ ਵਿਸ਼ਵ ਯਾਤਰਾ 'ਤੇ ਨਿਕਲੇ ਸਿੱਖ ਸ਼ਰਧਾਲੂਆਂ ਦਾ ਸ੍ਰੀ ਅੰਮ੍ਰਿਤਸਰ ਪੁੱਜਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਕੈਨੇਡਾ ਦੇ ਟੋਰਾਂਟੋ ਤੋਂ ਕਰੀਬ ਦੋ ਮਹੀਨੇ ਪਹਿਲਾਂ ਸ਼ੁਰੂ ਹੋਈ ਇਹ ਯਾਤਰਾ ਵੱਖ-ਵੱਖ ਦੇਸ਼ਾਂ ਤੋਂ ਹੁੰਦੀ ਹੋਈ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਤੇ ਸ੍ਰੀ ਨਨਕਾਣਾ ਸਾਹਿਬ ਤੋਂ ਬਾਅਦ ਵਾਹਗਾ ਅਟਾਰੀ ਸਰਹੱਦ ਰਾਹੀਂ ਬੀਤੇ ਕੱਲ੍ਹ ਸ੍ਰੀ ਅੰਮ੍ਰਿਤਸਰ ਵਿਖੇ ਪੁੱਜੀ ਸੀ। ਯਾਤਰਾ 'ਚ ਸ਼ਾਮਲ ਇਹ ਸ਼ਰਧਾਲੂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਅੱਜ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਪੁੱਜੇ, ਜਿਥੇ ਉਨ੍ਹਾਂ ਦਾ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਮਨਜੀਤ ਸਿੰਘ ਬਾਠ ਤੇ ਹੋਰ ਅਧਿਕਾਰੀਆਂ ਨੇ ਸਨਮਾਨ ਕੀਤਾ। ਗੁਰਚਰਨ ਸਿੰਘ ਬਨਵੈਤ ਦੀ ਅਗਵਾਈ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕੀਦਤ ਭੇਟ ਕਰਨ ਨਿਕਲੇ ਇਸ ਜਥੇ ਵਿਚ 8 ਮੈਂਬਰ ਸ਼ਾਮਲ ਹਨ। ਬਨਵੈਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਕਰੀਬ 2 ਮਹੀਨੇ ਦੇ ਸਫ਼ਰ ਦੌਰਾਨ 17 ਦੇਸ਼ਾਂ ਦੀ ਯਾਤਰਾ ਕੀਤੀ ਹੈ। ਇਸ ਦੌਰਾਨ ਉਨ੍ਹਾਂ ਨੇ ਪਹਿਲੇ ਪਾਤਸ਼ਾਹ ਜੀ ਦੇ ਜੀਵਨ ਇਤਿਹਾਸ ਤੇ ਸਿੱਖਿਆਵਾਂ ਸਬੰਧੀ ਵੱਖ-ਵੱਖ ਦੇਸ਼ਾਂ ਵਿਚ ਸਾਹਿਤ ਵੀ ਵੰਡਿਆ। ਉਨ੍ਹਾਂ ਦੱਸਿਆ ਕਿ ਯਾਤਰਾ ਦਾ ਮੰਤਵ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੀ ਰੌਸ਼ਨੀ ਵਿਚ ਵਿਸ਼ਵ ਸ਼ਾਂਤੀ ਦਾ ਸੁਨੇਹਾ ਫੈਲਾਉਣਾ ਸੀ। ਉਨ੍ਹਾਂ ਕਿਹਾ ਕਿ ਹਰ ਦੇਸ਼ ਵਿਚ ਉਨ੍ਹਾਂ ਦਾ ਭਰਵਾਂ ਸਵਾਗਤ ਹੋਇਆ ਹੈ। ਜਿਨ੍ਹਾਂ ਦੇਸ਼ਾਂ ਵਿਚ ਸਿੱਖਾਂ ਦੀ ਵੱਸੋਂ ਨਹੀਂ ਹੈ, ਉਥੇ ਵੀ ਲੋਕਾਂ ਵੱਲੋਂ ਭਰਪੂਰ ਪਿਆਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਯਾਤਰਾ ਲਈ ਟੋਰਾਂਟੋ ਦੇ ਵਸਨੀਕ ਅਮੀਰ ਖਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ, ਜੋ ਪਿੱਛੋਂ ਲਾਹੌਰ ਦੇ ਰਹਿਣ ਵਾਲੇ ਹਨ। ਸ. ਬਨਵੈਤ ਅਨੁਸਾਰ ਉਨ੍ਹਾਂ ਨੇ ਯਾਤਰਾ ਦੌਰਾਨ 21 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਇਸ ਤਹਿਤ ਉਹ ਇੰਗਲੈਂਡ, ਪੈਰਸ, ਜਰਮਨ, ਸਵਿਟਰਜਰਲੈਂਡ, ਹਾਲੈਂਡ, ਬੈਲਜੀਅਮ, ਅਸਟ੍ਰੀਆ, ਹੰਗਰੀ, ਟਰਕੀ, ਇਰਾਨ, ਪਾਕਿ-ਸਤਾਨ, ਭਾਰਤ ਆਦਿ ਦੇਸ਼ਾਂ ਵਿਚ ਗਏ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਸਨਮਾਨ ਲਈ ਧੰਨਵਾਦ ਵੀ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਅਜਿਹੀਆਂ ਯਾਤਰਾਵਾਂ ਵਿਸ਼ਵ 'ਚ ਸਿੱਖ ਪਛਾਣ ਨੂੰ ਉਭਾਰਨ 'ਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਸਿੱਖ ਕੌਮ ਨੂੰ ਮਾਣ ਹੈ ਕਿ ਗੁਰੂ ਦੇ ਅਜਿਹੇ ਸਿੱਖ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਪ੍ਰਚਾਰਨ 'ਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਵ ਭਰ ਵਿਚ ਵੱਸਦੇ ਸਿੱਖਾਂ ਨੇ ਆਪੋ-ਆਪਣੇ ਤਰੀਕੇ ਨਾਲ ਯੋਗਦਾਨ ਪਾਇਆ ਹੈ ਅਤੇ ਕੈਨੇਡਾ ਤੋਂ ਸ਼ੁਰੂ ਕੀਤੀ ਗਈ ਇਹ ਯਾਤਰਾ ਵੀ ਇਸੇ ਦਾ ਹੀ ਇਕ ਹਿੱਸਾ ਹੈ। ਦੱਸਣਯੋਗ ਹੈ ਕਿ ਪੰਜਾਬ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਸਥਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਮੇਤ ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਮਗਰੋਂ ਇਹ ਯਾਤਰੀ ਮੁੰਬਈ ਤੋਂ ਵਾਪਸ ਕੈਨੇਡਾ ਲਈ ਰਵਾਨਾ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਬੁਲ-ਾਰੇ ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਨਿਸ਼ਾਨ ਸਿੰਘ, ਵਧੀਕ ਮੈਨੇਜਰ ਰਾਜਿੰਦਰ ਸਿੰਘ ਰੂਬੀ, ਮਲਕੀਤ ਸਿੰਘ ਬਹਿੜਵਾਲ ਅਤੇ ਹੋਰ ਮੌਜੂਦ ਸਨ।

## ਭਾਰਤੀ ਲੋਕਤੰਤਰ ਦੇ ਹੀਰੋ ਸਨ ਚੋਣ ਕਮਿਸ਼ਨਰ ਟੀ ਐੱਨ ਸ਼ੇਸ਼ਨ

-ਵਿਸ਼ਣੂ ਗੁਪਤ

ਟੀ ਐਨ ਸ਼ੇਸ਼ਨ ਦੀ ਮੌਤ 'ਤੇ ਮੀਡੀਆ ਅਤੇ ਸਿਆਸੀ ਹਲਕਿਆਂ 'ਚ ਸੀਮਤ ਜਗ੍ਹਾ ਹੀ ਕਿਉਂ ਮਿਲੀ? ਕੀ ਉਨ੍ਹਾਂ ਨੂੰ ਵਿਸ਼ੇਸ਼ ਜਗ੍ਹਾ ਨਹੀਂ ਮਿਲਣੀ ਚਾਹੀਦੀ ਸੀ? ਉਨ੍ਹਾਂ ਦੀ ਲੋਕਤੰਤਰੀ ਸੁਧਾਰ ਦੀ ਦਲੇਰੀ ਉਤੇ ਵਿਸਥਾਰ ਪੂਰਕ ਚਰਚਾ ਨਹੀਂ ਹੋਣੀ ਚਾਹੀਦੀ ਸੀ? ਟੀ ਐੱਨ ਸ਼ੇਸ਼ਨ ਦੀ ਲੋਕਤੰਤਰੀ ਦਲੇਰੀ ਕੀ ਸੀ? ਲੋਕਤੰਤਰ ਨੂੰ ਉਨ੍ਹਾਂ ਨੇ ਕਿਵੇਂ ਖੁਸ਼ਹਾਲ ਬਣਾਇਆ ਸੀ ਅਤੇ ਵੋਟ ਦੀ ਮਹੱਤਤਾ ਬਾਰੇ ਉਨਾਂ ਨੇ ਕਿਵੇਂ ਸਮਝਾਇਆ? ਵੋਟਾਂ ਦੀ ਲੁੱਟ ਨੂੰ ਉਨ੍ਹਾਂ ਨੇ ਕਿਵੇਂ ਰੋਕਿਆ? ਬੂਥ ਕਬਜ਼ੇ ਕਰਨ ਦੇ ਸਿਆਸੀ ਕਲਚਰ 'ਤੇ ਉਨ੍ਹਾਂ ਕਿਵੇਂ ਰੋਕ ਲਾਈ? ਕੀ ਦੇਸ਼ ਦੀ ਮੌਜੂਦਾ ਪੀੜ੍ਹੀ ਨੂੰ ਇਹ ਨਹੀਂ ਦੱਸਣਾ ਚਾਹੀਦਾ?

ਲੋਕਤੰਤਰ ਨੂੰ ਟਿੱਚ ਜਾਣ ਕੇ ਸਿਆਸੀ ਸੱਤਾ 'ਤੇ ਕਬਜ਼ਾ ਕਰਨ ਵਾਲੇ ਅਪਰਾਧੀ ਕਿਸਮ ਦੇ ਸਿਆਸਤਦਾਨਾਂ ਦੀਆਂ ਅੱਖਾਂ ਵਿੱਚ ਟੀ ਐੱਨ ਸੇਸ਼ਨ ਰੜਕਦੇ ਰਹੇ, ਫਿਰ ਵੀ ਉਨ੍ਹਾਂ ਨੇ ਹਾਰ ਨਹੀ ਮੰਨੀ ਸੀ। ਅੱਜ ਚੋਣ ਸੁਧਾਰਾਂ ਦੀ ਜਿੰਨੀ ਵੀ ਪ੍ਰਕਿਰਿਆ ਚੱਲ ਰਹੀ ਹੈ, ਅੱਜ ਚੋਣ ਸੁਧਾਰਾਂ ਦੇ ਜਿੰਨੇ ਵੀ ਕਾਨੂੰਨ ਹੋਂਦ ਵਿੱਚ ਆਏ ਹਨ, ਉਸ ਸਭ ਦੀ ਬੁਨਿਆਦ ਵਿੱਚ ਸ਼ੇਸ਼ਨ ਦੀ ਦਲੇਰੀ ਰਹੀ ਹੈ। ਇਸ ਤੋਂ ਪਹਿਲਾਂ ਚੋਣ ਕਮਿਸ਼ਨ ਨੂੰ ਰੀੜ੍ਹ-ਰਹਿਤ, ਦੰਦ-ਰਹਿਤ ਸੰਸਥਾ ਮੰਨਿਆ ਜਾਂਦਾ ਸੀ, ਜਿਸ ਕੋਲ ਨਾ ਕੋਈ ਵਿਸ਼ੇਸ਼ ਅਧਿਕਾਰ ਸਨ ਅਤੇ ਨਾ ਚੋਣ ਕਮਿਸ਼ਨ ਦੇ ਸਿਰ 'ਤੇ ਬੈਠੇ ਅਧਿਕਾਰੀਆਂ ਦੀ ਕੋਈ ਮਰਜ਼ੀ ਚੱਲਦੀ ਸੀ, ਉਹ ਸਿਰਫ ਸਰਕਾਰ ਦੇ ਗੁਲਾਮ ਹੁੰਦੇ ਸਨ ਅਤੇ ਸਰਕਾਰ ਦੀਆਂ ਇੱਛਾਵਾਂ ਨੂੰ ਸਿਰ-ਮੱਥੇ ਮੰਨਦੇ ਸਨ।

ਸੱਤਾਧਾਰੀ ਪਾਰਟੀ ਇਹ ਨਹੀਂ ਚਾਹੁੰਦੀ ਸੀ ਕਿ ਚੋਣ ਕਮਿਸ਼ਨ ਮਜ਼ਬੂਤ ਬਣੇ। ਜੇ ਅਜਿਹਾ ਹੁੰਦਾ ਤਾਂ ਸੱਤਾਧਾਰੀ ਪਾਰਟੀ ਲਈ ਦੁਬਾਰਾ ਸੱਤਾ ਵਿੱਚ ਆਉਣ ਦੀਆਂ ਸਾਰੀਆਂ ਆਸਾਂ ਚੋਣਾਂ ਤੋਂ ਪਹਿਲਾਂ ਖਤਮ ਹੋ ਜਾਂਦੀਆਂ। ਹੱਥਕੰਡੇ ਅਪਨਾ ਕੇ ਚੋਣਾਂ ਜਿੱਤਣਾ ਸੱਤਾਧਾਰੀ ਪਾਰਟੀ ਦਾ ਮੁੱਖ ਸਿਆਸੀ ਏਜੰਡਾ ਹੁੰਦਾ ਸੀ। ਇਨ੍ਹਾਂ ਹੱਥਕੰਡਿਆਂ ਵਿੱਚ ਵਿਰੋਧੀ ਵਰਗ ਅਤੇ ਵਿਰੋਧੀ ਹਲਕਿਆਂ 'ਚ ਵੋਟਰਾਂ ਦੀ ਰਜਿਸਟਰੇਸ਼ਨ ਵਿੱਚ ਧਾਂਦਲੀ ਅਤੇ ਫਰਜ਼ੀ ਵੋਟਰਾਂ ਦੀ ਰਜਿਸਟਰੇਸ਼ਨ ਕਰਾਉਣਾ, ਬੂਥਾਂ 'ਤੇ ਕਬਜ਼ਾ ਕਰਵਾਉਣਾ ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਪੋਲਿੰਗ ਬੂਥਾਂ ਤੋਂ ਦੂਰ ਰਹਿਣ ਲਈ ਸਾਜ਼ਿਸ਼ਾਂ ਰਚਣਾ ਸ਼ਾਮਲ ਸਨ।

ਟੀ ਐੱਨ ਸ਼ੇਸ਼ਨ ਨੇ ਆਪਣੀ ਬਾਕੀ ਜ਼ਿੰਦਗੀ ਗੁੰਮਨਾਮੀ ਵਿੱਚ ਕਿਉਂ ਬਿਤਾਈ? ਇਸ ਸਵਾਲ 'ਤੇ ਗੰਭੀਰਤਾ ਨਾਲ ਚਰਚਾ ਕਰਨੀ ਜ਼ਰੂਰੀ ਹੈ। ਦੇਖਿਆ ਗਿਆ ਹੈ ਕਿ ਉਚ ਨੌਕਰਸ਼ਾਹੀ ਦੇ ਅਹੁਦੇ ਉਤੇ ਬੈਠਾ ਕੋਈ ਵੀ ਸ਼ਖਸ ਰਿਟਾਇਰਮੈਂਟ ਤੋਂ ਬਾਅਦ ਵੀ ਗੁੰਮਨਾਮੀ ਵਿੱਚ ਨਹੀਂ ਜਾਂਦਾ। ਕੋਈ ਅਫਸਰ ਗਵਰਨਰ ਬਣ ਜਾਂਦਾ ਹੈ, ਕੋਈ ਰਾਜ ਸਭਾ ਜਾਂ ਲੋਕ ਸਭਾ ਦਾ ਮੈਂਬਰ ਬਣ ਜਾਂਦਾ ਹੈ। ਕੋਈ ਅਫਸਰ ਰਿਲਾਇੰਸ ਦਾ ਸਲਾਹਕਾਰ ਬਣ ਜਾਂਦਾ ਹੈ ਤਾਂ ਕੋਈ ਅਡਾਨੀ ਦਾ। ਇਸ ਤਰ੍ਹਾਂ ਇਹ ਅਫਸਰ ਰਿਟਾਇਰ ਹੋ ਕੇ ਵੀ ਬਾਕੀ ਜ਼ਿੰਦਗੀ ਐਸ਼ੋ ਆਰਾਮ ਨਾਲ ਬਿਤਾਉਂਦੇ ਹਨ।

ਇਥੇ ਇਹ ਸਵਾਲ ਵੀ ਉਠਦਾ ਹੈ ਕਿ ਰਿਟਾਇਰਮੈਂਟ ਤੋਂ ਬਾਅਦ ਭਾਰਤ ਸਰਕਾਰ ਜਾਂ ਫਿਰ ਸੂਬਾਈ ਸਰਕਾਰਾਂ ਨੇ ਸ਼ੇਸ਼ਨ ਦੀਆਂ ਸੇਵਾਵਾਂ ਕਿਉਂ ਨਾ ਲਈਆਂ, ਤਾਂ ਕਿ ਉਨ੍ਹਾਂ ਦੀ ਇਮਾਨਦਾਰੀ, ਮਿਹਨਤ ਤੇ ਸਮਰਪਣ ਭਾਵਨਾ ਦਾ ਆਮ ਲੋਕਾਂ ਨੂੰ ਲਾਭ ਹੁੰਦਾ? ਰਿਟਾਇਰਮੈਂਟ ਤੋਂ ਬਾਅਦ ਸ਼ੇਸ਼ਨ ਇੱਕ ਤਰ੍ਹਾਂ ਨਾਲ ਗੁੰਮਨਾਮੀ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਸਨ। ਉਹ ਇੱਕ ਤਰ੍ਹਾਂ ਨਾਲ ਇਕਲਾਪੇ ਦੇ ਸ਼ਿਕਾਰ ਸਨ ਅਤੇ ਦਿੱਲੀ ਛੱਡ ਕੇ ਚੇਨਈ ਚਲੇ ਗਏ ਸਨ। ਦਿੱਲੀ ਦਾ ਫਾਈਵ ਸਟਾਰ ਕਲਚਰ ਅਤੇ ਲੁੱਟ ਖਸੁੱਟ ਵਾਲੀ ਦੁਨੀਆ ਉਨ੍ਹਾਂ ਨੂੰ ਪਸੰਦ ਨਹੀਂ ਸੀ।

ਚੇਨਈ ਵਿੱਚ ਵੀ ਉਹ ਖੁਦ ਨੂੰ ਇਕੱਲੇ ਹੀ ਮਹਿਸੂਸ ਕਰਦੇ ਸਨ। ਉਨ੍ਹਾਂ ਦਾ ਕੋਈ ਪਰਵਾਰ ਨਹੀਂ ਸੀ, ਬੱਚੇ ਨਹੀਂ ਸਨ। ਸ਼ਾਇਦ ਉਨ੍ਹਾਂ ਦੀ ਆਪਣੀ ਕੋਈ ਰਿਹਾਇਸ਼ ਵੀ ਨਹੀਂ ਸੀ। ਉਹ ਅਨਾਥ ਆਸ਼ਰਮ ਵਿੱਚ ਰਹਿੰਦੇ ਸਨ ਤੇ ਰਿਟਾਇਰ ਹੋਣ ਤੋਂ ਬਾਅਦ ਮਿਲਣ ਵਾਲੀ ਰਕਮ (ਪੈਨਸ਼ਨ) ਨਾਲ ਉਨ੍ਹਾਂ ਦਾ ਜੀਵਨ ਚੱਲਦਾ ਸੀ।

ਜਦੋਂ ਤੁਸੀਂ ਇਮਾਨਦਾਰ ਹੋਵੋ, ਸਿਧਾਂਤਾਂ ਉੱਤੇ ਚੱਲਣ ਵਾਲੇ ਹੋਵੋ, ਲੁੱਟ ਖਸੁੱਟ ਵਾਲੀ ਦੁਨੀਆ ਤੋਂ ਦੂਰ ਰਹੋ, ਕਿਸੇ ਨੂੰ ਨਾਜਾਇਜ਼ ਲਾਭ ਨਾ ਪਹੁੰਚਾਓ ਤਾਂ ਫਿਰ ਇਸ ਦੁਨੀਆ ਵਿੱਚ ਤੁਹਾਡਾ ਕੋਈ ਮਿੱਤਰ ਵੀ ਨਹੀਂ ਹੋਵੇਗਾ। ਤੁਹਾਨੂੰ ਪਸੰਦ ਕਰਨ ਵਾਲੇ ਲੋਕ ਬਹੁਤ ਘੱਟ ਹੋਣਗੇ। ਟੀ ਐੱਨ ਸ਼ੇਸ਼ਨ ਦੀ ਦਲੇਰੀ ਰੱਖਣ ਵਾਲੀ ਪੀੜ੍ਹੀ ਇਹ ਜਾਣਦੀ ਸੀ ਕਿ ਸਾਡੀ ਲੋਕਤੰਤਰੀ ਪ੍ਰਣਾਲੀ ਅੱਜ ਕਿੰਨੀ ਫਰੇਬ ਨਾਲ ਭਰੀ ਹੋਈ ਹੈ। ਕਮਜ਼ੋਰ ਵਰਗ ਦਾ ਆਦਮੀ ਚੋਣ ਲੜਨ ਦੀ ਹਿੰਮਤ ਨਹੀਂ ਕਰ ਸਕਦਾ ਸੀ, ਚੋਣਾਂ ਉੱਤੇ ਵੱਡੇ ਲੋਕਾਂ, ਉੱਚੀਆਂ ਜਾਤਾਂ ਤੇ ਅਪਰਾਧੀਆਂ ਦਾ ਕਬਜ਼ਾ ਸੀ ਤੇ ਉਹ ਜਿਸ ਨੂੰ ਚਾਹੁੰਦੇ ਸਨ, ਉਸੇ ਨੂੰ ਚੋਣ ਲੜਾਉਂਦੇ ਸਨ। ਜੇ ਕੋਈ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਚੋਣ ਲੜਨ ਦੀ ਹਿੰਮਤ ਕਰਦਾ ਤਾਂ ਉਸ ਦਾ ਕਤਲ ਹੋ ਜਾਂਦਾ ਜਾਂ ਨਾਮਜ਼ਦਗੀ ਪ੍ਰਕਿਰਿਆ ਨੂੰ ਦੋਸ਼ ਪੂਰਨ ਠਹਿਰਾ ਕੇ ਉਸ ਦੇ ਕਾਗਜ਼ ਰੱਦ ਕਰਵਾ ਦਿੱਤੇ ਜਾਂਦੇ।

ਸਭ ਤੋਂ ਵੱਡੀ ਗੱਲ ਇਹ ਸੀ ਕਿ ਦਲਿਤ, ਆਦਿਵਾਸੀ ਅਤੇ ਕਮਜ਼ੋਰ ਵਰਗਾਂ ਦੇ ਖੇਤਰ ਵਿੱਚ ਹੋਣ ਵਾਲੀ ਵੋਟਿੰਗ ਪ੍ਰਕਿਰਿਆ ਵਿੱਚ ਅਪਰਾਧੀ ਹਾਵੀ ਹੁੰਦੇ ਸਨ, ਬੂਥਾਂ 'ਤੇ ਕਬਜ਼ਾ ਹੋਣਾ ਆਮ ਗੱਲ ਸੀ। ਦਲਿਤਾਂ, ਆਦਿਵਾਸੀਆਂ ਅਤੇ ਹੋਰ ਕਮਜ਼ੋਰ ਵਰਗਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਕੀਤਾ ਜਾਂਦਾ ਸੀ। ਇਹੀ ਨਹੀਂ, ਚੋਣ ਜਿੱਤ ਚੁੱਕੇ ਉਮੀਦਵਾਰਾਂ ਨੂੰ ਜਿੱਤ ਦਾ ਸਰਟੀਫਿਕੇਟ ਮਿਲਣ ਤੋਂ ਪਹਿਲਾਂ ਹੇਰਾਫੇਰੀ ਕਰ ਕੇ ਹਾਰਿਆ ਐਲਾਨ ਦਿੱਤਾ ਜਾਂਦਾ ਅਤੇ ਹਾਰੇ ਹੋਏ ਉਮੀਦਵਾਰ ਨੂੰ ਜੇਤੂ ਕਰਾਰ ਦੇ ਦਿੱਤਾ ਜਾਂਦਾ ਸੀ। ਧੱਕੇਸ਼ਾਹੀ ਦੇ ਸ਼ਿਕਾਰ ਆਦਮੀ ਦੀ ਕਿਤੇ ਕੋਈ ਸੁਣਵਾਈ ਨਹੀਂ ਹੁੰਦੀ ਸੀ।

ਦੁੱਖ ਦੀ ਗੱਲ ਸੀ ਕਿ ਚੋਣ ਮੁਲਾਜ਼ਮ ਬੇਲਗਾਮ ਹੁੰਦੇ ਸਨ, ਉਹ ਆਪਣੀ ਮਰਜ਼ੀ ਨਾਲ ਚੋਣਾਂ ਦੇ ਨਿਯਮ ਚਲਾਉਂਦੇ ਸਨ। ਉਨ੍ਹਾਂ ਵਿਰੁੱਧ ਸ਼ਿਕਾਇਤ ਹੋਣ 'ਤੇ ਕਿਤੇ ਕੋਈ ਸੁਣਵਾਈ ਨਹੀਂ ਸੀ ਹੁੰਦੀ। ਆਮ ਚੋਣਾਂ ਪੂਰੇ ਦੇਸ਼ ਵਿੱਚ ਇੱਕ ਦਿਨ ਵਿੱਚ ਹੀ ਹੁੰਦੀਆਂ ਹਨ ਅਤੇ ਸੂਬਾਈ ਚੋਣਾਂ ਵੀ ਇੱਕ ਦਿਨ ਵਿੱਚ। ਅਜਿਹੀ ਸਥਿਤੀ ਵਿੱਚ ਚੋਣ ਸੁਰੱਖਿਆ ਨਾਂਅ ਦੀ ਕੋਈ ਚੀਜ਼ ਨਹੀਂ ਹੁੰਦੀ ਸੀ।

ਟੀ ਐੱਨ ਸ਼ੇਸ਼ਨ ਨੇ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ 'ਤੇ ਬੈਠ ਕੇ ਦਲੇਰੀ ਦਿਖਾਈ ਅਤੇ ਬਿਹਾਰ 'ਚ ਜਾਤੀਵਾਦੀ ਸਿਆਸਤ ਦੀ ਮਿਸਾਲ ਬਣ ਚੁੱਕੇ ਲਾਲੂ ਪ੍ਰਸਾਦ ਯਾਦਵ ਨਾਲ ਭਿੜ ਗਏ। ਸ਼ੇਸ਼ਨ ਨੇ ਬਿਹਾਰ ਵਿੱਚ ਚੋਣ ਅਧਿਕਾਰੀਆਂ ਨੂੰ ਆਪਣੇ 'ਹਥਿਆਰਾਂ' ਦਾ ਡਰ ਦਿਖਾਇਆ। ਪੱਖਪਾਤ ਕਰਨ ਉਤੇ ਸਜ਼ਾ ਦੇ ਭਾਗੀਦਾਰ ਬਣਾਉਣ ਦਾ ਡਰ ਦਿਖਾਇਆ ਤੇ ਕਈ ਪੜਾਵਾਂ ਵਿੱਚ ਚੋਣ ਪ੍ਰਕਿਰਿਆ ਦਾ ਨਿਯਮ ਬਣਾ ਦਿੱਤਾ। ਕਈ ਪੜਾਵਾਂ ਵਿੱਚ ਚੋਣਾਂ ਹੋਣ ਦੀ ਖਬਰ ਸੁਣਦਿਆਂ ਹੀ ਬਿਹਾਰ ਦੇ ਨਾਲ ਪੂਰੇ ਦੇਸ਼ ਵਿੱਚ ਤਹਿਲਕਾ ਮਚ ਗਿਆ। ਲਾਲੂ ਨੇ ਆਪਣੇ ਵਿਹਾਰ ਮੁਤਾਬਕ ਪ੍ਰਤੀਕਿਰਿਆ ਦੇਂਦਿਆਂ ਕਿਹਾ ਸੀ ਕਿ 'ਈ ਸ਼ੇਸ਼ਣਵਾ ਪਗਲਾ ਗਯਾ ਹੈ, ਈ ਸ਼ੇਸ਼ਣਵਾ ਪਾਗਲ ਸਾਂਡ ਹੈ, ਇਸ ਪਾਗਲ ਸਾਂਡ ਕੋ ਹਮ ਪਕੜ ਕਰ ਕਮਰੇ ਮੇਂ ਬੰਦ ਕਰ ਦੇਂਗੇ ਯਾ ਫਿਰ ਗੰਗਾ ਮੇਂ ਬਹਾ ਦੇਂਗੇ।' ਟੀ ਐੱਨ ਸ਼ੇਸ਼ਨ ਉੱਤੇ ਇਸ ਦਾ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਨੇ ਚੋਣ ਪ੍ਰਕਿਰਿਆ ਦੌਰਾਨ ਅਪਰਾਧੀਆਂ ਨੂੰ ਜੇਲ੍ਹ ਭੇਜਣ ਦਾ ਫਰਮਾਨ ਸੁਣਾ ਦਿੱਤਾ ਤੇ ਚੋਣ ਪ੍ਰਕਿਰਿਆ ਦੌਰਾਨ ਅਧਿਕਾਰੀਆਂ ਦੀ ਬਦਲੀ ਜਾਂ ਤਰੱਕੀ 'ਤੇ ਰੋਕ ਲਾ ਦਿੱਤੀ।

ਲਾਲੂ ਯਾਦਵ ਹੀ ਨਹੀਂ, ਕਈ ਹੋਰ ਸਿਆਸਤਦਾਨ ਵੀ ਸ਼ੇਸ਼ਨ ਦੀ ਚੋਣ ਸੁਧਾਰ ਦੰਡ ਪ੍ਰਕਿਰਿਆ ਦੇ ਸ਼ਿਕਾਰ ਹੋਏ। ਹਿਮਾਚਲ ਪ੍ਰਦੇਸ਼ ਦੇ ਓਦੋਂ ਦੇ ਗਵਰਨਰ ਗੁਲਸ਼ੇਰ ਅਹਿਮਦ ਨੂੰ ਅਸਤੀਫਾ ਦੇਣਾ ਪਿਆ ਸੀ। ਉਨ੍ਹਾਂ 'ਤੇ ਦੋਸ਼ ਸੀ ਕਿ ਚੋਣਾਂ ਦੌਰਾਨ ਮੱਧ ਪ੍ਰਦੇਸ਼ ਦੇ ਸਤਨਾ ਖੇਤਰ ਵਿੱਚ ਜਾ ਕੇ ਉਨ੍ਹਾਂ ਨੇ ਆਪਣੇ ਬੇਟੇ ਲਈ ਚੋਣ ਪ੍ਰਕਿਰਿਆ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸੇ ਤਰ੍ਹਾਂ ਕੇਂਦਰੀ ਮੰਤਰੀ ਰਹੇ ਕਲਪਨਾਥ ਰਾਏ ਨੂੰ ਸ਼ੇਸ਼ਨ ਦੇ ਗੁੱਸੇ ਦਾ ਸ਼ਿਕਾਰ ਬਣਨਾ ਪਿਆ ਸੀ। ਸਿਆਸਤ ਵਿੱਚ ਚਰਚਾ ਆਮ ਸੀ ਕਿ ਸਿਆਸਤਦਾਨ ਸਿਰਫ ਭਗਵਾਨ ਅਤੇ ਟੀ ਐਨ ਸ਼ੇਸ਼ਨ ਤੋਂ ਹੀ ਡਰਦੇ ਹਨ। ਮੰਤਰੀ ਉਨ੍ਹਾਂ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਸਨ ਅਤੇ ਉਨ੍ਹਾਂ ਦੇ ਮਾਤਹਿਤ ਅਧਿਕਾਰੀ ਤੇ ਮੁਲਾਜ਼ਮ ਵੀ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਉਨ੍ਹਾਂ ਤੋਂ ਪਿੱਛੇ ਛੁੱਟੇ। ਸਾਨੂੰ ਘੋਰ ਹੈਰਾਨੀ ਹੈ ਕਿ ਟੀ ਐੱਨ ਸ਼ੇਸ਼ਨ ਦੀਆਂ ਸੇਵਾਵਾਂ ਸਰਕਾਰਾਂ ਨੇ ਉਨ੍ਹਾਂ ਦੀ ਰਿਟਾਇਰਮੈਂਟ ਪਿੱਛੋਂ ਕਿਉਂ ਨਹੀਂ ਲਈਆਂ? ਖਾਸ ਕਰ ਕੇ ਦੇਸ਼ ਦੀਆਂ ਅਕੈਡਮੀਆਂ ਉਨ੍ਹਾਂ ਦੀਆਂ ਸੇਵਾਵਾਂ ਲੈ ਸਕਦੀਆਂ ਸਨ। ਸ਼ੇਸ਼ਨ ਦੇਸ਼ ਦੀ ਭਵਿੱਖੀ ਪੀੜ੍ਹੀ ਨੂੰ ਈਮਾਨਦਾਰ ਅਤੇ ਮਿਹਨਤੀ ਬਣਨ ਦੀ ਸਿਖਿਆ ਦੇ ਸਕਦੇ ਸਨ, ਉਨ੍ਹਾਂ ਨੂੰ ਪ੍ਰੇਰਕ ਰਾਹ ਦਿਖਾ ਸਕਦੇ ਸਨ, ਪਰ ਤ੍ਰਾਸਦੀ ਕਿ ਉਨ੍ਹਾਂ ਨੂੰ ਗੁੰਮਨਾਮੀ ਭਰੀ ਜ਼ਿੰਦਗੀ ਬਿਤਾਉਣ ਲਈ ਛੱਡ ਦਿੱਤਾ ਗਿਆ। ਜੇ ਅਸੀਂ ਮਿਹਨਤ ਅਤੇ ਇਮਾਨਦਾਰੀ ਦਾ ਸਨਮਾਨ ਨਹੀਂ ਕਰਾਂਗੇ ਤਾਂ ਫਿਰ ਦੇਸ਼ ਵਿੱਚ ਭ੍ਰਿਸ਼ਟਾਚਾਰ, ਬੇਈਮਾਨੀ ਤੇ ਗਲਤ ਕੰਮਾਂ ਦੇ ਵਧਦੇ ਰੁਝਾਨ ਨੂੰ ਕਿਵੇਂ ਰੋਕ ਸਕਾਂਗੇ? ਸ਼ੇਸ਼ਨ ਦੀ ਲੋਕਤੰਤਰਿਕ ਦਲੇਰੀ ਨੂੰ ਬੱਚਿਆਂ ਦੇ ਸਕੂਲੀ ਸਿਲੇਬਸ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

# ਸੂਚਨਾ ਦੇ ਅਧਿਕਾਰ ਉੱਤੇ ਸੁਪਰੀਮ ਕੋਰਟ ਦੀ ਮੋਹਰ

-ਵਿਨੀਤ ਨਾਰਾਇਣ-

ਸੁਪਰੀਮ ਕੋਰਟ ਦੇ ਚੀਫ ਜਸਟਿਸ ਦਾ ਦਫਤਰ ਵੀ ਸੂਚਨਾ ਦੇ ਅਧਿਕਾਰ ਕਾਨੂੰਨ ਦੇ ਦਾਇਰੇ ਵਿੱਚ ਹੈ। ਇਹ ਗੱਲ ਖੁਦ ਸੁਪਰੀਮ ਕੋਰਟ ਨੇ ਕਹਿ ਦਿੱਤੀ ਹੈ। ਇਸ ਨਾਲ ਇੱਕ ਵਾਰ ਫਿਰ ਪੱਕਾ ਹੋ ਗਿਆ ਕਿ ਇਹ ਕਾਨੂੰਨ ਕਿੰਨਾ ਮਹੱਤਵ ਪੂਰਨ ਹੈ। ਇਹ ਵੱਖਰੀ ਗੱਲ ਹੈ ਕਿ ਸੁਪਰੀਮ ਕੋਰਟ ਦੀ ਇਸ ਵਿਆਖਿਆ ਦਾ ਜ਼ਿਆਦਾ ਵਿਸ਼ਲੇਸ਼ਣ ਨਹੀਂ ਹੋਇਆ, ਜਦ ਕਿ ਇਸ ਫੈਸਲੇ ਨਾਲ ਭਾਰਤੀ ਲੋਕਤੰਤਰ ਦੇ ਕਈ ਖਾਸ ਪਹਿਲੂਆਂ 'ਤੇ ਵੀ ਗੱਲ ਕੀਤੀ ਜਾ ਸਕਦੀ ਸੀ।

ਫੈਸਲੇ ਤੋਂ ਇੱਕ ਗੱਲ ਸਪੱਸ਼ਟ ਹੋਈ ਹੈ ਕਿ ਪਾਰਦਰਸ਼ਿਤਾ ਅਤੇ ਜੁਆਬਦੇਹੀ ਕਿਸੇ ਵੀ ਤਰ੍ਹਾਂ ਕਿਸੇ ਦੀ ਆਜ਼ਾਦੀ ਵਿੱਚ ਅੜਿੱਕਾ ਨਹੀਂ ਹੋ ਸਕਦੀ। ਇਸ ਫੈਸਲੇ ਨੇ ਇਹ ਵੀ ਯਾਦ ਦਿਵਾਇਆ ਕਿ ਲੋਕਤੰਤਰ ਵਿੱਚ ਲੋਕ ਸਭ ਤੋਂ ਉਪਰ ਹਨ। ਲੋਕ ਭਾਵ ਨਾਗਰਿਕਾਂ ਸਾਹਮਣੇ ਸਰਕਾਰੀ ਕੰਮਕਾਜ ਪਾਰਦਰਸ਼ੀ ਹੋਣਾ ਚਾਹੀਦਾ ਹੈ।

ਫੈਸਲੇ ਦਾ ਅਸਰ ਦੂਰ ਤੱਕ ਹੋਵੇਗਾ। ਇਸ ਕਾਨੂੰਨ ਨੂੰ ਸਰਕਾਰੀ ਕੰਮ ਵਿੱਚ ਅੜਚਣ ਮੰਨਣ ਵਾਲਿਆਂ ਨੂੰ ਭਾਰੀ ਝਟਕਾ ਲੱਗਾ ਹੈ, ਨਹੀਂ ਤਾਂ ਅਜਿਹਾ ਮਾਹੌਲ ਬਣਾਉਣ ਦੀ ਕੋਸ਼ਿਸ਼ ਹੋਣ ਲੱਗੀ ਸੀ ਕਿ ਇਸ ਕਾਨੂੰਨ ਦੀ ਦੁਰਵਰਤੋਂ ਵੱਧ ਹੋ ਰਹੀ ਹੈ। ਜ਼ਿਆਦਾ ਕਹਿਣ ਦੀ ਲੋੜ ਨਹੀਂ ਕਿ ਕੁਝ ਸੂਚਨਾਵਾਂ ਨੂੰ ਜਨਹਿਤ ਅਤੇ ਦੇਸ਼ਹਿੱਤ ਦੇ ਵਿਰੁੱਧ ਦੱਸ ਕੇ ਖੁਫੀਆ ਬਣਾਈ ਰੱਖਣ ਦੇ ਤਰਕ ਦਿੱਤੇ ਜਾਂਦੇ ਹਨ। ਵਿਸ਼ੇਸ਼ ਮਾਮਲਿਆਂ ਵਿੱਚ ਇਹ ਤਰਕ ਸਹੀ ਵੀ ਹੋ ਸਕਦਾ ਹੈ, ਪਰ ਇਸ ਦੀ ਆੜ ਵਿੱਚ ਜ਼ਰੂਰੀ ਸੂਚਨਾਵਾਂ ਨੂੰ ਲੁਕਾਉਣ ਦੀ ਵੀ ਓਨੀ ਗੁੰਜਾਇਸ਼ ਬਣਦੀ ਹੈ। ਫਿਰ ਵੀ ਇੰਨਾ ਤੈਅ ਹੈ ਕਿ ਇਸ ਕਾਨੂੰਨ ਨੂੰ ਸਰਕਾਰੀ ਕੰਮਕਾਜ ਵਿੱਚ ਅੜਚਣ ਮੰਨਣ ਵਾਲਿਆਂ ਦੇ ਹੌਸਲੇ ਪਸਤ ਹੋਣਗੇ। ਉਸ ਤੋਂ ਵੀ ਵੱਡੀ ਗੱਲ ਇਹ ਕਿ ਹੁਣ ਇਸ ਕਾਨੂੰਨ ਨੂੰ ਹੋਰ ਜ਼ਿਆਦਾ ਗੰਭੀਰਤਾ ਨਾਲ ਲਏ ਜਾਣ ਦਾ ਮਾਹੌਲ ਬਣੇਗਾ।

ਫੈਸਲੇ ਦਾ ਅੱਗਾ-ਪਿੱਛਾ ਵੇਖਿਆ ਜਾਂਦਾ ਤਾਂ ਚਰਚਾ ਇਹ ਹੁੰਦੀ ਕਿ ਅਦਾਲਤ ਨੇ ਨਾਗਰਿਕਾਂ ਨੂੰ ਕਿੰਨੀ ਅਹਿਮੀਅਤ ਦਿੱਤੀ। ਸਿਆਸੀ ਭਾਸ਼ਾ ਵਿੱਚ ਲੋਕਤੰਤਰ ਦਾ ਨਿਰਮਾਤਾ ਹੀ ਨਾਗਰਿਕ ਹੈ। ਇਸ ਨਾਤੇ ਉਹੀ ਪ੍ਰਭੂਸੱਤਾ ਸੰਪੰਨ ਹੈ, ਪਰ ਭਾਰਤੀ ਲੋਕਤੰਤਰ ਵਿੱਚ ਉਸ ਦੀ ਪ੍ਰਭੂਸੱਤਾ ਉਸ ਦੀ ਥਾਂ ਕਾਨੂੰਨ ਤੱਕ ਹੈ। ਉਸ ਦੇ ਪ੍ਰਤੀਨਿਧ ਉਸ ਦੀ ਖਾਹਿਸ਼ ਅਤੇ ਹਿੱਤ ਵਿੱਚ ਕਾਨੂੰਨ ਬਣਾਉਂਦੇ ਹਨ। ਇਨ੍ਹਾਂ ਹੀ ਕਾਨੂੰਨਾਂ ਨਾਲ ਸਾਰੇ




ਬੱਝੇ ਹੁੰਦੇ ਹਨ। ਇਸ ਤਰ੍ਹਾਂ ਆਪਣੀ ਰਾਜ ਵਿਵਸਥਾ ਵਿੱਚ ਕਾਨੂੰਨ ਹੀ ਸੁਪਰੀਮ ਹੈ, ਭਾਵ ਇਹ ਕਹਿਣਾ ਗਲਤ ਹੈ ਕਿ ਕੁਝ ਨਾਗਰਿਕ ਆਪਣੇ ਰਵੱਈਏ ਨਾਲ ਸਰਕਾਰੀ ਕੰਮਕਾਜ ਵਿੱਚ ਅੜਚਣ ਪਾ ਸਕਦੇ ਹਨ। ਕਿਸੇ ਵੀ ਕਾਨੂੰਨ ਬਣਨ ਦੀ ਪ੍ਰਕਿਰਿਆ ਵਿੱਚ ਸਭ ਤੋਂ ਪਹਿਲਾਂ ਇਹੀ ਇੰਤਜ਼ਾਮ ਸੋਚਿਆ ਜਾਂਦਾ ਹੈ, ਜਿਸ ਨਾਲ ਕਾਨੂੰਨ ਦੀ ਬੇਵਜ੍ਹਾ ਵਰਤੋਂ ਨਾ ਹੋ ਸਕੇ। ਸੂਚਨਾ ਦੇ ਅਧਿਕਾਰ ਦਾ ਕਾਨੂੰਨ ਇੰਨਾ ਮਾਮੂਲੀ ਨਹੀਂ ਕਿ ਕੁਝ ਗੈਰ ਲੋੜੀਂਦੇ ਤੱਤ ਇਸ ਦਾ ਬੇਵਜ੍ਹਾ ਫਾਇਦਾ ਉਠਾ ਲੈਣ। ਉਂਝ ਚਲਨ ਇਹੀ ਹੈ ਕਿ ਬੇਵਜ੍ਹਾ ਫਾਇਦਾ ਉਠਾਉਣ ਦੀ ਕੋਸ਼ਿਸ਼ ਤਾਕਤਵਰਾਂ ਵਿੱਚ ਹੀ ਹੁੰਦੀ ਹੈ ਅਤੇ ਸਰਕਾਰੀ ਅਹੁਦੇਦਾਰਾਂ ਦੀ ਤਾਕਤ ਕੌਣ ਨਹੀਂ ਜਾਣਦਾ। ਆਪਣੀ ਜੁਆਬਦੇਹੀ ਤੋਂ ਬਚਣ ਦੀ ਤਾਕਤ ਤਾਂ ਇਹ ਸਭ ਤੋਂ ਪਹਿਲਾਂ ਹਾਸਲ ਕਰਦੇ ਹਨ। ਲੋਕ ਸੇਵਕਾਂ ਦੀ ਇਸੇ ਤਾਕਤ ਨਾਲ ਨਜਿੱਠਣ ਲਈ ਨਾਗਰਿਕਾਂ ਲਈ ਇਹ ਕਾਨੂੰਨ ਰੂਪੀ ਹਥਿਆਰ ਬਣਾਇਆ ਗਿਆ ਸੀ। ਇਹ ਕਾਨੂੰਨ ਸੰਨ 2005 ਵਿੱਚ ਬਣਿਆ ਸੀ, ਭਾਵ ਅੱਜ ਤੋਂ 14 ਸਾਲ ਪਹਿਲਾਂ ਨਾਗਰਿਕਾਂ ਸਾਹਮਣੇ ਲੋਕ ਸੇਵਕਾਂ ਨੂੰ ਜੁਆਬਦੇਹ ਬਣਾਉਣੇ ਦੇ ਮਕਸਦ ਨਾਲ ਇਹ ਕਾਨੂੰਨ ਬਣਿਆ ਸੀ ਅਤੇ ਵਾਕਈ ਇਸ ਦਾ ਅਸਰ ਇੰਨਾ ਜ਼ਬਰਦਸਤ ਹੋਇਆ ਕਿ ਉਦੋਂ ਤੋਂ ਅੱਜ ਤੱਕ ਕਈ ਵਰਕਰਾਂ ਅਤੇ ਨੌਕਰਸ਼ਾਹੀ ਨੂੰ ਚੌਕੰਨਾ ਹੋਣਾ ਪਿਆ ਕਿ ਕਿਤੇ ਕੋਈ ਸਵਾਲ ਨਾ ਪੁੱਛ ਲਵੇ ਅਤੇ ਇਸੇ ਲਈ ਦਿਨ ਬ ਦਿਨ ਆਰ ਟੀ ਆਈ ਨਾਂਅ ਦੇ ਇਸ ਕਾਨੂੰਨ ਦੇ ਔਗੁਣਾ ਦੀ ਚਰਚਾ ਵਧਾਈ ਜਾ ਰਹੀ ਸੀ, ਪਰ ਅਦਾਲਤ ਨੇ ਇਹ ਕਹਿ ਦਿੱਤਾ ਕਿ ਇਸ ਕਾਨੂੰਨ ਨਾਲ ਤਾਂ ਅਸੀਂ ਵੀ ਬੱਝੇ ਹਾਂ ਅਤੇ ਸਹੀ ਬੱਝੇ ਹਾਂ। ਸੁਪਰੀਮ ਕੋਰਟ ਦੇ ਫੈਸਲੇ ਨਾਲ ਕਾਨੂੰਨ ਤੋਂ ਅਸੰਤੁਸ਼ਟਾਂ ਨੂੰ ਭਾਰੀ ਝਟਕਾ ਲੱਗਾ ਹੈ।

ਸਰਕਾਰੀ ਕੰਮ ਵਿੱਚ ਆਜ਼ਾਦੀ ਦੇ ਸਵਾਲ ਦਾ ਜਵਾਬ ਵੀ ਇਸ ਫੈਸਲੇ ਵਿੱਚ ਬਿਲਕੁਲ ਸਾਫ ਸਾਫ ਹੈ। ਉਂਝ ਇੱਕ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਸਰਕਾਰੀ ਲੋਕ ਜੁਆਬ ਨਾ ਦੇਣ ਦੀ ਆਜ਼ਾਦੀ ਕਿਉਂ ਚਾਹੁੰਦੇ ਹਨ? ਗੱਲ ਨੂੰ ਡੂੰਘਾਈ ਵਿੱਚ ਜਾ ਕੇ ਦੇਖਿਆ ਜਾਵੇਗਾ ਤਾਂ ਆਜ਼ਾਦੀ ਅਤੇ ਇਛੁੱਕ-ਆਜ਼ਾਦੀ ਵਿਚਾਲੇ ਫਰਕ ਕਰਨ ਦੀ ਗੱਲ ਉਠੇਗੀ। ਜੁਆਬਦੇਹੀ ਨਾ ਹੋਵੇ ਤਾਂ ਇਛੁੱਕ ਆਜ਼ਾਦੀ ਵਧਦੀ ਹੈ, ਭ੍ਰਿਸ਼ਟਾਚਾਰ ਹੁੰਦਾ ਹੈ।

ਫੈਸਲੇ ਦਾ ਇੱਕ ਪਹਿਲੂ ਪਾਰਦਰਸ਼ਿਤਾ ਬਾਰੇ ਹੈ। ਇਸੇ ਦਹਾਕੇ ਵਿੱਚ ਦੇਸ਼ ਵਿੱਚ ਜਦੋਂ ਭ੍ਰਿਸ਼ਟਾਚਾਰ ਦੇ ਵਿਰੁੱਧ ਗਦਰ ਹੋਇਆ ਸੀ ਤਾਂ ਪਾਰਦਰਸ਼ਿਤਾ 'ਤੇ ਬਹੁਤੀ ਗੱਲ ਨਹੀਂ ਹੋਈ ਸੀ, ਸਗੋਂ ਨਵੀਂ ਕਿਸਮ ਦੀ ਪੁਲਸ, ਭਾਵ ਲੋਕਪਾਲ ਦੀ ਮੰਗ ਹੋਈ ਸੀ। ਬੱਸ ਲੋਕਪਾਲ ਦੇ ਅੱਗੇ ਇੱਕ ਵਿਸ਼ੇਸ਼ਣ ਲੱਗਾ ਸੀ, ਭਾਵ ਜਨ ਲੋਕਪਾਲ ਦੀ ਮੰਗ ਕੀਤੀ ਜਾ ਰਹੀ ਸੀ। ਕੀ ਉਹ ਜਨ ਲੋਕਪਾਲ ਲੋਕ ਸੇਵਕ ਤੋਂ ਇਲਾਵਾ ਕੁਝ ਹੋ ਸਕਦਾ ਹੈ? ਖੈਰ, ਲੋਕਪਾਲ ਜਦੋਂ ਵੀ ਆਪਣੇ ਅਸਲੀ ਰੂਪ ਵਿੱਚ ਆਏਗਾ, ਉਸ ਦੇ ਸਾਹ-ਮਣੇ ਵੀ ਪਾਰਦਰਸ਼ਿਤਾ ਤੇ ਜੁਆਬਦੇਹੀ ਦਾ ਮਸਲਾ ਆਵੇਗਾ। ਉਸ ਨੂੰ ਵੀ ਸੂਚਨਾ ਦੇ ਅਧਿਕਾਰ ਨਾਲ ਸੰਪੰਨ ਨਾਗਰਿਕਾਂ ਦੇ ਸਵਾਲਾਂ ਦੇ ਜਵਾਬ ਦੇਣੇ ਹੀ ਪੈਣਗੇ। ਉਹ ਜੁਆਬ ਦੇਣ ਤੋਂ ਬਚ ਵੀ ਕਿਵੇਂ ਸਕਦਾ ਹੈ? ਆਖਰ ਉਹ ਲੋਕ ਸੇਵਕ ਹੀ ਹੋਵੇਗਾ। ਉਸ ਨੂੰ ਦੱਸਣਾ ਪਵੇਗਾ ਕਿ ਉਹ ਭ੍ਰਿਸ਼ਟਾਚਾਰ ਦੀਆਂ ਕਿਹੜੀਆਂ ਕਿਹੜੀਆਂ ਸ਼ਿਕਾਇਤਾਂ 'ਤੇ ਕਿੰਨਿਆਂ ਦੀ ਜਾਂਚ ਕਰ ਰਿਹਾ ਹੈ ਅਤੇ ਸਵਾਲ ਪੁੱਛੇ ਜਾਣ ਦੇ ਦਿਨ ਤੱਕ ਆਪਣੀ ਜਾਂਚ ਕਿੱਥੋਂ ਤੱਕ ਕੀਤੀ?

ਕੁੱਲ ਮਿਲਾ ਕੇ ਭਾਰਤੀ ਲੋਕਤੰਤਰ ਵਿਵਸਥਾ 'ਚ ਨਾਗਰਿਕਾਂ ਕੋਲ ਅੱਜ ਤੱਕ ਜੋ ਵੀ ਅਧਿਕਾਰ ਹਨ, ਉਨ੍ਹਾਂ ਵਿੱਚ ਸੂਚਨਾ ਦਾ ਅਧਿਕਾਰ ਅਹਿਮ ਬਣਦਾ ਜਾ ਰਿਹਾ ਹੈ। ਸੁਪਰੀਮ ਕੋਰਟ ਜੇ ਇਸੇ ਤਰ੍ਹਾਂ ਦੇ ਫੈਸਲੇ ਕਰਦੀ ਤਾਂ ਉਹ ਲੋਕਤੰਤਰ ਨੂੰ ਮਜ਼ਬੂਤ ਕਰਨ ਦਾ ਜ਼ਰੂਰੀ ਕੰਮ ਵੀ ਕਰਦੀ ਰਹੇਗੀ।

## ਕਹਾਣੀ: ਇੱਜ਼ਤ ਵਾਲਾ ਕੰਮ

-ਗੁਰਮੀਤ ਕੜਿਆਲਵੀ-

ਵੱਡਾ ਭਰਾ ਬਲਦੇਵ ਵਾਂਗ ਪਿੰਡ ਦੇ ਬਹੁਤੇ ਲੋਕਾਂ ਲਈ ਇਹ ਝੂਠ ਮਾਰਨ ਵਾਲੀ ਗੱਲ ਸੀ ਕਿ ਢਾਈ ਕਿੱਲਿਆਂ ਦੇ ਆਸਰੇ ਸੁਖਦੇਵ ਸਿੰਘ ਆਪਣੀ ਕਬੀਲਦਾਰੀ ਦੀ ਗੱਡੀ ਨੂੰ ਹੱਕੀ ਤੁਰਿਆ ਆਉਂਦਾ, ਪਰ ਇਹ ਚਿੱਟੇ ਦਿਨ ਵਾਂਗ ਸੱਚ ਸੀ।

ਅਜੇ ਗੁਰਦੁਆਰੇ ਵਾਲਾ ਭਾਈ ਜੀ ਰਜਾਈ ਵਿੱਚ ਉਸਲਵੱਟੇ ਲੈ ਰਿਹਾ ਹੁੰਦਾ ਜਦੋਂ ਸੁਖਦੇਵ ਖੇਤਾਂ 'ਚ ਜਾ ਵੜਦਾ। ਲੋਕ ਆਖਦੇ, '' ਗੁਰਦੁਆਰੇ ਵਾਲਾ ਗ੍ਰੰਥੀ ਤਾਂ ਖੇਤਾਂ ਜਾਂਦੇ ਦੇਬੂ ਦੇ ਠਿੱਬੇ ਛਿੱਤਰਾਂ ਦੀ ਖੜੱਪ ਖੜੱਪ ਸੁਣ ਕੇ ਜਾਗਦਾ।''

ਸੁਖਦੇਵ ਸਿੰਘ ਜਦੋਂ ਨੂੰ ਕੋਠੜੀ 'ਚੋਂ ਪੱਲੀਆਂ ਵਗੈਰਾ ਚੁੱਕ ਕੇ ਸਬਜ਼ੀਆਂ 'ਚ ਜਾਂਦਾ ਉਦੋਂ ਨੂੰ ਪਾਲੋ ਵੀ ਵਿਹੜੇ 'ਚ ਬਹੁਕਰ ਬੁਹਾਰੀ ਕਰ ਤੇ ਲਵੇਰੀਆਂ ਨੂੰ ਪੱਠਾ ਨੀਰਾ ਪਾ, ਧਾਰਾਂ ਚੋਅ ਲੈਂਦੀ। ਕਾਹਲੀ ਕਾਹਲੀ ਕੰਮ ਨਿਬੇੜਦੀ ਤੇ ਜੁਆਕਾਂ ਨੂੰ ਲੈ ਕੇ ਖੇਤ ਪਹੁੰਚ ਜਾਂਦੀ। ਸਾਰੇ ਜੀਅ ਹੱਥੋ ਹੱਥੀ ਅਗੇਤੀ ਲਾਈ ਸਬਜ਼ੀ ਤੋੜਦੇ ਤੇ ਮੰਡੀ ਲਿਜਾਣ ਲਈ ਪੱਲੀਆਂ ਵਿੱਚ ਬੰਨ੍ਹ ਦਿੰਦੇ। ਜਿਹੜੇ ਵੇਲੇ ਹਰਨਾਮੀ ਬੁੜੀ 'ਸਤਿਨਾਮ ਵਾਹਿਗੁਰੂ' ਬੋਲਦੀ ਤੇ ਮਾਲਾ ਫੇਰਦੀ ਵੱਡੇ ਗੁਰਦੁ-ਆਰੇ ਨੂੰ ਜਾ ਰਹੀ ਹੁੰਦੀ, ਸੁਖਦੇਵ ਸਾਈਕਲ ਰੇਹੜੀ 'ਤੇ ਸਬਜ਼ੀ ਲੈ ਕੇ ਮੰਡੀ ਨੂੰ ਤੁਰ ਪਿਆ ਹੁੰਦਾ।

ਅੱਠ ਵਰ੍ਹੇ ਪਹਿਲਾਂ ਜਦੋਂ ਦੋਵਾਂ ਭਰਾਵਾਂ ਨੇ ਵਾਹੀ ਅੱਡੋ ਅੱਡ ਕੀਤੀ ਸੀ, ਵੱਡੇ ਭਰਾ ਬਲਦੇਵ ਸਿੰਘ ਦੇ ਹਿੱਸੇ ਢਾਈ ਕਿੱਲੇ ਹੀ ਆਏ ਸਨ, ਪਰ ਜਦੋਂ ਦੀ ਉਸ ਦੀ ਕੁੜੀ ਸੁਖਜੀਤ ਪੜ੍ਹਾਈ ਦੇ ਆਧਾਰ 'ਤੇ ਕੈਨੇਡਾ ਗਈ, ਉਹ ਆਪਣੇ ਆਪ ਨੂੰ ਪਿੰਡ ਦੇ ਸਿਆਣੇ ਅਤੇ ਸਹਿੰਦੇ ਬੰਦਿਆਂ 'ਚ ਗਿਣਨ ਲੱਗਾ ਸੀ। ਉਸ ਨੂੰ ਛੋਟੇ ਭਰਾ ਸੁਖਦੇਵ ਦਾ ਸਬਜ਼ੀ ਲਾਉਣ ਵਾਲਾ ਕੰਮ ਚੰਗਾ ਨਹੀਂ ਸੀ ਲੱਗਦਾ। ਉਹ ਇਸ ਨੂੰ ਕਮੀਣਾਂ ਵਾਲਾ ਕੰਮ ਸਮਝਦਾ ਸੀ। ਦੋਵਾਂ ਭਰਾਵਾਂ ਦੀ ਆਪਸ ਵਿੱਚ ਬਹੁਤੀ ਆਉਣੀ ਜਾਣੀ ਨਹੀਂ ਸੀ, ਪਰ ਰਾਹ ਖੇੜ੍ਹੇ ਮਿਲਣ 'ਤੇ ਇੱਕ ਦੂਜੇ ਨੂੰ ਬੁਲਾ ਲੈਂਦੇ। ਅੱਜਕੱਲ੍ਹ ਉਸ ਨੂੰ ਸੁਖਦੇਵ 'ਤੇ ਕਈ ਗੱਲਾਂ ਕਰਕੇ ਗੁੱਸਾ ਚੜ੍ਹਦਾ ਰਹਿੰਦਾ। ਜਦੋਂ ਦਾ ਸੁਖਦੇਵ ਵੱਲੋਂ ਮੁੰਡੇ ਮਨੀ ਨੂੰ ਅੱਗੇ ਪੜ੍ਹਨ ਲਾਉਣ ਦਾ ਸੁਣਿਆ ਸੀ, ਉਦੋਂ ਦਾ ਤਾਂ ਖਾਸਾ ਹੀ ਔਖਾ ਭਾਰਾ ਹੋਇਆ ਪਿਆ ਸੀ।

''ਸੁਖਦੇਵ ਸਿਆਂ! ਲੱਗਣਾ, ਤੂੰ ਆਵਦੀ ਜਨਾਨੀ ਮਗਰ ਈ ਐਂ। ਮੇਰੀ ਕਿਸੇ ਗੱਲ 'ਤੇ ਕੰਨ ਨ੍ਹੀ ਧਰਨਾ, ਪਰ ਇੱਕ ਗੱਲ ਧਿਆਨ ਨਾਲ ਸੁਣ ਲੈ। ਆਹ ਜਿਹੜਾ ਤੂੰ ਮਨੀ ਦੀ ਪੜ੍ਹਾਈ 'ਤੇ ਪੈਸਾ ਉਜਾੜੀ ਜਾਨੈ, ਸਿਰੇ ਦੀ ਬੇਵਕੂਫੀ ਐ। ਨੌਕਰੀ-ਨੁਕਰੀ ਕੋਈ ਨ੍ਹੀਂ ਮਿਲਣੀ ਹਮਾਤੜਾਂ ਨੂੰ। ਸਰਕਾਰੀ ਨੌਕਰੀਆਂ ਕਿਤੇ ਟਿੱਬਿਆਂ 'ਚ ਰੁਲਦੀਆਂ ਫਿਰਦੀਆਂ? ਲੋਕ ਤਾਂ ਵਜ਼ੀਰਾਂ ਮਗਰ ਨੋਟਾਂ ਦੀਆਂ ਦੱਬੀਆਂ ਚੱਕੀ ਫਿਰਦੇ। ਦੱਬੀਆਂ ਕੀ ਪੰਡਾਂ ਈ ਆਖ। ਉਤੋਂ ਵੱਡੀਆਂ-ਵੱਡੀਆਂ ਸਿਫਾਰਸ਼ਾਂ। ਨੌਕਰੀ ਮਿਲਦੀ, ਜੀਹਦੇ ਕੋਲ ਦੋਵੇਂ ਹੋਣ, ਪੈਸਾ ਤੇ ਸਿਫਾਰਸ਼ ਵੀ।'' ਇੱਕ ਦਿਨ ਤੁਰੇ ਜਾਂਦੇ ਸੁਖਦੇਵ ਨੂੰ ਰੋਕ ਕੇ ਬਲਦੇਵ ਨੇ ਏਧਰ-ਓਧਰ ਦੀਆਂ ਗੱਲਾਂ ਕੀਤੇ ਬਗੈਰ ਸਿੱਧਾ ਠਾਹ ਸੋਟਾ ਮਾਰਿਆ ਸੀ।

''..ਤੇ ਭਾਈ ਸਾਹਬ! ਗੁੱਸਾ ਤਾਂ ਕਰੀ ਨਾ। ਨਾ ਤੇਰੇ ਕੋਲ ਪੈਸਾ ਤੇ ਨਾ ਤੇਰੇ ਕੋਲ ਸਿਫਾਰਸ਼।'' ਬਲਦੇਵ ਸਿੰਘ ਨੇ ਗੱਲ ਨਿਬੇੜ ਦਿੱਤੀ। ਸੁਖਦੇਵ ਸਿੰਘ ਨੂੰ ਸਮਝ ਨਹੀਂ ਸੀ ਕਿ ਉਹ ਵੱਡੇ ਭਰਾ ਦੀ ਆਖੀ ਗੱਲ ਦਾ ਕੀ ਜਵਾਬ ਦੇਵੇ।

''ਬੱਸ ਬਾਈ ਪੜ੍ਹਾਈ ਜਾਨੇ ਆਂ ਔਖੇ ਸੌਖੇ। ਅੱਗੇ ਜੁਆਕ ਦੀ ਕਿਸਮਤ। ਜੇ ਕਰਮਾਂ 'ਚ ਹੋਈ ਸਰਕਾਰੀ ਨੌਕਰੀ ਮਿਲਜੂ ਨਹੀਂ ਤਾਂ ਪ੍ਰਾਈਵੇਟ ਲੱਗਜੂ ਕਿਧਰੇ ਪੰਜ ਸੱਤ ਹਜ਼ਾਰ 'ਤੇ। ਗੱਲ ਤਾਂ ਸਾਰੀ ਕਰਮਾਂ 'ਤੇ ਐ।'' ਸੁਖਦੇਵ ਨੇ ਜਿਵੇਂ ਜਵਾਬ ਦੇਣ ਲਈ ਜਵਾਬ ਦਿੱਤਾ, ਉਂਜ ਉਸ ਨੂੰ ਪਤਾ ਸੀ ਕਿ ਐਨੇ ਕੁ ਜਵਾਬ ਨਾਲ ਵੱਡੇ ਭਰਾ ਦੀ ਤੱਸਲੀ ਨਹੀਂ ਹੋਣੀ।

''ਉਏ ਕਰਮ ਕਿਤੇ ਐਵੇਂ ਬਣਦੇ ਐ? ਇਹ ਤਾਂ ਬਣਾਉਣੇ ਪੈਂਦੇ ਐ ਛੋਟੇ ਭਾਈ। ਸਿਆਣੇ ਬਣ ਕੇ ਚੱਲਣਾ ਪੈਂਦਾ। ਸਿਆਣਾ ਹੋਣ ਦੀ ਲੋੜ ਹੁੰਦੀ।'' ਵੱਡੇ ਭਰਾ ਦੀਆਂ ਊਲ-ਜਲੂਲ ਸੁਣ ਕੇ ਸੁਖਦੇਵ ਅੰਦਰੇ ਅੰਦਰ ਵੱਟ ਖਾ ਗਿਆ ਸੀ।

''ਦੇਬੂ! ਭਾਈ ਸਿਆਣੇ ਬਣ ਕੇ ਚਲੋਂ ਸਿਆਣੇ। ਤੀਵੀਂ ਮਗਰ ਨ੍ਹੀ ਲੱਗੀਦਾ ਬਾਹਲਾ। ਸਮਾਂ ਵੇਖ ਕੇ ਚੱਲੀਦਾ।''

''ਬਾਈ ਜੇ ਬੋਝੇ 'ਚ ਚਾਰ ਠਿੱਪਰ ਹੋਣ, ਸਿਆਣਪ ਵੀ ਆ ਜਾਂਦੀ ਐ ਆਪਣੇ ਆਪ ਈ। ਹੁਣ ਸਾਡੇ ਵਰਗੇ ਨੰਗ ਨੇ ਕੀ ਸਿਆਣਾ ਹੋਣਾ?''

''ਜੇ ਆਵਦੇ ਕੋਲ ਸਿਆਣਪ ਹੈਨੀ ਤਾਂ ਕਿਸੇ ਆਂਢੀ ਗੁਆਂਢੀ ਤੋਂ ਲੈ ਲੋ।'' ਛੋਟੇ ਭਰਾ ਦੇ ਬੋਲਾਂ ਵਿਚਲੇ ਵਿਅੰਗ ਨੂੰ ਸਮਝਦਿਆਂ ਬਲਦੇਵ ਸਿੰਘ ਵੱਟ ਖਾ ਗਿਆ।

''ਸਿਆਣੇ ਆਂਹਦੇ ਜੇ ਬੰਦੇ ਨੂੰ ਆਪ ਸੋਝੀ ਨਾ ਆਵੇ ਤਾਂ ਕੰਧ ਤੋਂ ਪੁੱਛ ਲਈਦਾ। ਥੋਨੂੰ ਸਿਆਣਪ ਆ ਕਿੱਥੋਂ ਜਾਊ? ਤੇਰੀ ਤੀਵੀਂ ਦੀ ਆਕੜ 'ਚ ਨਹੁੰ ਨ੍ਹੀ ਖੁੱਭਦਾ। ਬੰਦਾ ਕਿਸੇ ਭੈਣ ਭਰਾ ਨਾਲ ਈ ਰਾਇ ਮਸ਼ਵਰਾ ਕਰ ਲੈਂਦਾ। ਤੈਨੂੰ ਤਾਂ ਜਿਮੇ ਸਰਦਾਰਨੀ ਆਖਦੀ ਐ ਉਵੇਂ ਜਿਵੇਂ ਕਰ ਲੈਨਾ। ਮੈਨੂੰ ਪੁੱਛਦਾ ਤਾਂ ਮੈਂ ਮਨੀ ਨੂੰ ਅੱਗੇ ਪੜ੍ਹਾਉਣ ਦੀ ਸਾਲਾਹ ਨਾ ਦਿੰਦਾ।''

''ਹੋਰ ਫਿਰ ਕੀ ਕਰਦੇ?''

''ਮੇਰੇ ਵੱਲੀ ਦੇਖਲਾ। ਮੈਂ ਨ੍ਹੀ ਸੀ ਹੀਰੇ ਨੂੰ ਅੱਗੇ ਪੜ੍ਹਾ ਸਕਦਾ? ਮੇਰੇ ਕੋਲ ਕਿਹੜਾ ਫੀਸ ਦੇਣ ਵਾਸਤੇ ਪੈਸੇ ਹੈਨੀ ਸੀ। ਸੁੱਖ ਨਾਲ ਗੁਰੂ ਮਾਰਾਜ ਦਾ ਦਿੱਤਾ ਸਭ ਕੁਛ ਐ। ਵੇਖ ਲਾ, ਨਹੀਂ ਲਾਇਆ। ਬਾਰ੍ਹਾਂ ਕਰਾਲੀਆਂ, ਵਾਧੂ ਐ। ਮੈਨੂੰ ਦੱਸ ਤਾਂ ਸਹੀ, ਧੀ ਪੁੱਤ ਨੂੰ ਵੱਧ ਪੜ੍ਹਾਉਣ ਦਾ ਹੈ ਕੋਈ ਲਾਭ?''

''ਲਾਭ? ਲਾਭ ਕੀ ਐ? ਹੋਰ ਫਿਰ ਕੀ ਕਰਦੇ?'' ਸੁਖਦੇਵ ਨੇ ਆਪਣਾ ਹੀ ਪਹਿਲਾ ਸਵਾਲ ਫੇਰ ਦੁਹਰਾ ਦਿੱਤਾ ਸੀ।

''ਹੀਰੇ ਨੂੰ ਸ਼ਹਿਰ ਸੀਮੈਂਟ ਸਰੀਏ ਦੀ ਦੁਕਾਨ ਕਰਾ ਦਿੱਤੀ ਐ। ਕੰਮ ਵਧੀਆ ਚੱਲਦੈ। ਸੁਰਜਨ ਸਿਹੁੰ ਆੜਤੀਏ ਦੇ ਮੁੰਡੇ ਨਾਲ ਸਾਂਝੀ ਆ। ਹੀਰਾ ਪੰਜ ਚਾਰ ਸਾਲ ਸਾਂਝਾ ਕੰਮ ਕਰਲੂ, ਫੇਰ ਅੱਡ ਕਰਲਾਂਗੇ। ਸੁਰਜਨ ਸਿਹੁੰ ਚੰਗੀ ਨਿਭਾਈ ਗਿਆ ਤਾਂ ਨਿਭੀ ਜਾਊ।'' ਬਲਦੇਵ ਨੇ ਬੜਾ ਹੁੱਬਾ ਕੇ ਦੱਸਿਆ ਸੀ।''

''ਚੰਗਾ ਕੀਤਾ! ਚੰਗਾ ਕੀਤਾ!!'' ਸੁਖਦੇਵ ਮਸੀਂ ਇੰਨਾ ਹੀ ਆਖ ਸਕਿਆ ਸੀ। ਸੁਰਜਨ ਸਿੰਘ ਆੜਤੀਏ ਨਾਲ ਸਾਂਝਦਾਰੀ ਦੀ ਗੱਲ ਸੁਣਦਿਆਂ ਉਸ ਦਾ ਮੂੰਹ ਕੌੜਾ ਹੋ ਗਿਆ ਸੀ ਜਿਵੇਂ ਕੁਨੀਨ ਦੀ ਕੌੜੀ ਗੋਲੀ ਸੰਘ 'ਚ ਆ ਫਸੀ ਹੋਵੇ। ਉਸ ਦਾ ਜੀਅ ਕੀਤਾ ਆਖੇ, ''ਸੁਰਜਨ ਸਿੰਘ ਨੇ ਨਿਭਾਈ ਤਾਂ ਬਾਪੂ ਨਾਲ ਵੀ ਬੜੀ ਵਧੀਆ ਸੀ। ਬੜੀ ਭੱਦਰਕਾਲੀ ਵਾਲਾ ਕੰਮ ਕੀਤਾ ਬੁੱਕਲ ਦੇ ਸੱਪ ਸੁਰਜਨ ਸਿੰਘ ਆੜਤੀਏ ਨਾਲ ਸਾਂਝਦਾਰੀ ਕਰਕੇ। ਕੋਈ ਅੰਤ ਨ੍ਹੀ ਤੇਰੀ ਸਿਆਣਪ ਦਾ। ਬਾਪੂ ਦੀ ਆਤਮਾ ਵੀ ਤੈਨੂੰ ਥਾਪੀਆਂ ਦਿੰਦੀ ਹੋਊ ਬਈ ਮੇਰੀ ਔਲਾਦ ਨੇ ਬੜਾ ਨੇਕ ਕੰਮ ਕੀਤਾ।'' ਪਰ ਚੁੱਪ ਰਿਹਾ। ਸੁਰਜਨ ਸਿੰਘ ਵੱਲੋਂ ਕਈ ਵਰ੍ਹੇ ਪਹਿਲਾਂ ਨੱਪੇ ਤਿੰਨ ਕਿੱਲੇ ਉਸ ਦੀ ਹਿੱਕ 'ਚ ਰੜਕਣ ਲੱਗੇ ਸਨ।

ਉਦੋਂ ਬਲਦੇਵ ਤੇ ਸੁਖਦੇਵ ਅਜੇ ਗੱਭਰੂ ਨਹੀਂ ਸੀ ਹੋਏ। ਉਨ੍ਹਾਂ ਦੇ ਬਾਪ ਅਮਰ ਸਿੰਘ ਦੀ ਸੁਰਜਨ ਨਾਲ ਗੂੜ੍ਹੀ ਯਾਰੀ ਸੀ। ਦੋਵੇਂ ਪਿਆਲੇ ਦੇ ਸਾਂਝੀ। ਅਮਰ ਸਿੰਘ ਨੇ ਧੀ ਦੇ ਵਿਆਹ ਸਮੇਂ ਸੁਰਜਨ ਤੋਂ ਵਿਆਜੂ ਪੈਸੇ ਫੜੇ ਸਨ। ਪੈਸੇ ਦੇਣ ਲੱਗਿਆਂ ਸੁਰਜਨ ਨੇ ਸੁਖਦੇਵ ਹੋਰਾਂ ਦੇ ਬਾਪ ਤੋਂ ਪਰੋਨੋਟ 'ਤੇ ਤਿੰਨ ਕਿੱਲੇ ਗਹਿਣੇ ਲਿਖਾ ਲਏ। ਫਿਰ ਕਈ ਵਰ੍ਹੇ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋਇਆ ਸਾਰਾ ਪਰਵਾਰ ਸੁਰਜਨ ਕਿਆਂ ਦੇ ਪੈਸੇ ਮੋੜਦਾ ਰਿਹਾ, ਪਰ ਉਸ ਦੇ ਪਰੋਨੋਟਾਂ 'ਤੋਂ ਅਮਰ ਸਿੰਘ ਦਾ ਨਾਂਵਾਂ ਸਾਫ ਨਾ ਹੋ ਸਕਿਆ। ਅਮਰ ਸਿੰਘ ਨੂੰ ਪਰੋਨੋਟਾਂ ਦੀ ਲੰਘਦੀ ਜਾਂਦੀ ਮਿਆਦ ਦਾ ਪਤਾ ਨਹੀਂ ਲੱਗਾ ਤੇ ਨਾ ਸੁਰਜਨ ਨੇ ਇਹਦੇ ਬਾਰੇ ਕਦੇ ਯਾਦ ਕਰਾਇਆ। ਉਸ ਨੂੰ ਉਦੋਂ ਹੀ ਪਤਾ ਲੱਗਾ ਸੀ ਜਦੋਂ ਸੁਰਜਨ ਸਿੰਘ ਨੇ ਕਚਹਿਰੀ 'ਚ ਤਹਿਸੀਲਦਾਰ ਅੱਗੇ ਪੈਸੇ ਭਰ ਕੇ ਜ਼ਮੀਨ ਆਪਣੇ ਨਾਂ ਬੈਅ ਕਰਵਾ ਲਈ ਤੇ ਤਿੰਨ ਕਿੱਲਿਆਂ 'ਚ ਟਰੈਕਟਰ ਆ ਵਾੜਿਆ। ਅਮਰ ਸਿੰਘ ਯਾਰੀ ਦੇ ਮਿਹਣੇ ਵੀ ਮਾਰਦਾ ਰਿਹਾ ਤੇ ਆਪਣੇ ਨਾਲ ਧੱਕੇ ਬਾਰੇ ਪਰ੍ਹੇ ਪੰਚ-ਾਇਤ ਵੀ ਰੌਲਾ ਪਾਉਂਦਾ ਰਿਹਾ। ਕੁਝ ਨਹੀਂ ਸੀ ਹੋਇਆ। ਸੁਰਜਨ ਸਿੰਘ ਦੇ ਘਰੋਂ ਮਹਿੰਗੀ ਸ਼ਰਾਬ ਪੀ ਕੇ ਮੁਰਗੇ ਖਾਣ ਵਾਲੀ ਪੰਚਾਇਤ ਨੇ ਥੋੜ੍ਹੇ ਬਹੁਤੇ ਹੋਰ ਪੈਸੇ ਦਿਵਾ ਕੇ ਗੱਲ ਨਿਬੇੜ ਦਿੱਤੀ ਸੀ।

''ਮੇਰੇ ਆਖੇ ਲੱਗੇਂ ਤਾਂ ਛੱਡ ਖਹਿੜਾ ਪੜ੍ਹਾਈਆਂ ਦਾ। ਕੋਈ ਫਾਇਦਾ ਨਹੀਂ। ਬਿਜਨੈਸ 'ਚ ਪਾ ਦੇ ਮੁੰਡੇ ਨੂੰ।'' ਤੁਰਨ ਦੀ ਤਿਆਰੀ ਕਰਦਿਆਂ ਬਲਦੇਵ ਨੇ ਆਖਿਆ ਸੀ।

''ਬਾਈ, ਤੇਰੇ ਵਰਗੇ ਬਿਜਨੈਸ ਅਸੀਂ ਕਿਥੋਂ ਕਰਲਾਂਗੇ?'' ਸੁਖਦੇਵ ਦੀ ਗੱਲ ਅਣਸੁਣੀ ਕਰਦਿਆਂ ਬਲਦੇਵ ਸਿੰਘ ਸੁਸਾਇਟੀ ਵੱਲ ਤੁਰ ਗਿਆ। ਅੱਜਕੱਲ੍ਹ ਉਹ ਪਿੰਡ ਦੀ ਖੇਤੀਬਾੜੀ ਸੁਸਾਇਟੀ ਦੀਆਂ ਚੋਣਾਂ ਦੀ ਤਿਆਰੀ ਕਰ ਰਿਹਾ ਸੀ।

''ਤੇਰੇ ਵੱਸ ਦੀ ਗੱਲ ਨਹੀਂ, ਤੇਰਾ ਖੂਨ ਚਿੱਟਾ ਹੋ ਗਿਆ। ਪੈਸਾ ਈ ਮੁੱਖ ਹੋ ਗਿਆ ਤੇਰੇ ਵਾਸਤੇ। ਪੈਸੇ ਵਾਸਤੇ ਤੂੰ ਕੁੜੀ ਨੂੰ ਹੋਰ ਵੀ ਦੋ ਥਾਈਂ ਵਿਆਹ ਸਕਦੈਂ। ਪਿੰਡ ਕੀ, ਆਲੇ-ਦੁਆਲੇ ਦੇ ਕਈ-ਕਈ ਪਿੰਡ ਜਾਣਦੇ ਤੇਰੀ ਭੱਦਰਕਾਰੀ ਨੂੰ। ਮੁੰਡੇ ਵਾਲਿਆਂ ਨੇ ਸਾਰਾ ਖਰਚਾ ਕਰਕੇ ਕੁੜੀ ਨੂੰ ਕੈਨੇਡਾ ਭੇਜਿਆ ਸੀ ਪੜ੍ਹਨ ਵਾਸਤੇ। ਤੇਰੇ ਕੋਲ ਤਾਂ ਸਿਰ ਦੀ ਜੂੰ ਵੀ ਹੈਨੀ ਸੀ ਲਾਉਣ ਨੂੰ। ਕੈਨੇਡਾ ਪਹੁੰਚਦਿਆਂ ਕੁੜੀ ਮੁੱਕਰ ਗਈ। ਮੁੰਡੇ ਨੂੰ ਸੱਦਣ ਤੋਂ ਇਨਕਾਰੀ ਹੋਗੀ। ਮੁੱਕਰੀ ਨਹੀਂ, ਤੁਸੀਂ ਤੀਵੀਂ ਤੇ ਖਸਮ ਨੇ ਰਲ ਕੇ ਮੁਕਰਾ ਦਿੱਤੀ। ਮੁੰਡੇ ਵਾਲੇ ਵਿਚਾਰੇ ਰੌਲਾ ਪਾਉਂਦੇ ਰਹੇ। ਬਥੇਰੀਆਂ ਪੰਚਾਇਤਾਂ ਇਕੱਠੀਆਂ ਕੀਤੀਆਂ, ਪਰ ਨਿਆਂ ਨਹੀਂ ਮਿਲਿਆ ਅਗਲਿਆਂ ਨੂੰ। ਤੁਸੀਂ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੱਤਾ, ਅਖੇ ਜੀ ਕੀ ਕਰੀਏ ਜਦੋਂ ਕੁੜੀ ਹੀ ਮੁੱਕਰ ਗਈ। ਅਖੇ ਸਾਡੀ ਕੁੜੀ ਨੂੰ ਕਿਧਰੋਂ ਪਤਾ ਲੱਗ ਗਿਆ, ਥੋਡਾ ਮੁੰਡਾ ਨਸ਼ੇ ਕਰਦਾ। ਸਾਰੀ ਉਮਰ ਦਾ ਰੋਗ ਕਿਥੋਂ ਸਹੇੜ ਲਏ ਆਪਣੇ ਗਲ? ਮੁੰਡੇ ਵਾਲਿਆਂ ਦੇ ਪੈਸੇ ਮੋੜਨ ਤੋਂ ਵੀ ਨੰਗਾ ਚਿੱਟਾ ਜਵਾਬ ਦੇਤਾ। ਜਦੋਂ ਕੁੜੀ ਕਮਾਉਣ ਲੱਗ ਗਈ ਆਪੇ ਮੋੜ ਦੇਊ। ਐਹੋ ਜਿਹੀਆਂ ਕਰਤੂਤਾਂ ਥੋਡੀਆਂ ਵੱਡੇ ਸਰਦਾਰਾਂ ਦੀਆਂ। ਏਥੇ ਕਿਹੜਾ ਬੱਸ ਕਰਤੀ। ਜਿਥੇ ਕੁੜੀ ਦੂਜੀ ਥਾਂ ਮੰਗੀ ਉਥੋਂ ਵੀ ਤੀਹ ਲੱਖ ਝੋਲੀ ਪੁਆ ਲਿਆ। ਕਾਗਜ਼ੀ ਪੱਤਰੀਂ ਵਿਆਹ। ਨਿਰਾ-ਪੁਰਾ ਵਪਾਰ। ਪੱਕੀ ਹੋ ਕੇ ਜਿਹੜਾ ਵਿਆਹ ਕਰਵਾ ਕੇ ਗਈ ਹੈ, ਸੁਣਨ 'ਚ ਆਇਆ ਬਈ ਚਾਲੀ ਲੱਖ ਦਾ ਸੌਦਾ ਹੋਇਆ। ਅਜੇ ਪਤਾ ਨ੍ਹੀ ਵਿਆਹ ਅਸਲ ਐ ਕਿ..?'' ਬਲਦੇਵ ਸਿੰਘ ਦੇ ਤੁਰ ਜਾਣ ਬਾਅਦ ਸੁਖਦੇਵ ਕਿੰਨਾ ਚਿਰ ਮੂੰਹ 'ਚ ਹੀ ਬੁੜਬੁੜ ਕਰਦਾ ਰਿਹਾ ਸੀ।

****

ਬਲਦੇਵ ਸਿੰਘ ਪਿੰਡ ਦੀ ਸੁਸਾਇਟੀ ਦਾ ਪ੍ਰਧਾਨ ਬਣ ਗਿਆ। ਉਸ ਦੀ ਮਹਿੰਦਰਾ ਜੀਪ ਅੱਗੇ ਅੰਗਰੇਜ਼ੀ ਅੱਖਰਾਂ 'ਚ 'ਪ੍ਰਧਾਨ ਐਗਰੀਕਲਚਰ ਸੁਸਾਇਟੀ' ਦੀ ਚਮਕਦੀ ਪਲੇਟ ਲੱਗ ਗਈ। ਪਿੱਤਲ ਦੇ ਅੱਖਰਾਂ ਵਾਲੀ ਵੱਡੀ ਪਲੇਟ ਵਾਲੀ ਜੀਪ ਦਿਨ 'ਚ ਪਿੰਡੋਂ-ਸ਼ਹਿਰ ਤੇ ਸ਼ਹਿਰੋਂ-ਪਿੰਡ ਦੇ ਚੱਕਰ ਲਾਉਂਦੀ ਰਹਿੰਦੀ। ਜੀਪ ਕਦੇ ਥਾਣੇ, ਕਦੇ ਕਚਹਿਰੀ ਤੇ ਕਦੇ ਹਲਕਾ ਵਿਧਾਇਕ ਦੇ ਬਾਰ ਅੱਗੇ ਖੜ੍ਹੀ ਦਿਖਾਈ ਦਿੰਦੀ। ਬਲਦੇਵ ਸਿੰਘ ਅੱਜਕੱਲ੍ਹ ਐਮ ਐਲ ਏ ਸਾਹਬ ਦਾ ਪੂਰਾ ਚਹੇਤਾ ਬਣਿਆ ਪਿਆ ਸੀ। ਉਸ ਦੇ ਪਿੰਡ ਦਾ ਅਗਲਾ ਸਰਪੰਚ ਬਣਨ ਦੀ ਚਰਚਾ ਵੀ ਗਲੀਆਂ 'ਚੋਂ ਹੁੰਦੀ ਮੁਹੱਲਿਆਂ ਤੇ ਘਰਾਂ 'ਚ ਪਹੁੰਚ ਰਹੀ ਸੀ। ਪਿੰਡ ਦੇ ਚੱਲਦੇ ਫਿਰਦੇ ਤੇ ਚੱਕ ਥੱਲ ਕਰਨ ਦੇ ਮਾਹਰ ਬਹੁਤ ਸਾਰੇ ਬੰਦੇ ਉਸ ਦੇ ਘਰ ਗੇੜਾ ਮਾਰਨ ਲੱਗੇ ਸਨ।

ਬਲਦੇਵ ਸਿੰਘ ਦੁੱਧ ਚਿੱਟੇ ਕੱਪੜੇ ਪਾ ਬਗਲਾ ਬਣ ਕੇ ਪਿੰਡ 'ਚੋਂ ਦੀ ਲੰਘਦਾ ਤਾਂ ਬੁਲਾਉਣ ਲਈ ਬਹੁਤ ਸਾਰੇ ਹੱਥ ਉਠਣ ਲੱਗੇ। ਉਹ ਆਪਣੇ ਆਪ ਨੂੰ ਪਿੰਡ ਦਾ ਬੜਾ ਅਹਿਮ ਵਿਅਕਤੀ ਹੋਣ ਦਾ ਅਹਿਸਾਸ ਕਰਦਾ ਰਹਿੰਦਾ। ਆਪਣੀ ਦਿਨੋ ਦਿਨ ਹੁੰਦੀ ਤਰੱਕੀ ਨਾਲ ਉਹ ਨਸ਼ਿਆਇਆ ਰਹਿੰਦਾ। ਸ਼ਹਿਰ ਵਿਚਲੀ ਦੁਕਾਨ ਵੀ ਪੂਰੀ ਵਧੀਆ ਚੱਲ ਰਹੀ ਸੀ। ਉਹ ਉਨ੍ਹਾਂ ਦਿਨਾਂ ਨੂੰ ਯਾਦ ਵੀ ਨਹੀਂ ਸੀ ਕਰਨ ਚਾਹੁੰਦਾ ਜਦੋਂ ਉਸ ਕੋਲ ਕੇਵਲ ਢਾਈ ਕਿੱਲੇ ਜ਼ਮੀਨ ਸੀ। ਜ਼ਿੰਦਗੀ ਪ੍ਰਤੀ ਉਸ ਨੂੰ ਕੋਈ ਰੰਜ ਨਹੀਂ ਸੀ ਰਿਹਾ। ਬਲਦੇਵ ਸਿੰਘ ਨੂੰ ਜੇ ਕੋਈ ਰੰਜ ਸੀ ਤਾਂ ਛੋਟੇ ਭਰਾ ਸੁਖਦੇਵ ਨਾਲ। ਉਸ ਵੱਲੋਂ ਕੀਤੇ ਜਾਂਦੇ ਮਿਹਨਤ ਮੁਸ਼ੱਕਤ ਵਾਲੇ ਕੰਮਾਂ ਨੂੰ ਕੰਮੀਆਂ ਕਮੀਣਾਂ ਵਾਲੇ ਕੰਮ ਆਖ ਕੇ ਬੁਰਾ ਭਲਾ ਬੋਲਦਾ, ਰਹਿੰਦਾ, ''ਆਵਦੇ ਖੇਤਾਂ 'ਚ ਸਬਜ਼ੀ ਭਾਜੀ ਲਾਉਣੀ ਮਾੜੀ ਗੱਲ ਨ੍ਹੀ, ਪਰ ਰਿਕਸ਼ਾ ਰੇਹੜੀ 'ਤੇ ਲੱਦ ਕੇ ਮੰਡੀ 'ਚ ਖੜ੍ਹਨਾ, ਏਹ ਭਲਾ ਕੀ ਗੱਲ ਹੋਈ? ਸ਼ਰਮ ਆਉਂਦੀ ਐ ਜਦੋਂ ਕੋਈ ਆ ਕੇ ਦੱਸਦਾ ਕਿ ਪ੍ਰਧਾਨ ਸਾਬ੍ਹ ਆਪਣਾ ਦੇਬੂ ਮੰਡੀ 'ਚ ਰੇਹੜੀ ਲਾਈ ਖੜ੍ਹੈ। ਅਖੇ ਜੀ ਕਿਰਤ ਕਰਦਾਂ। ਕੀ ਫਾਇਦਾ ਐਹੋ ਜੀ ਕਿਰਤ ਦਾ?''

ਬਲਦੇਵ ਸਿੰਘ ਸਿੱਧਾ ਸੁਖਦੇਵ ਨੂੰ ਸਬਜ਼ੀ ਵੇਚਣ ਵਾਲਾ ਕੰਮ ਛੱਡਣ ਲਈ ਨਾ ਆਖਦਾ, ਪਰ ਆਪਣੀਆਂ ਸਾਂਝੀਆਂ ਰਿਸ਼ਤੇਦਾਰੀਆਂ 'ਚ ਗੁੱਭ ਗੁਲਾਟ ਕੱਢਦਾ ਤੇ ਸੁਖਦੇਵ ਨੂੰ ਸਮਝਾਉਣ ਲਈ ਆਖਦਾ।

''ਬਾਈ ਸੁਖਦੇਵ! ਪ੍ਰਧਾਨ ਦਾ ਭਰਾ ਐਂ ਤੂੰ। ਹਾਅ ਕੰਮ ਸ਼ੋਭਾ ਜਿਆ ਨ੍ਹੀ ਦਿੰਦਾ। ਉਥੇ ਈ ਤੂੰ ਖੜ੍ਹਾ ਹੁੰਨੈ ਰੇਹੜੀ ਲੈ ਕੇ ਉਥੇ ਈ ਆਪਣੇ ਪਿੰਡ ਆਲੇ ਕੰਮੀ ਕਮੀਣ ਖੜ੍ਹੇ ਹੁੰਦੇ ਐਂ।'' ਤਲਵੰਡੀ ਵਾਲੀ ਭੈਣ ਨੇ ਆਪਣੇ ਵੱਲੋਂ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।

''ਬੀਬੀ ਸਰਜੀਤ! ਪ੍ਰਧਾਨ ਨੂੰ ਕਹੋ ਸਾਡੇ ਘਰੇ ਸਾਲ ਭਰ ਦੇ ਦਾਣੇ ਸਿੱਟ ਜਾਇਆ ਕਰੇ। ਸਾਰੇ ਜੀਆਂ ਦਾ ਲੀੜਾ ਲੱਤਾ ਬਣਵਾ ਦਿਆ ਕਰੇ ਚੜ੍ਹੇ ਸਿਆਲ। ਜੁਆਕਾਂ ਦੀ ਪੜ੍ਹਾਈ ਦੇ ਖਰਚੇ ਤਾਰ ਦਿਆ ਕਰੇ। ਦਸ ਵੀਹ ਹਜ਼ਾਰ ਦੇ ਦਿਆ ਕਰੇ ਰਿਸ਼ਤੇਦਾਰੀਆਂ 'ਚ ਆਉਣ ਜਾਣ ਵਾਸਤੇ ਕਿਰਾਇਆ ਭਾੜਾ। ਹੋਰ ਕੀ ਚਹੀਦਾ? ਕੁੱਛ ਨ੍ਹੀ.. ਛੱਡ ਦਿੰਨਾ ਅੱਜ ਈ ਇਹ ਕੰਮ ਜੇ ਜ਼ਿਆਦਾ ਈ ਸ਼ਰਮ ਆਉਂਦੀ ਆਪਣੇ ਲੀਡਰ ਨੂੰ।'' ਸੁਖਦੇਵ ਨੇ ਵੱਡੀ ਭੈਣ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਅਧੂਰੀ ਛੱਡੀ ਗੱਲ ਪੂਰੀ ਕੀਤੀ।

''ਜਿੱਥੋਂ ਤੱਕ ਖੜ੍ਹਨ ਖੜ੍ਹਾਉਣ ਦੀ ਗੱਲ ਐ, ਮੈਂ ਭੋਰਾ ਪਾਸੇ ਹੋ ਕੇ ਖੜ੍ਹ ਜਿਆ ਕਰੂ ਕੰਮੀ ਕਮੀਣਾਂ ਤੋਂ। ਫੇਰ ਠੀਕ ਐ ਨਾ?''

''ਤੂੰ ਤਾਂ ਗੱਲ ਦਾ ਵਲਾਅ ਪਾਉਨੈਂ। ਮੇਰਾ ਕਹਿਣ ਦਾ ਮਤਲਬ ਸੀ ਜਾਣੀਦਾ ਕੰਮ ਕੁਛ ਜਚਦਾ ਜਿਆ ਨ੍ਹੀ।''

''ਬੀਬੀਏ ਭੈਣੇ! ਕੰਮ ਤਾਂ ਉਹੀ ਜਚਦਾ ਹੁੰਦੈ ਜਿਹੜਾ ਟੱਬਰ ਦੇ ਜੀਆਂ ਮੂੰਹ ਬੁਰਕੀ ਪਾਵੇ। ਬਾਕੀ ਸਾਰਾ ਕੁਛ ਤਾਂ ਫਲੂਲੀਆਂ ਈ ਹੁੰਦੀਆਂ। ਆਪਣੀ ਬਥੇਰੀ ਜਨਤਾ ਮਾਰੀ ਜਾਂਦੀ ਫਲੂਲੀਆਂ।''

ਸੁਖਦੇਵ ਸਿੰਘ ਦੀਆਂ ਕੋਰੀਆਂ ਕਰਾਰੀਆਂ ਸੁਣ ਕੇ ਭੈਣ ਕੰਨ ਵਲ੍ਹੇਟਦੀ ਤੁਰ ਗਈ ਸੀ।

''ਭੈਣ ਜੀ, ਆਵਦੇ ਬਾਈ ਪ੍ਰਧਾਨ ਸਾਬ੍ਹ ਨੂੰ ਇਹ ਵੀ ਦੱਸਦੀਂ, ਜਿਵੇਂ ਉਹ ਸੁਰਜਨ ਆੜਤੀਏ ਵਰਗੇ ਯਾਰਾਂ ਜੱਟਾਂ ਨਾਲ ਪਿਆਲਾ ਸਾਂਝਾ ਕਰਦੈ, ਉਵੇਂ ਮੈਂ ਵੀ ਸਬਜ਼ੀਆਂ ਵੇਚਣ ਵਾਲੇ ਕੰਮੀ ਕਮੀਣਾਂ ਨਾਲ ਗਿਲਾਸੀ ਖੜਕਾ ਲੈਨਾ।'' ਸੁਖਦੇਵ ਦੇ ਬੋਲ ਤੁਰੀ ਜਾਂਦੀ ਸੁਰਜੀਤ ਕੌਰ ਦੇ ਨਾਲ ਜਾ ਰਲੇ ਸਨ।

ਬਲਦੇਵ ਸਿੰਘ ਨੂੰ ਅਸਲ ਤਕਲੀਫ ਉਸ ਦਿਨ ਹੋਈ ਜਿਸ ਦਿਨ ਭਤੀਜੀ ਰਮਨ ਸ਼ਹਿਰ ਦੇ ਬਿਊਟੀ ਪਾਰਲਰ 'ਤੇ ਜਾਣ ਲੱਗੀ ਸੀ। ਉਹ ਕਈ ਦਿਨ ਅੰਦਰੇ ਅੰਦਰ ਕ੍ਰਿੱਝਦਾ ਰਿਹਾ। ''ਕਮਲ ਤਾਂ ਵੇਖ ਕੀ ਕੁੱਟਿਆ ਇਨ੍ਹਾਂ ਨੇ। ਆਪ ਤਾਂ ਕੰਮੀ ਕਮੀਣਾਂ ਵਾਲਾ ਕੰਮ ਕਰਦਾ ਈ ਸੀ, ਅੱਗਿਓਂ ਕੁੜੀ ਵੀ ਕੰਜਰਾਂ ਵਾਲੇ ਕਿੱਤੇ 'ਚ ਪਾਤੀ। ਸਬਜ਼ੀ ਭਾਜੀ ਵਾਲੇ ਕੰਮ ਨਾਲ ਤਾਂ ਕੁਛ ਬਣਿਆ ਨੀ, ਬਿਊਟੀ ਪਾਰਲਰ ਦੀ ਕਮਾਈ ਨਾਲ ਪਾਉਣਗੇ ਕੋਠੀਆਂ।''

''ਗੱਲ ਸੁਣਲਾ ਮੇਰੀ! ਤੈਨੂੰ ਕੋਈ ਲੋੜ ਨ੍ਹੀ ਕਿਸੇ ਦੀ ਕਿਸੇ ਗੱਲ 'ਚ ਆਉਣ ਦੀ। ਜੀਹਦੀਆਂ ਅੱਖਾਂ ਦੁਖਣਗੀਆਂ ਆਪੇ ਪੱਟੀਆਂ ਬੰਨ੍ਹੇ। ਜਿੱਦਣ ਟੇਂਗਰੀ ਨੇ ਕੋਈ ਚੰਦ ਚਾੜ੍ਹਦਾ ਫੇਰ ਅੱਖਾਂ 'ਚ ਘਸੁੰਨ ਦੇ ਕੇ ਰੋਣਗੇ। ਤੈਨੂੰ ਆਖਤਾ ਵ੍ਹੀ ਤੂੰ ਨ੍ਹੀ ਆਉਣਾ ਉਨ੍ਹਾਂ ਦੀ ਕਿਸੇ ਗੱਲ 'ਚ।'' ਪ੍ਰੀਤੋ ਨੇ ਘਰਵਾਲੇ ਬਲਦੇਵ ਸਿੰਘ ਨੂੰ ਬੁਰੀ ਤਰ੍ਹਾਂ ਵਰਜ ਦਿੱਤਾ ਸੀ।

''ਇਹ ਕੋਈ ਇੱਜ਼ਤ ਵਾਲਾ ਕੰਮ ਐ? ਪਰਸ ਪਾ ਕੇ ਸ਼ਹਿਰ ਤੁਰ ਜਾਂਦੀ ਐ, ਕੀ ਪਤਾ ਕੀ ਕਰਦੀ ਫਿਰਦੀ ਓਥੇ। ਏਹਨੂੰ ਸਰਦਾਰ ਸੁਖਦੇਵ ਸਿਉਂ ਨੂੰ ਕਿਸੇ ਨੇ ਕੀ ਆਖਣਾ? ਲੋਕਾਂ ਨੇ ਛਿੱਬੀਆਂ ਤਾਂ ਮੇਰੇ ਮੂੰਹ 'ਚ ਦੇਣੀਆਂ। ਜੇ ਕੋਈ ਊਨੀ ਇੱਕੀ ਗੱਲਬਾਤ ਹੋਗੀ ਬੇਜ਼ਤੀ ਤਾਂ ਆਪਣੀਓ ਹੋਣੀ ਐ।''

''ਅੱਗੇ ਕਿੰਨੀਆਂ ਮੰਨੀਆਂ ਤੇਰੀਆਂ ਉਨ੍ਹਾਂ ਨੇ? ਚੁੱਪ ਕਰਕੇ ਬਹਿਜਾ ਘਰੇ। ਐਵੇਂ ਨਾ ਆਵਦਾ ਮੂੰਹ ਗੰਦਾ ਕਰੀਂ।''

ਬਲਦੇਵ ਸਿੰਘ ਦਾ ਜੀਅ ਕਰਦਾ ਸੀ ਕਿ ਛੋਟੇ ਭਰਾ ਦੇ ਘਰ ਜਾ ਕੇ ਰਮਨ ਨੂੰ ਬਿਊਟੀ ਪਾਰਲਰ ਦੇ ਕੰਮ ਤੋਂ ਹਟਾ ਲੈਣਾ ਬਾਰੇ ਆਖੇ, ਪਰ ਪ੍ਰੀਤੋ ਦੀ ਘੂਰ ਤੋਂ ਡਰਦਿਆਂ ਚੁੱਪ ਵੱਟ ਗਿਆ ਸੀ। ਉਂਜ, ਉਹ ਚਾਹੁੰਦਾ ਸੀ ਕਿ ਸੁਖਦੇਵ ਉਸ ਨੂੰ ਰਾਹ ਖੇੜ੍ਹੇ ਮਿਲ ਪਏ ਤੇ ਉਹ ਰਮਨ ਨੂੰ ਬਿਊਟੀ ਪਾਰਲਰ ਤੋਂ ਹਟਾ ਕੇ ਕੋਈ ਹੋਰ ਕੰਮ ਲਾਉਣ ਬਾਰੇ ਆਖੇ। ਉਸ ਨੇ ਦੇਣ ਵਾਲੇ ਸੁਝਾਅ ਬਾਰੇ ਵੀ ਸੋਚ ਰੱਖਿਆ ਸੀ। ਬਲਦੇਵ ਨੂੰ ਬਹੁਤੇ ਦਿਨ ਉਡੀਕ ਨਹੀਂ ਸੀ ਕਰਨੀ ਪਈ। ਸੁਖਦੇਵ ਸਾਈਕਲ ਧਰੂਹੀ ਆਉਂਦਾ ਪਿੰਡ ਦੀ ਫਿਰਨੀ 'ਤੇ ਮਿਲ ਗਿਆ ਸੀ।

''ਛੋਟੇ ਭਾਈ, ਤੇਰੇ ਨਾਲ ਗੱਲ ਕਰਨੀ ਸੀ ਕੋਈ ਜ਼ਰੂਰੀ।''

''ਵੱਡਾ ਭਰਾ ਏਂ, ਤੈਨੂੰ ਪੁੱਛਣ ਦੀ ਲੋੜ ਪੈਣੀ ਐ?''

''ਮੈਂ ਸੁਣਿਆ ਆਪਣੀ ਰਮਨਜੀਤ ਸ਼ਹਿਰ ਜਾਂਦੀ ਐ ਪਾਰਲਰ-ਪੂਰਲਰ ਦਾ ਕੰਮ ਸਿੱਖਣ?''

''ਸੁਣਿਆ ਤਾਂ ਤੂੰ ਠੀਕ ਈ ਐ ਬਾਈ। ਸੋਚਿਆ ਸਿੱਖ ਕੇ ਐਥੇ ਪਿੰਡ ਈ ਕੰਮ ਚਲਾ ਲਊ ਮਾੜਾ ਮੋਟਾ। ਪਿੰਡਾਂ 'ਚ ਵੀ ਵਿਆਹਾਂ ਸ਼ਾਦੀਆਂ 'ਤੇ ਬਥੇਰਾ ਕੰਮ ਚੱਲ ਜਾਂਦੈ।''

'' ਇਹ ਕਿਹੜੇ ਕੰਮਾਂ 'ਚੋਂ ਕੰਮ ਐ? ਚੰਗਾ ਕੰਮ ਐ?''

''ਕੰਮ ਵੀ ਕੋਈ ਚੰਗੀ ਮਾੜਾ ਹੁੰਦੈ?'' ਜਵਾਬ ਦੇਣ ਦੀ ਥਾਂ ਸੁਖਦੇਵ ਸਿੰਘ ਨੇ ਉਲਟਾ ਸਵਾਲ ਕਰ ਦਿੱਤਾ ਸੀ।

ਇਹ ਸੁਣ ਕੇ ਬਲਦੇਵ ਸਿੰਘ ਨੂੰ ਧੱਕਾ ਜਿਹਾ ਲੱਗਾ। ਉਸ ਨੇ ਸੋਚਿਆ ਸੀ ਕਿ ਸੁਖਦੇਵ ਪੁੱਛੇਗਾ, '' ਹੋਰ ਫਿਰ ਕੀ ਕਰਾਈਏ ਬਾਈ?'' ਤੇ ਉਹ ਜਵਾਬ 'ਚ ਕੁੜੀ ਨੂੰ ਆਈਲੈਟਸ ਕਰਾਉਣ ਦਾ ਸੁਝਾਅ ਦੇਵੇਗਾ ਤੇ ਬਾਹਰ ਭੇਜਣ ਲਈ ਹੋਣ ਵਾਲਾ ਖਰਚਾ ਕਿਸੇ ਮੁੰਡੇ ਵਾਲਿਆਂ ਤੋਂ ਕਰਵਾਉਣ ਦੀ ਜ਼ਿੰਮੇਵਾਰੀ ਵੀ ਲੈ ਲਵੇਗਾ।

''ਆਹ ਪਾਰਲਰ-ਪੂਰਲਰ ਵਾਲੇ ਕੰਮ ਨਾਲ ਇੱਜ਼ਤ ਨ੍ਹੀ ਬਣਦੀ। ਚੱਜ ਹਾਲ ਦੇ ਕੰਮ ਕਰਾਈਦੇ ਹੁੰਦੇ ਧੀ ਧਿਆਣੀ ਤੋਂ।'' ਵੱਡੇ ਭਰਾ ਦੀ ਗੱਲ ਸੁਣ ਕੇ ਸੁਖਦੇਵ ਨੂੰ ਗੁੱਸਾ ਚੜ੍ਹ ਗਿਆ ਸੀ। ਉਹ ਕਿੰਨਾ ਚਿਰ ਗਹੁ ਨਾਲ ਵੱਡੇ ਭਰਾ ਦੀਆਂ ਅੱਖਾਂ 'ਚ ਵੇਖਦਾ ਰਿਹਾ ਸੀ।

''ਸਾਊ, ਜਿਹੜੇ ਕੰਮ ਤੂੰ ਕਰਾਏ ਐ ਧੀ-ਧਿਆਣੀ ਤੋਂ, ਇੱਜ਼ਤ ਤਾਂ ਉਹਦੇ ਨਾਲ ਵੀ ਨ੍ਹੀ ਬਣਦੀ।'' ਆਖਦਿਆਂ ਸੁਖਦੇਵ ਸਿੰਘ ਨੇ ਸਾਈਕਲ ਰੋੜ੍ਹ ਲਿਆ ਸੀ। ਬਲਦੇਵ ਸਿੰਘ ਨੂੰ ਭਰੇ ਚੁਰਾਹੇ 'ਚ ਆਪਣਾ ਆਪ ਨੰਗਾ ਹੋ ਗਿਆ ਜਾਪਿਆ। ਠੰਢ ਦੇ ਦਿਨਾਂ 'ਚ ਉਸ ਦੇ ਮੱਥੇ 'ਤੇ ਪਸੀਨਾ ਵਗ ਆਇਆ ਸੀ।



## ਜ਼ਮੀਨੀ ਝਗੜੇ ਵਿੱਚ ਮਾਸੜ ਵੱਲੋਂ ਭਾਣਜੇ ਦਾ ਕਤਲ

ਬਠਿੰਡਾ, 19 ਨਵੰਬਰ (ਪੋਸਟ ਬਿਊਰੋ)- ਜ਼ਿਲੇ ਦੇ ਪਿੰਡ ਅਬਲੂ ਵਿਖੇ ਕੱਲ੍ਹ ਜ਼ਮੀਨੀ ਝਗੜੇ 'ਚ ਇੱਕ ਮਾਸੜ ਨੇ ਆਪਣੇ ਭਾਣਜੇ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਨਾਨਕੇ ਢੇਰੀ ਨੂੰ ਲੈ ਕੇ ਇਹ ਵਿਵਾਦ ਚੱਲ ਰਿਹਾ ਸੀ। ਘਟਨਾ ਤੋਂ ਬਾਅਦ ਮੁਲਜ਼ਮ ਮਾਸੜ ਮੌਕੇ ਤੋਂ ਫਰਾਰ ਹੋ ਗਿਆ।

ਮਿਲੀ ਸੂਚਨਾ ਮੁਤਾਬਕ ਪਿੰਡ ਦੇ ਚਾਨਣ ਸਿੰਘ ਅਤੇ ਗੁਰਦੇਵ ਕੌਰ ਦੇ ਘਰ ਕੋਈ ਪੁੱਤ ਨਹੀਂ ਸੀ। ਇਸ ਜੋੜੇ ਦੇ ਚਾਰ ਧੀਆਂ ਸਨ। ਇਸ ਦੌਰਾਨ ਇਨ੍ਹਾਂ ਦੇ ਵੱਡੇ ਜਵਾਈ ਦੀ ਮੌਤ ਹੋ ਗਈ ਤਾਂ ਬਜ਼ੁਰਗ ਜੋੜੇ ਨੇ ਪਿੰਡ ਭਲਾਈਆਣਾ ਵਿਖੇ ਵਿਆਹੀ ਆਪਣੀ ਧੀ ਦੇ ਦੋਹਤੇ ਨੂੰ ਕੁਝ ਸਾਲ ਪਹਿਲਾਂ ਪਿੰਡ ਅਬਲੂ ਲੈ ਆਂਦਾ। ਉਨ੍ਹਾਂ ਨੇ ਦੋਹਤੇ ਕੁਲਦੀਪ ਸਿੰਘ ਦੇ ਨਾਂਅ ਅੱਠ ਏਕੜ ਜ਼ਮੀਨ ਕਰਵਾ ਦਿੱਤੀ। ਇਸ ਦੇ ਬਾਅਦ ਇਸ ਜੋੜੇ ਦੀ 42 ਏਕੜ ਹੋਰ ਵੀ ਜ਼ਮੀਨ ਸੀ। ਪਿੰਡ ਦੇ ਲੋਕਾਂ ਦੇ ਦੱਸਣ ਮੁਤਾਬਕ ਨਾਨਾ-ਨਾਨੀ ਦੀ ਮੌਤ ਤੋਂ ਪਹਿਲਾਂ ਜ਼ਮੀਨ ਦੀ ਵਸੀਅਤ 59 ਸਾਲਾਂ ਲਈ ਆਪਣੇ ਨਾਂਅ ਕਰਵਾ ਲਈ ਸੀ ਜਿਸ ਕਾਰਨ ਕੁਲਦੀਪ ਸਿੰਘ ਦੇ ਦੂਜੇ ਰਿਸ਼ਤੇਦਾਰਾਂ ਨਾਲ ਝਗੜਾ ਚੱਲ ਰਿਹਾ ਸੀ। ਕੁਲਦੀਪ ਸਿੰਘ ਦਾ ਮਾਸੜ ਲਖਵੀਰ ਸਿੰਘ ਵਾਸੀ ਬੁਟਰ ਬਖੂਹਾ ਜ਼ਿਲਾ ਮੁਕਤਸਰ ਉਸ ਨੂੰ ਦੂਜਿਆਂ ਦੇ ਹਿੱਸੇ ਦੀ ਜ਼ਮੀਨ ਛੱਡਣ ਨੂੰ ਕਹਿੰਦਾ ਸੀ, ਪਰ ਕੁਲਦੀਪ ਇਹ ਜ਼ਮੀਨ ਛੱਡਣ ਨੂੰ ਤਿਆਰ ਨਹੀਂ ਸੀ। ਇਸੇ ਕਾਰਨ ਕੱਲ੍ਹ ਲਖਵੀਰ ਸਿੰਘ ਬੁਲੇਟ ਮੋਟਰ ਸਾਈਕਲ ਉਤੇ ਖੇਤ ਪੁੱਜਾ ਜਿੱਥੇ ਕੁਲਦੀਪ ਸਿੰਘ ਕੰਮ ਕਰ ਰਿਹਾ ਸੀ। ਉਸ ਨੇ ਪਿਸਤੌਲ ਨਾਲ ਕੁਲਦੀਪ ਸਿੰਘ (25) ਦੇ ਪੰਜ ਗੋਲੀਆਂ ਮਾਰੀਆਂ ਤਾਂ ਉਸ ਦੀ ਮੌਕੇ 'ਤੇ ਮੌਤ ਹੋ ਗਈ। ਘਟਨਾ ਤੋਂ ਬਾਅਦ ਲਖਵੀਰ ਸਿੰਘ ਫਰਾਰ ਹੋ ਗਿਆ। ਆਸਪਾਸ ਦੇ ਖੇਤ ਵਾਲਿਆਂ ਨੇ ਪਰਵਾਰ ਤੇ ਪੁਲਸ ਨੂੰ ਦੱਸਿਆ। ਮ੍ਰਿਤਕ ਕੁਲਦੀਪ ਸਿੰਘ ਦਾ ਕੁਝ ਸਮਾਂ ਪਹਿਲਾਂ ਵਿਆਹ ਹੋਇਆ ਸੀ ਤੇ ਉਸ ਦੀ ਪਤਨੀ ਕੋਲ ਇੱਕ ਲੜਕਾ ਵੀ ਹੈ। ਥਾਣਾ ਨੇਹੀਆਂਵਾਲਾ ਪੁਲਸ ਨੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ ਪਿੱਛੋਂ ਜਗਨਨਾਥ ਪੁਰੀ ਦੇ ਮੰਗੂ ਮੱਠ ਤੇ ਨਾਨਕ ਮੱਠ ਨੂੰ ਪੈਦਾ ਹੋਇਆ ਖਤਰਾ

### * ਸੁਪਰੀਮ ਕੋਰਟ ਵਿੱਚ ਕੇਸ ਪੈਂਡਿੰਗ ਹੁੰਦਿਆਂ ਢਾਹੁਣ ਦੀ ਤਿਆਰੀ



ਗੁਰਦੁਆਰਾ ਮੰਗੂ ਮੱਠ ਸਾਹਿਬ ਜੀ।

ਚੰਡੀਗੜ੍ਹ, 19 ਨਵੰਬਰ (ਪੋਸਟ ਬਿਊਰੋ)- ਉੜੀਸਾ ਦੇ ਜਗਨਨਾਥ ਪੁਰੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਮੰਗੂ ਮੱਠ ਅਤੇ ਨਾਨਕ ਮੱਠ ਨੂੰ ਢਾਹੁਣ ਦੀ ਫਿਰ ਤਿਆਰੀ ਸ਼ੁਰੂ ਹੋ ਗਈ ਹੈ। ਇਹ ਮੱਠ ਕੱਲ੍ਹ ਢਾਹੇ ਜਾਣੇ ਸਨ, ਪਰ ਇਨ੍ਹਾਂ ਨੂੰ ਬਚਾਉਣ ਵਿੱਚ ਲੱਗੇ ਸਮਾਜਕ ਕਾਰਕੁਨਾਂ ਦੇ ਵਿਰੋਧ ਕਾਰਨ ਪੁਰੀ ਦੇ ਡਿਪਟੀ ਕਮਿਸ਼ਨਰ ਬਲਵੰਤ ਸਿੰਘ ਨੇ ਦੋ ਦਿਨ ਸਮਾਂ ਦੇ ਦਿੱਤਾ ਹੈ, ਜਿਸ ਦੇ ਬਾਅਦ ਵੀ ਢਾਹੇ ਜਾਣ ਦਾ ਖਤਰਾ ਕਾਇਮ ਹੈ।

ਵਰਨਣ ਯੋਗ ਹੈ ਕਿ ਇਸ ਸਤੰਬਰ ਮਹੀਨੇ ਵਿੱਚ ਫੈਸਲਾ ਹੋਇਆ ਸੀ ਕਿ ਜਗਨਨਾਥ ਪੁਰੀ (ਉੜੀਸਾ) ਦੇ ਮੰਦਰ ਦੀ ਦੀਵਾਰ ਦੇ ਨਾਲ ਸੱਤਰ ਮੀਟਰ ਤੱਕ ਦਾ ਖੇਤਰ ਖਾਲੀ ਕਰਾਇਆ ਜਾਏਗਾ ਤੇ ਇਸ ਘੇਰੇ ਵਿਚਲੀਆਂ ਸਭ ਇਮਾਰਤਾਂ ਨੂੰ ਤੋੜ ਦਿੱਤਾ ਜਾਏਗਾ। ਓਦੋਂ ਤੋਂ ਇਹ ਮਾਮਲਾ ਵਿਵਾਦ ਵਿੱਚ ਹੈ ਅਤੇ ਇਸ ਦਾ 68 ਮੀਟਰ ਦਾ ਖੇਤਰ ਖਾਲੀ ਕਰਾਇਆ ਜਾ ਚੁੱਕਾ ਹੈ। ਬਾਕੀ ਬਚਦੇ ਖੇਤਰ ਨੂੰ ਖਾਲੀ ਕਰਾਉਣ ਲਈ ਜ਼ਿਲਾ ਪ੍ਰਸ਼ਾਸਨ ਨੇ ਕੱਲ੍ਹ ਜੇ ਸੀ ਬੀ ਮਸ਼ੀਨਾਂ ਲਾ ਦਿੱਤੀਆਂ। ਪੁਰੀ ਵਿੱਚ ਇਨ੍ਹਾਂ ਦੋਵਾਂ ਮੱਠਾਂ ਨੂੰ ਬਚਾਉਣ ਵਿੱਚ ਲੱਗੇ ਹੋਏ ਸਮਾਜ ਸੇਵੀ ਅਨਿਲ ਧੀਰ ਨੇ ਦੱਸਿਆ ਕਿ ਸਾਡੇ ਸਭ ਦੇ ਰੋਸ ਪ੍ਰਦਰਸ਼ਨ ਨਾਲ ਫਿਲਹਾਲ ਇਹ ਕੰਮ ਰੁਕ ਗਿਆ ਹੈ, ਪ੍ਰੰਤੂ ਡੀ ਸੀ ਨੇ 21 ਨਵੰਬਰ ਨੂੰ ਹਰ ਹਾਲਤ ਸਾਰੇ ਮਠ ਢਾਹੁਣ ਦੀ ਗੱਲ ਕਹਿ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਕੋਰਟ ਨੇ ਇਸ ਨੂੰ ਢਾਹੁਣ ਦੀ ਆਗਿਆ ਹਾਲੇ ਨਹੀਂ ਦਿੱਤੀ ਤਾਂ ਇਹ ਕਾਰਵਾਈ ਸਮਝ ਤੋਂ ਪਰੇ ਹੈ।

ਇਨ੍ਹਾਂ ਮੱਠਾਂ ਨੂੰ ਬਚਾਉਣ ਵਿੱਚ ਲੱਗੇ ਹੋਏ ਸਤਿੰਦਰ ਸਿੰਘ ਨੇ ਦੱਸਿਆ ਕਿ ਦੋਵੇਂ ਮੱਠ ਓਦੋਂ ਦੇ ਹਨ, ਜਦ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ (ਧਾਰਮਿਕ ਯਾਤਰਾਵਾਂ) ਦੌਰਾਨ ਪੁਰੀ ਵਿੱਚ ਗਏ ਅਤੇ ਉਥੇ ਮੰਦਰਾਂ ਵਿੱਚ ਹੋ ਰਹੀ ਆਰਤੀ ਦੀ ਜਗ੍ਹਾ ਬ੍ਰਹਿਮੰਡ ਦੀ ਆਰਤੀ ਦਾ ਸੰਦੇਸ਼ ਦਿੱਤਾ ਸੀ। ਦੱਸਿਆ ਜਾਂਦਾ ਹੈ ਕਿ ਇਸ ਯਾਤਰਾ ਵੇਲੇ ਗੁਰੂ ਨਾਨਕ ਦੇਵ ਜੀ ਇਥੇ ਤਿੰਨ ਮਹੀਨੇ ਰਹੇ ਸਨ ਅਤੇ ਇਸ ਦੌਰਾਨ ਉਨ੍ਹਾਂ ਨੇ ਚੈਤੰਨਯਾ ਪ੍ਰਭੂ ਨਾਲ ਵੀ ਮੁਲਾਕਾਤ ਕੀਤੀ ਸੀ। ਉਨ੍ਹਾਂ ਦੀ ਇਸ ਯਾਤਰਾ ਦਾ ਜਗਨਨਾਥਪੁਰੀ ਮੰਦਰ ਟਰੱਸਟ ਦੀ ਵੈੱਬਸਾਈਟ ਉੱਤੇ ਵੀ ਜ਼ਿਕਰ ਹੈ।

ਪੁਰੀ ਵਿੱਚ ਦੋ ਮੱਠ ਹਨ। ਮੰਗੂ ਮੱਠ 12,500 ਵਰਗ ਫੁੱਟ ਵਿੱਚ ਫੈਲਿਆ ਹੈ ਅਤੇ ਪੰਜਾਬੀ ਮੱਠ ਜਾਂ ਨਾਨਕ ਮੱਠ ਸਾਢੇ ਛੇ ਏਕੜ ਵਿੱਚ ਹੈ। ਸਤਿੰਦਰ ਸਿੰਘ ਦੇ ਅਨੁਸਾਰ ਦੋਵਾਂ ਮੱਠਾਂ ਵਿੱਚ ਕੋਈ ਗੈਰ ਕਾਨੂੰਨੀ ਕਬਜ਼ਾ ਵੀ ਨਹੀਂ ਹੈ। ਨਾਨਕ ਮੱਠ ਵਿੱਚ ਸਰਾਂ ਦੇ ਬਾਹਰ ਜੋੜਾ ਘਰ ਅਤੇ ਕੁਝ ਦੁਕਾਨਾਂ ਹਨ। ਜੇ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਇਹ ਗੈਰ ਕਾਨੂੰਨੀ ਹਨ ਤਾਂ ਇਨ੍ਹਾਂ ਨੂੰ ਬੰਦ ਕਰਵਾ ਦਿੱਤਾ ਜਾਏ।

## ਅਮਰਿੰਦਰ ਸਿੰਘ ਦੀ ਮੰਗ ਉੱਤੇ ਗੂਗਲ ਨੇ '2020 ਰਿਫਰੈਂਡਮ' ਐਪ ਪਲੇਅ ਸਟੋਰ ਤੋਂ ਹਟਾਇਆ



ਚੰਡੀਗੜ੍ਹ, 19 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੰਗ ਉੱਤੇ ਆਈ ਟੀ ਖੇਤਰ ਦੀ ਮੋਹਰੀ ਕੰਪਨੀ ਗੂਗਲ ਨੇ ਆਪਣੇ ਪਲੇਅ ਸਟੋਰ ਤੋਂ ਵੱਖਵਾਦੀ ਸੋਚ ਵਾਲਾ ਕਿਹਾ ਜਾਂਦਾ ਅਤੇ ਭਾਰਤ ਵਿਰੋਧੀ ਮੋਬਾਈਲ ਐਪਲੀਕੇਸ਼ਨ '2020 ਸਿੱਖ ਰਿਫਰੈਂਡਮ' ਹਟਾ ਦਿੱਤਾ ਹੈ।

ਅੱਜ ਇੱਥੇ ਇਸ ਸੰਬੰਧ ਵਿੱਚ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਭਾਰਤ ਵਿਚ ਮੋਬਾਈਲ ਯੂਜ਼ਰਜ਼ ਲਈ ਗੂਗਲ ਪਲੇਅ ਸਟੋਰ ਉੱਤੇ ਅੱਗੇ ਤੋਂ ਇਹ ਮੋਬਾਈਲ ਐਪ ਨਹੀਂ ਰਿਹਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਸਬੰਧ ਵਿਚ ਕੇਂਦਰ ਸਰਕਾਰ ਨੂੰ ਗੂਗਲ ਉੱਤੇ ਦਬਾਅ ਬਣਾਉਣ ਨੂੰ ਕਿਹਾ ਸੀ ਅਤੇ ਉਨਾਂ ਨੇ 'ਆਈਸਟੈੱਕ' ਵੱਲੋਂ ਬਣਾਈ ਗਈ ਐਪ ਨੂੰ ਲਾਂਚ ਕਰਨ ਨਾਲ ਪੈਦਾ ਹੋਣ ਵਾਲੇ ਖ਼ਤਰੇ ਨਾਲ ਨਜਿੱਠਣ ਲਈ ਰਾਜ ਦੀ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਕੇਂਦਰੀ ਸੁਰੱਖਿਆ ਏਜੰਸੀਆਂ ਨਾਲ ਤਾਲਮੇਲ ਕਰਨ ਨੂੰ ਕਿਹਾ ਸੀ। ਇਸ ਐਪ ਦੇ ਨਾਲ ਆਮ ਲੋਕਾਂ ਨੂੰ 'ਪੰਜਾਬ ਰਿਫਰੈਂਡਮ 2020 ਖਾਲਿਸਤਾਨ' ਵਾਸਤੇ ਵੋਟ ਦੇਣ ਲਈ ਆਪਣੇ ਆਪ ਨੂੰ ਰਜਿਸਟਰ ਕਰਨ ਲਈ ਕਿਹਾ ਗਿਆ ਸੀ ਅਤੇ ਇਸ ਮੰਤਵ ਲਈ ਇਸ ਲੀਹ ਉੱਤੇ ਇਕ ਵੈਬਸਾਈਟ ਵੀ ਸ਼ੁਰੂ ਕੀਤੀ ਗਈ ਸੀ। ਡੀ ਆਈ ਟੀ ਏ ਸੀ ਲੈਬ ਪੰਜਾਬ ਵਿਚ ਇਸ ਐਪ ਅਤੇ ਵੈਬਸਾਈਟ ਦੀ ਘੋਖ ਤੋਂ ਪਤਾ ਲੱਗਾ ਕਿ ਇਸ ਐਪ ਦੇ ਰਾਹੀਂ ਰਜਿਸਟਰ ਹੋਏ ਵੋਟਰਾਂ ਦਾ ਡਾਟਾ ਦੂਸਰੀ ਵੈਬਸਾਈਟ ਦੇ ਸਰਵਰ ਨਾਲ ਜੁੜ ਕੇ ਸਟੋਰ ਹੋ ਜਾਂਦਾ ਹੈ, ਜਿਹੜੀ 'ਸਿੱਖਜ਼ ਫਾਰ ਜਸਟਿਸ' ਨੇ ਬਣਾਈ ਅਤੇ ਇਸ ਵੱਲੋਂ ਚਲਾਈ ਜਾਂਦੀ ਹੈ। ਇਸ ਜਥੇਬੰਦੀ ਉੱਤੇ ਭਾਰਤ ਸਰਕਾਰ ਨੇ ਪਾਬੰਦੀ ਲਾਈ ਹੋਈ ਹੈ। ਇਸ ਪਿੱਛੋਂ ਪੰਜਾਬ ਦੇ ਸਾਈਬਰ ਕਰਾਈਮ ਸੈਂਟਰ ਦੇ ਜਾਂਚ ਬਿਊਰੋ ਨੇ ਗੂਗਲ ਪਲੇਅ ਸਟੋਰ ਤੋਂ ਇਸ ਐਪ ਨੂੰ ਹਟਾਉਣ ਅਤੇ ਭਾਰਤ ਵਿਚ ਵੈਬਸਾਈਟ ਨੂੰ ਬਲਾਕ ਕਰਾਉਣ ਲਈ ਲੋੜੀਂਦੇ ਕਦਮ ਚੁੱਕੇ ਸਨ ਅਤੇ ਇਸ ਪਿੱਛੋਂ 8 ਨਵੰਬਰ 2019 ਨੂੰ ਗੂਗਲ ਪਲੇਅ ਸਟੋਰ ਤੋਂ ਇਹ ਮੋਬਾਈਲ ਐਪ ਹਟਾਉਣ ਲਈ ਇਨਫਰਮੇਸ਼ਨ ਤਕਨਾਲੋਜੀ ਐਕਟ ਦੀ ਧਾਰਾ 79 (3) ਬੀ ਹੇਠ ਗੂਗਲ ਲੀਗਲ ਸੈੱਲ ਨੂੰ ਨੋਟਿਸ ਭੇਜਿਆ ਸੀ। ਪੰਜਾਬ ਦੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਤੋਂ ਪ੍ਰਵਾਨਗੀ ਪਿੱਛੋਂ ਇਕ ਬੇਨਤੀ ਭਾਰਤ ਸਰਕਾਰ ਦੇ ਬਿਜਲੀ ਜੰਤਰ ਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਸਾਈਬਰ ਲਾਅ ਡਵੀਜ਼ਨ ਨੂੰ ਭੇਜ ਕੇ ਸਬੰਧਤ ਐਕਟ ਦੇ ਅਧੀਨ ਗੂਗਲ ਪਲੇਅ ਸਟੋਰ ਤੋਂ ਇਹ ਐਪ ਹਟਾਉਣ ਅਤੇ ਵੈਬਸਾਈਟ ਬਲਾਕ ਕਰਨ ਦੀ ਮੰਗ ਕੀਤੀ ਸੀ। 9 ਨਵੰਬਰ 2019 ਨੂੰ ਆਈ ਜੀ ਕਰਾਈਮ ਨਾਗੇਸ਼ਵਰ ਰਾਓ ਤੇ ਪੰਜਾਬ ਦੇ ਸਾਈਬਰ-ਕਮ-ਡੀ ਆਈ ਟੀ ਏ ਸੀ ਲੈਬ ਦੇ ਇੰਚਾਰਜ ਨੇ ਵੀ ਗੂਗਲ ਇੰਡੀਆ ਦੇ ਕਾਨੂੰਨੀ ਸੈੱਲ ਦੇ ਕੋਲ ਮਸਲਾ ਉਠਾਇਆ ਤੇ ਕੰਪਨੀ ਨੇ ਇਹ ਮੰਨਿਆ ਸੀ ਕਿ ਪਾਬੰਦੀ ਸ਼ੁਦਾ ਜਥੇਬੰਦੀ ਸਿੱਖਜ਼ ਫਾਰ ਜਸਟਿਸ ਵੱਲੋਂ ਗੂਗਲ ਪਲੇਟਫਾਰਮ ਦੀ ਵਰਤੋਂ ਗੈਰ-ਕਾਨੂੰਨੀ ਤੇ ਭਾਰਤ ਵਿਰੋਧੀ ਕੰਮਾਂ ਦੇ ਲਈ ਕੀਤੀ ਗਈ ਹੈ। ਇਸ ਦੇ ਬਾਅਦ ਕੰਪਨੀ ਨੇ ਪਲੇਅ ਸਟੋਰ ਤੋਂ ਐਪ ਹਟਾਉਣ ਦਾ ਫੈਸਲਾ ਲਿਆ ਹੈ।

### ਸੈਕਸ ਸ਼ੋਸ਼ਣ ਵਿਵਾਦ

## ਪੀੜਤਾ ਦੇ ਹੱਕ ਵਿੱਚ ਖੜੋਣ ਵਾਲੇ ਰਜਿਸਟਰਾਰ ਨੂੰ ਹਾਈ ਕੋਰਟ ਤੋਂ ਰਾਹਤ




ਫਰੀਦਕੋਟ, 19 ਨਵੰਬਰ (ਪੋਸਟ ਬਿਊਰੋ)- ਸੈਕਸ ਸ਼ੋਸ਼ਣ ਤੋਂ ਪੀੜਤ ਔਰਤ ਡਾਕਟਰ ਦੇ ਹੱਕ ਵਿੱਚ ਡਟਣ ਵਾਲੇ ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਅਰਵਿੰਦ ਸ਼ਰਮਾ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਰਾਹਤ ਦਿੱਤੀ ਹੈ। ਯੂਨੀਵਰਸਿਟੀ ਨੇ ਨਿਯਮਾਂ ਦੀ ਅਣਦੇਖੀ ਕਰਕੇ ਡਾ. ਅਰਵਿੰਦ ਸ਼ਰਮਾ ਨੂੰ ਇੱਕ ਵਿਭਾਗੀ ਜਾਂਚ ਵਿੱਚ ਉਲਝਾਉਣ ਦੀ ਕੋਸ਼ਿਸ਼ ਕੀਤੀ ਸੀ। ਜਸਟਿਸ ਤੇਜਿੰਦਰ ਸਿੰਘ ਢੀਂਡਸਾ ਨੇ ਸਾਬਕਾ ਰਜਿਸਟਰ ਖਿਲਾਫ ਚੱਲਦੀ ਪੜਤਾਲ ਰੋਕਣ ਦਾ ਹੁਕਮ ਦੇ ਕੇ ਯੂਨੀਵਰਸਿਟੀ ਦੇ ਰਜਿਸਟਰਾਰ ਸਣੇ ਤਿੰਨ ਅਧਿਕਾਰੀਆਂ ਨੋਟਿਸ ਜਾਰੀ ਕੀਤਾ ਹੈ।

ਵਰਨਣ ਯੋਗ ਹੈ ਕਿ ਅਰਵਿੰਦ ਸ਼ਰਮਾ ਨੇ ਪੀੜਤ ਡਾਕਟਰ ਦੇ ਹੱਕ ਵਿੱਚ ਡਟ ਕੇ ਉਸ ਵੱਲੋਂ ਲਾਏ ਸੈਕਸ ਸ਼ੋਸ਼ਣ ਦੇ ਦੋਸ਼ਾਂ ਨੂੰ ਸਹੀ ਕਿਹਾ ਸੀ। ਇਸ ਤੋਂ ਬਾਅਦ ਯੂਨੀਵਰਸਿਟੀ ਨੇ ਉਸ ਨੂੰ ਰਜਿਸਟਰਾਰ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਵਿਵਾਦਾਂ ਵਿੱਚ ਘਿਰੇ ਡਾਕਟਰਾਂ ਨੂੰ ਬਚਾਉਣ ਲਈ ਯੂਨੀਵਰਸਿਟੀ ਨੇ ਪੀੜਤ ਡਾਕਟਰ ਦੇ ਗਵਾਹਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਅਰਵਿੰਦ ਸ਼ਰਮਾ ਇਸ ਵਿਵਾਦ ਦੇ ਅਹਿਮ ਗਵਾਹ ਹਨ।

ਇਸੇ ਦੌਰਾਨ ਕੱਲ੍ਹ ਪੀੜਤ ਡਾਕਟਰ ਤੀਜੇ ਦਿਨ ਵੀ ਡਿਪਟੀ ਕਮਿਸ਼ਨਰ ਦਫਤਰ ਅੱਗੇ ਸੜਕ ਉਪਰ ਧਰਨੇ ਉਤੇ ਬੈਠੀ ਰਹੀ। ਪੀੜਤ ਡਾਕਟਰ ਅਤੇ ਉਸ ਦੇ ਸਾਥੀ ਡਿਪਟੀ ਕਮਿਸ਼ਨਰ ਦਫਤਰ ਅੱਗੇ ਧਰਨਾ ਲਾਉਣਾ ਚਾਹੁੰਦੇ ਸਨ, ਪਰ ਪੁਲਸ ਨੇ ਉਨ੍ਹਾਂ ਨੂੰ ਰਸਤੇ ਵਿੱਚ ਰੋਕ ਲਿਆ ਹੈ। ਸੜਕ 'ਤੇ ਲੱਗੇ ਧਰਨੇ ਕਾਰਨ ਡਿਪਟੀ ਕਮਿਸ਼ਰਨ ਕੱਲ੍ਹ ਆਪਣੇ ਦਫਤਰ ਨਹੀਂ ਆਏ। ਦੋ ਦਿਨ ਦੀਆਂ ਛੁੱਟੀਆਂ ਮਗਰੋਂ ਕੱਲ੍ਹ ਡਿਪਟੀ ਕਮਿਸ਼ਨਰ ਨੇ ਕੱਲ੍ਹ ਆਪਣੇ ਦਫਤਰ ਆਉਣਾ ਸੀ ਤੇ ਉਨ੍ਹਾਂ ਨੂੰ ਮਿਲਣ ਲਈ ਜ਼ਿਲ੍ਹੇ ਭਰ ਤੋਂ ਲੋਕ ਆਉਣੇ ਸਨ। ਡਿਪਟੀ ਕਮਿਸ਼ਨਰ ਪੂਰਾ ਦਿਨ ਆਪਣੇ ਦਫਤਰ ਨਹੀਂ ਹੋਏ।

## ਕਮੇਡੀਅਨ ਜਸਵਿੰਦਰ ਭੱਲਾ ਦੇ ਸਾਲੇ ਵੱਲੋਂ ਖੁਦਕੁਸ਼ੀ

ਲੁਧਿਆਣਾ, 19 ਨਵੰਬਰ (ਪੋਸਟ ਬਿਊਰੋ)- ਮਸ਼ਹੂਰ ਕਮੇਡੀਅਨ ਜਸਵਿੰਦਰ ਭੱਲਾ ਦੇ ਸਾਲੇ ਤੇ ਮਾਡਲ ਟਾਊਨ ਸ਼ਾਸਤਰੀ ਨਗਰ ਦੇ ਵਾਸੀ ਅਲੋਕ ਦੀਪ ਸਿੰਘ ਗੰਨੀ (35) ਨੇ ਕੱਲ੍ਹ ਆਪਣੇ ਘਰ ਵਿੱਚ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਇਸ ਦਾ ਪਤਾ ਓਦੋਂ ਲੱਗਿਆ, ਜਦੋਂ ਉਸ ਦੇ ਫੋਨ ਨਾ ਚੁੱਕਣ ਕਾਰਨ ਉਸ ਦੀ ਪਤਨੀ ਮਨਪ੍ਰੀਤ ਕੌਰ ਘਰ ਪੁੱਜੀ। ਇਸ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਮਾਡਲ ਟਾਊਨ ਦੇ ਪੁਲਸ ਅਧਿਕਾਰੀ ਮੌਕੇ 'ਤੇ ਪੁੱਜੇ।

ਚਰਚਾ ਹੈ ਕਿ ਅਲੋਕ ਨੇ ਸ਼ਹਿਰ ਦੇ ਕੁਝ ਲੋਕਾਂ ਕੋਲੋਂ ਪੰਜਾਹ ਲੱਖ ਰੁਪਏ ਲੈਣੇ ਸਨ, ਅਲੋਕ ਨੂੰ ਪੈਸਿਆਂ ਦੀ ਸਖਤ ਜ਼ਰੂਰਤ ਸੀ, ਪਰ ਉਹ ਲੋਕ ਪੈਸੇ ਨਹੀਂ ਦੇ ਰਹੇ ਸਨ। ਪੁਲਸ ਨੂੰ ਜਾਂਚ ਦੌਰਾਨ ਅਲੋਕ ਕੋਲੋਂ ਖੁਦਕੁਸ਼ੀ ਪੱਤਰ ਵੀ ਮਿਲਿਆ ਹੈ। ਮਾਡਲ ਟਾਊਨ ਦੀ ਪੁਲਸ ਨੇ ਮਨਪ੍ਰੀਤ ਕੌਰ ਦੇ ਬਿਆਨਾਂ ਉਤੇ ਕਰਨ, ਹਰਿੰਦਰ ਸਿੰਘ ਤੇ ਤ੍ਰਿਭੁਵਨ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਕੇਸ ਦਰਜ ਕੀਤਾ ਹੈ। ਥਾਣਾ ਮਾਡਲ ਟਾਊਨ ਦੇ ਮੁਖੀ ਪਵਨ ਕੁਮਾਰ ਨੇ ਦੱਸਿਆ ਕਿ ਕਮੇਡੀਅਨ ਜਸਵਿੰਦਰ ਭੱਲਾ ਦਾ ਸਾਲਾ ਅਲੋਕ ਕਾਰਾਂ ਖਰੀਦਣ-ਵੇਚਣ ਦਾ ਕੰਮ ਕਰਦਾ ਸੀ। ਉਸ ਨੇ ਕੁਝ ਵਿਅਕਤੀਆਂ ਤੋਂ ਪੰਜਾਹ ਲੱਖ ਰੁਪਏ ਲੈਣੇ ਸਨ, ਜਿਸ ਕਾਰਨ ਉਹ ਪ੍ਰੇਸ਼ਾਨ ਸੀ। ਉਸ ਨੇ ਇਸ ਬਾਰੇ ਆਪਣੀ ਪਤਨੀ ਮਨਪ੍ਰੀਤ ਨੂੰ ਵੀ ਦੱਸਿਆ ਸੀ। ਉਸ ਨੂੰ ਪੈਸਿਆਂ ਦੀ ਲੋੜ ਸੀ, ਪਰ ਉਹ ਪੈਸੇ ਵਾਪਸ ਨਹੀਂ ਸਨ ਕਰ ਰਹੇ। ਪੁਲਸ ਅਧਿਕਾਰੀ ਨੇ ਦੱਸਿਆ ਕਿ ਅਲੋਕ ਦੀ ਮਾਂ ਬਿਮਾਰ ਹੈ ਤੇ ਉਸ ਦੀ ਸੰਭਾਲ ਲਈ ਨਰਸ ਰੱਖੀ ਹੋਈ ਸੀ। ਮ੍ਰਿਤਕ ਦੀ ਪਤਨੀ ਸਰਕਾਰੀ ਕਾਲਜ ਵਿੱਚ ਪੜ੍ਹਾਉਂਦੀ ਹੈ। ਕੱਲ੍ਹ ਉਹ ਕਾਲਜ ਪੜ੍ਹਾਉਣ ਲਈ ਗਈ ਤਾਂ ਅਲੋਕ ਘਰ 'ਚ ਇਕੱਲਾ ਸੀ। ਉਸ ਨੇ ਕਾਲਜ ਤੋਂ ਅਲੋਕ ਨੂੰ ਕਾਫੀ ਫੋਨ ਕੀਤੇ, ਪਰ ਉਸ ਨੇ ਫੋਨ ਨਹੀਂ ਚੁੱਕਿਆ। ਜਦੋਂ ਦੁਪਹਿਰ ਨੂੰ ਉਹ ਘਰ ਪੁੱਜੀ ਤਾਂ ਅੰਦਰ ਅਲੋਕ ਦੀ ਲਾਸ਼ ਲਟਕ ਰਹੀ ਸੀ। ਮਨਪ੍ਰੀਤ ਦੇ ਰੌਲਾ ਪਾਉਣ 'ਤੇ ਆਏ ਲੋਕਾਂ ਨੇ ਅਲੋਕ ਦੀ ਲਾਸ਼ ਨੂੰ ਥੱਲੇ ਉਤਾਰਿਆ, ਪਰ ਉਸ ਦੀ ਮੌਤ ਹੋ ਚੁੱਕੀ ਸੀ।

## ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਦਖਲ ਨਾਲ ਡੀ ਸੀ ਅਤੇ ਏ ਡੀ ਸੀ ਦਾ ਵਿਵਾਦ ਖਤਮ



ਮੀਟਿੰਗ ਮਗਰੋਂ ਤ੍ਰਿਪਤ ਬਾਜਵਾ, ਡੀਸੀ ਅੰਮ੍ਰਿਤ ਕੌਰ, ਏਡੀਸੀ ਤੇ ਹੋਰ।

ਚੰਡੀਗੜ੍ਹ, 19 ਨਵੰਬਰ (ਪੋਸਟ ਬਿਊਰੋ)- ਜ਼ਿਲਾ ਫਤਿਹਗੜ੍ਹ ਸਾਹਿਬ ਦੀ ਡਿਪਟੀ ਕਮਿਸ਼ਨਰ ਅੰਮ੍ਰਿਤ ਕੌਰ ਗਿੱਲ ਅਤੇ ਐਡੀਸ਼ਨਲ ਡਿਪਟੀ ਕਮਿਸ਼ਨਰ ਵਿਚਕਾਰ ਚੱਲਦਾ ਵਿਵਾਦ ਕੱਲ੍ਹ ਪੰਚਾਇਤ ਤੇ ਪੇਂਡੂ ਵਿਕਾਸ ਵਿਭਾਗ ਦੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਦਖਲ ਨਾਲ ਖਤਮ ਹੋ ਗਿਆ। ਇਸ ਵਿਵਾਦ ਦੇ ਕਾਰਨ 8 ਜ਼ਿਲਿਆਂ ਦੇ ਪੰਚਾਇਤ ਅਫਸਰ ਡਿਪਟੀ ਕਮਿਸ਼ਨਰ ਖਿਲਾਫ ਹੜਤਾਲ 'ਤੇ ਸਨ, ਜਿਨ੍ਹਾਂ ਨੇ ਆਪਣੀ ਹੜਤਾਲ ਵਾਪਸ ਲੈ ਲਈ ਹੈ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਡੀ ਸੀ ਅੰਮ੍ਰਿਤ ਕੌਰ ਗਿੱਲ ਵੱਲੋਂ ਏ ਡੀ ਸੀ ਨਾਲ ਕੀਤੀ ਗਈ ਬਦਸਲੂਕੀ ਤੇ ਇਤਰਾਜ਼ ਯੋਗ ਭਾਸ਼ਾ ਦੀ ਵਰਤੋਂ ਦੇ ਦੋਸ਼ ਲਾਉਂਦਿਆਂ ਅੱਠ ਜ਼ਿਲਿਆਂ ਦੇ ਪੰਚਾਇਤ ਅਫਸਰ ਏ ਡੀ ਸੀ ਦੇ ਸਮਰਥਨ 'ਚ ਹੜਤਾਲ ਉੱਤੇ ਚਲੇ ਗਏ ਸਨ। ਉਨ੍ਹਾਂ ਦੀ ਮੰਗ ਸੀ ਕਿ ਡਿਪਟੀ ਕਮਿਸ਼ਨਰ ਮੁਆਫੀ ਮੰਗੇ ਜਾਂ ਸਰਕਾਰ ਉਸ ਦਾ ਜ਼ਿਲੇ 'ਚੋਂ ਤਬਾਦਲਾ ਕਰੇ। ਹੜਤਾਲ ਕਾਰਨ ਪੰਚਾਇਤ ਵਿਭਾਗ ਦਾ ਕੰਮ ਪੂਰੀ ਤਰ੍ਹਾਂ ਪ੍ਰਭਾਵਤ ਹੁੰਦਾ ਹੋਣ ਕਾਰਨ ਮੰਤਰੀ ਬਾਜਵਾ ਨੇ ਕੱਲ੍ਹ ਦੋਵਾਂ ਧਿਰਾਂ ਨੂੰ ਚੰਡੀਗੜ੍ਹ ਬੁਲਾਇਆ ਸੀ। ਓਥੇ ਹੋਈ ਮੀਟਿੰਗ ਮਗਰੋਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਦੋਵਾਂ ਧਿਰਾਂ ਵਿਚਾਲੇ ਹੋਈ ਗਲਤਫਹਿਮੀ ਦੂਰ ਹੋ ਗਈ ਹੈ। ਪੰਚਾਇਤ ਵਿਭਾਗ ਦੇ ਅਫਸਰਾਂ ਨੇ ਡਿਪਟੀ ਕਮਿਸ਼ਨਰ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਹਰ ਸਹਿਯੋਗ ਦਿੱਤਾ ਜਾਏਗਾ। ਡਿਪਟੀ ਕਮਿਸ਼ਨਰ ਨੇ ਵੀ ਅਫਸਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਕਿਸੇ ਕਿਸਮ ਦੀ ਕੋਈ ਦਿੱਕਤ ਨਹੀਂ ਆਵੇਗੀ।

## ਮਾਨਸਾ ਵਿੱਚ 6.22 ਲੱਖ ਦੀ ਜਾਅਲੀ ਕਰੰਸੀ ਸਣੇ ਤਿੰਨ ਗ੍ਰਿਫਤਾਰ



ਮਾਨਸਾ, 19 ਨਵੰਬਰ (ਪੋਸਟ ਬਿਊਰੋ)- ਸਦਰ ਮਾਨਸਾ ਪੁਲਸ ਨੇ ਜਾਅਲੀ ਭਾਰਤੀ ਕਰੰਸੀ ਦਾ ਕਾਰੋਬਾਰ ਕਰਨ ਵਾਲੇ ਤਿੰਨ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ ਛੇ ਲੱਖ 22 ਹਜ਼ਾਰ ਰੁਪਏ ਦੀ ਜਾਅਲੀ ਕਰੰਸੀ ਫੜੀ ਹੈ। ਦੋਸ਼ੀਆਂ ਦੇ ਕਬਜ਼ੇ 'ਚੋਂ ਪੁਲਸ ਨੇ ਕਲਰ ਪ੍ਰਿੰਟਰ, ਸਕੈਨਰ ਅਤੇ ਕੱਚੇ ਮਾਲ ਦੇ ਇਲਾਵਾ ਇੱਕ ਮੋਟਰ ਸਾਈਕਲ ਵੀ ਬਰਾਮਦ ਕੀਤਾ ਹੈ। ਫੜੇ ਗਏ ਤਿੰਨੇ ਦੋਸ਼ੀ ਸੰਗਰੂਰ ਜ਼ਿਲੇ ਨਾਲ ਸੰਬੰਧਤ ਹਨ।

ਜ਼ਿਲਾ ਪੁਲਸ ਮੁਖੀ ਡਾਕਟਰ ਨਰਿੰਦਰ ਭਾਰਗਵ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਸੀ ਕਿ ਇਹ ਦੋਸ਼ੀ ਤਿਆਰ ਕੀਤੀ ਗਈ ਜਾਅਲੀ ਕਰੰਸੀ ਦੀ ਡੀਲ ਦੇਣ ਆ ਰਹੇ ਹਨ ਤਾਂ ਪੁਲਸ ਨੇ ਮੋਟਰ ਸਾਈਕਲ ਸਵਾਰ ਪ੍ਰੀਤਮ ਸਿੰਘ ਵਾਸੀ ਚੱਕ ਭਾਈਕੇ ਹਾਲ ਆਬਾਦ ਸੁਨਾਮ, ਚਰਨਜੀਤ ਸਿੰਘ ਵਾਸੀ ਡਸਕਾ ਜ਼ਿਲਾ ਸੰਗਰੂਰ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ ਦੋ ਲੱਖ 50 ਹਜ਼ਾਰ ਦੀ ਜਾਅਲੀ ਕਰੰਸੀ ਬਰਾਮਦ ਕੀਤੀ ਹੈ। ਪੁਲਸ ਨੂੰ ਛਾਪੇ ਦੌਰਾਨ ਤੀਸਰੇ ਸਾਥੀ ਦਾਰਾ ਸਿੰਘ ਵਾਸੀ ਖਾਈ ਨੂੰ ਵੀ ਫੜ ਕੇ ਉਸ ਕੋਲੋਂ ਅੱਠ ਹਜ਼ਾਰ 500 ਰੁਪਏ ਜਾਅਲੀ ਕਰੰਸੀ ਮਿਲੀ ਹੈ। ਫੜੇ ਗਏ ਤਿੰਨੇ ਜਣੇ ਜਾਅਲੀ ਕਰੰਸੀ ਨੂੰ ਅੱਗੇ ਭੋਲੇ ਭਾਲੇ ਲੋਕਾਂ, ਮਾਰਕੀਟ ਦੇ ਦੁਕਾਨਦਾਰਾਂ ਨੂੰ ਧੋਖੇ ਵਿੱਚ ਰੱਖ ਕੇ ਅਸਲ ਕਰੰਸੀ ਦੱਸ ਕੇ ਦਿੰਦੇ ਸਨ। ਪੁਲਸ ਨੇ ਤਿੰਨੇ ਤੋਂ ਕੁੱਲ ਦੋ ਲੱਖ 58 ਹਜ਼ਾਰ 500 ਰੁਪਏ ਦੀ ਜਾਅਲੀ ਕਰੰਸੀ ਬਰਾਮਦ ਕੀਤੀ ਹੈ। ਫੜੇ ਗਏ ਲੋਕਾਂ ਤੋਂ ਪੁਲਸ ਨੇ ਦੋ ਹਜ਼ਾਰ, 500, 200 ਤੇ 100 ਦੇ ਨੋਟਾਂ ਦੀ ਜਾਅਲੀ ਕਰੰਸੀ ਬਰਾਮਦ ਕੀਤੀ ਹੈ। ਫੜੇ ਗਏ ਪ੍ਰੀਤਮ ਸਿੰਘ ਤੇ ਉਸ ਦੇ ਬਾਕੀਆਂ ਸਾਥੀਆਂ ਦੇ ਖਿਲਾਫ ਪਹਿਲਾਂ ਵੀ ਧੋਖਾਧੜੀ ਅਤੇ ਆਰਮਜ਼ ਐਕਟ ਦਾ ਮੁਕੱਦਮਾ ਦਰਜ ਹੈ।

## ਸੋਭਾ ਪੱਤਰ ਮਾਮਲੇ ਵਿਚ ਕਿਰਕਿਰੀ ਹੋਣ ਮਗਰੋਂ ਪੰਜਾਬ ਸਰਕਾਰ ਨੇ ਗੰਭੀਰਤਾ ਦਿਖਾਈ

ਪਟਿਆਲਾ, 19 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 'ਗੁਰੂ ਨਾਨਕ ਦੇਵ ਅਚੀਵਰਜ਼ ਐਵਾਰਡ' ਨਾਲ ਸਨਮਾਨੀਆਂ ਸ਼ਖਸੀਅਤਾਂ ਨੂੰ ਮਾਂ ਬੋਲੀ ਪੰਜਾਬੀ ਦੀ ਥਾਂ ਅੰਗਰੇਜ਼ੀ ਵਿੱਚ ਦਿੱਤੇ ਗਏ ਸੋਭਾ ਪੱਤਰ 'ਸਾਈਟੇਸ਼ਨ' ਦੇ ਮਾਮਲੇ 'ਤੇ ਆਖਰ ਸੂਬਾ ਸਰਕਾਰ ਗੰਭੀਰ ਹੋਣ ਲੱਗੀ ਹੈ। ਸਮਝਿਆ ਜਾ ਰਿਹਾ ਹੈ ਕਿ ਪੰਜਾਬੀ ਭਾਸ਼ਾ ਬਾਰੇ ਆਖਰ ਸੂਬਾ ਸਰਕਾਰ ਕੇਂਦਰ ਤੋਂ ਸਬਕ ਲੈਣ ਲੱਗੀ ਹੈ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪ੍ਰਕਾਸ਼ ਪੂਰਬ ਮੌਕੇ ਭਾਰਤ-ਪਾਕਿਸਤਾਨ ਲਾਂਘੇ ਦੇ ਲਈ ਕਰਤਾਰਪੁਰ ਵਿਖੇ ਲਾਏ ਉਦਘਾਟਨੀ ਪੱਥਰ 'ਤੇ ਪਹਿਲਾਂ ਪੰਜਾਬੀ ਗਾਇਬ ਸੀ, ਸਿਰਫ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਦਰਜ ਸੀ। ਪੰਜਾਬੀ ਭਾਈਚਾਰੇ ਦੇ ਵਿਰੋਧ ਪਿੱਛੋਂ ਇਸ ਪੱਥਰ 'ਤੇ ਪੰਜਾਬੀ ਨੂੰ ਸਰਵੋਤਮ ਥਾਂ ਦੇ ਦਿੱਤੀ ਗਈ। ਦੂਜੇ ਪਾਸੇ ਪੰਜਾਬ ਸਰਕਾਰ ਨੇ ਅਹਿਮ ਸ਼ਖਸੀਅਤਾਂ ਨੂੰ ਸਨਮਾਨ ਵਜੋਂ ਦਿੱਤੇ ਅੰਗਰੇਜ਼ੀ 'ਚ ਲਿਖੇ ਸੋਭਾ ਪੱਤਰ (ਸਾਈਟੇਸ਼ਨ ਬਾਰੇ ਹਾਲੇ ਤੱਕ ਚੁੱਪ ਵੱਟੀ ਹੋਈ ਸੀ। ਜਾਣਕਾਰ ਸੂਤਰਾਂ ਮੁਤਾਬਕ ਕੇਂਦਰ ਸਰਕਾਰ ਵੱਲੋਂ ਕੌਰੀਡੋਰ ਪੱਥਰ 'ਤੇ ਪੰਜਾਬੀ ਲਿਖਣ ਪਿੱਛੋਂ ਸੋਭਾ ਪੱਤਰਾਂ ਦੇ ਮਾਮਲੇ 'ਚ ਪੰਜਾਬ ਸਰਕਾਰ ਦੀ ਬੇਇੱਜ਼ਤੀ ਹੋਣ ਪਿੱਛੋਂ ਸਰਕਾਰ ਹਰਕਤ ਵਿੱਚ ਆਉਣ ਲੱਗੀ ਹੈ। ਉਚ ਪੱਧਰੀ ਸੂਤਰਾਂ ਮੁਤਾਬਕ ਸੋਭਾ ਪੱਤਰਾਂ ਦੇ ਭਾਸ਼ਾਈ ਮਾਮਲੇ ਨੂੰ ਗੰਭੀਰਤਾ ਨੂੰ ਪੜਚੋਲਿਆ ਜਾਣ ਲੱਗ ਪਿਆ ਹੈ।

ਪੰਜਾਬ ਸਰਕਾਰ ਦੇ ਇਸ ਪੰਜਾਬੀ ਵਿਰੋਧੀ ਵਿਹਾਰ ਉੱਤੇ ਸੂਬੇ ਦੇ ਵੱਖ-ਵੱਖ ਲੇਖਕਾਂ ਤੇ ਚਿੰਤਕਾਂ ਨੇ ਸਰਕਾਰ ਦੀ ਨੁਕਤਾਚੀਨੀ ਕੀਤੀ ਸੀ ਅਤੇ ਸੋਭਾ ਪੱਤਰ ਮੋੜ ਦੇਣ ਦੀ ਗੱਲ ਵੀ ਚੱਲ ਪਈ ਸੀ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਨੇ ਪਹਿਲਾਂ ਮਾਮਲੇ 'ਤੇ ਕਾਰਵਾਈ ਦਾ ਬਿਆਨ ਦਿੱਤਾ ਸੀ, ਪਰ ਬਾਅਦ ਵਿੱਚ ਚੁੱਪ ਵੱਟ ਗਈ ਸੀ।

## ਤੇਜ਼ ਰਫਤਾਰ ਵਾਹਨ ਹੇਠ ਆਏ ਨੌਜਵਾਨ ਦੀ ਮੌਤ, ਦੋ ਜ਼ਖਮੀ


ਨਡਾਲਾ, 19 ਨਵੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਨਡਾਲਾ-ਸੁਭਾਨਪੁਰ ਸੜਕ 'ਤੇ ਪਿੰਡ ਜੱਗਾਂ ਨੇੜੇ ਇੱਕ ਤੇਜ਼ ਰਫਤਾਰ ਅਣਪਛਾਤੇ ਵਾਹਨ ਨੇ ਦੋ ਮੋਟਰਸਾਈਕਲ ਦਰੜ ਦਿੱਤੇ, ਜਿਸ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ ਤੇ ਦੋ ਹੋਰ ਸਖਤ ਜ਼ਖਮੀ ਹੋ ਹੋਰ ਸਖਤ ਜ਼ਖਮੀ ਹੋ ਗਏ। ਚੌਕੀ ਨਡਾਲਾ ਦੇ ਮੁਖੀ ਪਰਮਜੀਤ ਸਿੰਘ ਨੇ ਦੱਸਿਆ ਕਿ ਘਟਨਾ ਵੇਲੇ ਸਬੰਧਤ ਨੌਜਵਾਨ ਲਵਜੋਤ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਦਮੂਲੀਆਂ ਅਤੇ ਸਨੀ ਪੁੱਤਰ ਮਹਿੰਦਰ ਸਿੰਘ ਵਾਸੀ ਜੱਗਾਂ ਮੋਟਰਸਾਈਕਲ ਉੱਤੇ ਅਤੇ ਕਰੂੜ ਸਿੰਘ ਪੁੱਤਰ ਸੌਦਾਗਰ ਸਿੰਘ ਵਾਸੀ ਬੂਟਾਂ, ਸੁਭਾਨਪੁਰ ਤੋਂ ਦੂਜੇ ਮੋਟਰਸਾਈਕਲ ਉਤੇ ਨਡਾਲਾ ਨੂੰ ਆ ਰਹੇ ਸਨ। ਪਿੰਡ ਜੱਗਾਂ ਨੇੜੇ ਪੁੱਜਣ 'ਤੇ ਇੱਕ ਤੇਜ਼ ਰਫਤਾਰ ਬੇਕਾਬੂ ਵਾਹਨ ਨੇ ਪਿਛਿਓਂ ਟੱਕਰ ਮਾਰ ਦਿੱਤੀ ਜਿਸ ਕਾਰਨ ਲਵਜੋਤ ਸਿੰਘ ਦੀ ਮੌਕੇ ਉਤੇ ਮੌਤ ਹੋ ਗਈ ਅਤੇ ਦੂਜੇ ਦੇ ਨੌਜਵਾਨ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਜਲੰਧਰ ਤੇ ਕਪੂਰਥਲਾ ਹਸਪਤਾਲਾਂ ਵਿੱਚ ਦਾਖਲ ਕਰਾਇਆ ਗਿਆ। ਨਡਾਲਾ ਪੁਲਸ ਨੇ ਲਵਜੋਤ ਸਿੰਘ ਦੇ ਪਿਤਾ ਮੋਹਨ ਸਿੰਘ ਵਾਸੀ ਦਮੂਲੀਆਂ ਦੇ ਬਿਆਨਾਂ ਤੇ ਅਣਪਛਾਤੇ ਵਾਹਨ ਚਾਲਕ ਦੇ ਖਿਲਾਫ ਪਰਚਾ ਦਰਜ ਕਰ ਲਿਆ ਹੈ।

## ਸਬਜ਼ੀ ਮੰਡੀ ਤੋਂ ਵਾਪਸ ਜਾਂਦੇ ਕਿਸਾਨ ਦੀ ਹਾਦਸੇ ਵਿੱਚ ਮੌਤ

ਭੋਗਪੁਰ, 19 ਨਵੰਬਰ (ਪੋਸਟ ਬਿਊਰੋ)- ਭੋਗਪੁਰ ਦੇ ਬਸ ਅੱਡੇ ਸਾਹਮਣੇ ਸੜਕ ਹਾਦਸੇ ਵਿੱਚ ਮੰਡੀ ਵਿੱਚ ਸਬਜ਼ੀਆਂ ਵੇਚ ਕੇ ਟਰੈਕਟਰ 'ਤੇ ਆਪਣੇ ਪਿੰਡ ਜਾ ਰਹੇ ਕਿਸਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਦੀ ਖਬਰ ਹੈ।

ਇਸ ਸੰਬੰਧ ਵਿੱਚ ਥਾਣਾ ਭੋਗਪੁਰ ਵਿੱਚ ਦਰਜ ਕੀਤੇ ਕੇਸ ਅਨੁਸਾਰ ਹਰਵਿੰਦਰ ਸਿੰਘ ਪੁੱਤਰ ਪ੍ਰਗਟ ਸਿੰਘ ਪਿੰਡ ਸੱਧਾ ਚੱਕ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਭਰਾ ਨਾਲ ਸਬਜ਼ੀ ਮੰਡੀ ਭੋਗਪੁਰ ਤੋਂ ਵਾਪਸ ਜਾ ਰਹੇ ਸਨ। ਹਰਵਿੰਦਰ ਦਾ ਭਰਾ ਗੁਰਵਿੰਦਰ ਸਿੰਘ ਟਰੈਕਟਰ 'ਤੇ ਅੱਗੇ ਜਾਂਦਾ ਸੀ ਤੇ ਉਹ ਪਿੱਛੇ ਮੋਟਰ ਸਾਈਕਲ 'ਤੇ ਜਾ ਰਿਹਾ ਸੀ। ਗੁਰਵਿੰਦਰ ਜਦੋਂ ਭੋਗਪੁਰ ਦੇ ਬਸ ਅੱਡੇ ਸਾਹਮਣੇ ਸੜਕ ਵਿਚਾਲੇ ਕੱਟ ਤੋਂ ਟਰੈਕਟਰ ਮੋੜਨ ਪਿੱਛੋਂ ਜੀ ਟੀ ਰੋਡ ਓਤੇ ਪੁੱਜਾ ਤਾਂ ਪਿਛਲੇ ਪਾਸੇ ਤੋਂ ਤੇਜ਼ ਰਫਤਾਰ ਨਾਲ ਆਏ ਤੇਲ ਟੈਂਕਰ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਟਰੈਕਟਰ ਟੁੱਟ-ਭੱਜ ਗਿਆ ਅਤੇ ਚਾਲਕ ਗੁਰਵਿੰਦਰ ਸਿੰਘ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਭੋਗਪੁਰ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਟੈਂਕਰ ਚਾਲਕ ਆਪਣਾ ਟੈਂਕਰ ਹਾਦਸੇ ਵਾਲੀ ਥਾਂ ਛੱਡ ਕੇ ਫਰਾਰ ਹੋ ਗਿਆ।

## ਸੈਟੇਲਾਈਟ ਦਾ ਭੁਲੇਖਾ, ਝੋਨੇ ਨੂੰ ਅੱਗ ਕਿਤੇ ਲੱਗੀ, ਧੂੰਆਂ ਕਿਤੇ, ਫਸਿਆ ਕੋਈ ਹੋਰ




ਮੋਗਾ, 19 ਨਵੰਬਰ (ਪੋਸਟ ਬਿਊਰੋ)- ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਨਿਗਰਾਨੀ ਵਿੱਚ ਲੱਗਾ ਸੈਟੇਲਾਈਟ ਭੁਲੇਖਾ ਦੇ ਰਿਹਾ ਹੈ। ਪਰਾਲੀ ਵਿੱਚ ਅੱਗ ਕਿਤੇ ਕੋਈ ਹੋਰ ਲਾਉਂਦਾ ਹੈ, ਹਵਾ ਦੇ ਰੁਖ਼ ਨਾਲ ਧੂੰਆਂ ਆਸਪਾਸ ਦੇ ਖੇਤਾਂ ਵਿੱਚ ਪਹੁੰਚ ਜਾਂਦਾ ਅਤੇ ਕੇਸ ਪਰਾਲੀ ਨਾ ਸਾੜਨ ਵਾਲਿਆਂ 'ਤੇ ਦਰਜ ਹੋ ਜਾਂਦਾ ਹੈ। ਕਈ ਅਜਿਹੇ ਲੋਕਾਂ 'ਤੇ ਕੇਸ ਦਰਜ ਹੋਇਆ ਹੈ, ਜੋ ਵਿਦੇਸ਼ ਬੈਠੇ ਹਨ ਜਾਂ ਜਿਨ੍ਹਾਂ ਦੀ ਕਈ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਮੋਗਾ ਦੇ ਪਿੰਡ ਸਲੀਣਾ ਵਿੱਚ ਕਿਸੇ ਕਿਸਾਨ ਨੇ ਅੱਗ ਲਾਈ ਤਾਂ ਹਵਾ ਦੇ ਰੁਖ਼ ਨਾਲ ਧੂੰਆਂ ਸ਼ਹਿਰ ਦੇ ਇੱਕ ਪ੍ਰਮੁੱਖ ਸਰਜਨ ਡਾਕਟਰ ਅਨੂਪ ਸੂਦ ਤੇ ਉਸਦੇ ਭਰਾ ਅਜੈ ਸੂਦ ਦੇ ਖੇਤ ਵਿੱਚ ਚਲਾ ਗਿਆ। ਸੈਟੇਲਾਈਟ ਰਿਪੋਰਟ ਦੇ ਆਧਾਰ 'ਤੇ ਉਨ੍ਹਾਂ ਉੱਤੇ ਕੇਸ ਬਣ ਗਿਆ, ਜਦ ਕਿ ਡਾਕਟਰ ਦੇ ਭਰਾ ਨੇ ਗੁਆਂਢੀ ਵੱਲੋਂ ਪਰਾਲੀ ਸਾੜਨ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਹੋਈ ਸੀ। ਥਾਣਾ ਸਦਰ ਦੇ ਪਿੰਡ ਸੱਦਾ ਸਿੰਘ ਵਾਲਾ ਦੇ ਕਿਸਾਨ ਗੁਲਵੰਤ ਸਿੰਘ ਦੀ ਪੰਜ ਸਾਲ ਪਹਿਲਾਂ ਅਤੇ ਪਿੰਡ ਕੋਰੇ ਵਾਲਾ ਖੁਰਦ ਦੇ ਕਿਸਾਨ ਜਰਨੈਲ ਸਿੰਘ ਦੀ ਮੌਤ ਹੋ ਚੁੱਕੀ ਹੈ।

ਪਿੰਡ ਦਾਰਾਪੁਰ ਦਾ ਕੁਲਦੀਪ ਸਿੰਘ ਪੁੱਤਰ ਹਰਨੇਕ ਸਿੰਘ ਕਰੀਬ ਦੋ ਦਹਾਕੇ ਤੋਂ ਦਿੱਲੀ ਵਿੱਚ ਰਹਿ ਰਿਹਾ ਹੈ। ਇਨ੍ਹਾਂ ਦੇ ਖਿਲਾਫ ਮਾਮਲੇ ਦਰਜ ਕੀਤੇ ਗਏ ਹਨ। ਸੈਟੇਲਾਈਟ ਰਿਪੋਰਟ ਦੇ ਆਧਾਰ 'ਤੇ ਜ਼ਿਲੇ 'ਚ 622 ਕਿਸਾਨਾਂ ਦੇ ਖਿਲਾਫ ਕੇਸ ਬਣੇ ਤੇ 200 ਤੋਂ ਵੱਧ ਗ੍ਰਿਫਤਾਰੀ ਹੋਈ ਹੈ।



## ਪ੍ਰਦੂਸ਼ਣ ਪੱਧਰ ਘਟਣ ਕਾਰਨ ਔਡ-ਈਵਨ ਯੋਜਨਾ ਵਧਾਉਣ ਦੀ ਲੋੜ ਨਹੀਂ : ਕੇਜਰੀਵਾਲ



ਨਵੀਂ ਦਿੱਲੀ, 19 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਦਿੱਲੀ ਵਿੱਚ ਪ੍ਰਦੂਸ਼ਣ ਦਾ ਪੱਧਰ ਘੱਟ ਗਿਆ ਹੈ, ਇਸ ਲਈ ਓਡ-ਈਵਨ ਯੋਜਨਾ ਵਧਾਉਣ ਦੀ ਲੋੜ ਨਹੀਂ। ਇਹ ਯੋਜਨਾ 15 ਨਵੰਬਰ ਨੂੰ ਖਤਮ ਹੋ ਗਈ ਸੀ, ਜਿਸ ਨੂੰ ਚਾਰ ਨਵੰਬਰ ਨੂੰ ਲਾਗੂ ਕੀਤਾ ਗਿਆ ਸੀ। ਕੱਲ੍ਹ ਇਥੇ ਮੀਡੀਆ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਕੇਜਰੀਵਾਲ ਨੇ ਕਿਹਾ ਕਿ ਅਸਮਾਨ ਬਿਲਕੁਲ ਸਾਫ ਹੈ, ਪ੍ਰਦੂਸ਼ਣ ਦਾ ਪੱਧਰ ਘਟ ਗਿਆ ਹੈ। ਲੋਕਾਂ ਨੂੰ ਪ੍ਰਦੂਸ਼ਣ ਦੀ ਕੋਈ ਖਾਸ ਸਮੱਸਿਆ ਨਹੀਂ। ਚਾਰ ਤੋਂ 15 ਨਵੰਬਰ ਵਿਚਾਲੇ ਪੰਜ ਹਜ਼ਾਰ ਤੋਂ ਵੱਧ ਲੋਕਾਂ ਨੂੰ ਚਾਰ-ਚਾਰ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਗਿਆ ਸੀ।

ਇਸ ਦੌਰਾਨ ਪੂਰਬੀ ਦਿੱਲੀ ਤੋਂ ਭਾਜਪਾ ਐੱਮ ਪੀ ਗੌਤਮ ਗੰਭੀਰ ਨੇ ਪ੍ਰਦੂਸ਼ਣ ਬਾਰੇ ਹੋਈ ਬੈਠਕ ਵਿੱਚ ਸ਼ਾਮਲ ਨਾ ਹੋਣ ਦੇ ਵਿਵਾਦ 'ਤੇ ਜਵਾਬ ਦੇਂਦਿਆਂ ਕਿਹਾ ਕਿ ਮੈਂ ਵੀ ਇੱਕ ਬਾਪ ਹਾਂ ਤੇ ਮੈਨੂੰ ਪਤਾ ਹੈ ਕਿ ਪ੍ਰਦੂਸ਼ਣ ਦਾ ਬੱਚਿਆਂ 'ਤੇ ਕੀ ਅਸਰ ਪੈਂਦਾ ਹੈ? ਉਨ੍ਹਾਂ ਕਿਹਾ ਕਿ ਮੈਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹਰਾਇਆ ਹੈ, ਇਸ ਲਈ ਮੇਰੇ ਵਿਰੁੱਧ ਸਸਤੇ ਪੱਧਰ ਦੀ ਸਿਆਸਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੈਂ ਇੱਕ ਪੇਸ਼ਗੀ ਕਾਂਟ੍ਰੈਕਟ ਕਾਰਨ ਕੁਮੈਂਟਰੀ ਕਰਨ ਲਈ ਗਿਆ ਸੀ, ਇਸ ਕਾਰਨ ਬੈਠਕ ਵਿੱਚ ਸ਼ਾਮਲ ਨਹੀਂ ਹੋ ਸਕਿਆ।

ਦੂਸਰੇ ਪਾਸੇ ਦਿੱਲੀ ਦੇ ਪੀਣ ਵਾਲੇ ਪਾਣੀ ਬਾਰੇ ਆਈ ਰਿਪੋਰਟ ਬਾਰੇ ਕੇਂਦਰੀ ਖੁਰਾਕ ਤੇ ਖਪਤਕਾਰ ਮਾਮਲੇ ਬਾਰੇ ਮੰਤਰੀ ਰਾਮਵਿਲਾਸ ਪਾਸਵਾਨ ਦੀ ਟਿੱਪਣੀ ਦੀ ਨੁਕਤਾਚੀਨੀ ਕਰਦੇ ਹੋਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਰਾਜਧਾਨੀ ਵਿੱਚ ਪਾਣੀ ਦੀ ਗੁਣਵੱਤਾ ਕਾਫੀ ਬਿਹਤਰ ਹੈ ਤੇ ਇਸ ਬਾਰੇ ਰਾਜਨੀਤੀ ਨਹੀਂ ਕਰਨੀ ਚਾਹੀਦੀ।

### ਮੁੱਦਾ ਪਰਦੂਸ਼ਣ ਦਾ

## ਪਹਿਲਾਂ ਇਕੱਲਾ ਮੁੱਖ ਮੰਤਰੀ ਖੰਘਦਾ ਸੀ, ਅੱਜ ਕੱਲ੍ਹ ਸਾਰੇ ਲੋਕ ਖੰਘਦੇ ਹਨ

### * ਭਾਜਪਾ ਮੈਂਬਰਾਂ ਵੱਲੋਂ ਲੋਕ ਸਭਾ ਵਿੱਚ ਹੰਗਾਮਾ



ਨਵੀਂ ਦਿੱਲੀ, 19 ਨਵੰਬਰ (ਪੋਸਟ ਬਿਊਰੋ)- ਦਿੱਲੀ-ਐੱਨ ਸੀ ਆਰ (ਨੈਸ਼ਨਲ ਕੈਪੀਟਲ ਰੀਜਨ) ਸਮੇਤ ਪੂਰੇ ਦੇਸ਼ ਵਿੱਚ ਹਵਾ ਪ੍ਰਦੂਸ਼ਣ ਦਾ ਮੁੱਦਾ ਮੰਗਲਵਾਰ ਨੂੰ ਲੋਕ ਸਭਾ ਵਿੱਚ ਉੱਠਿਆ। ਇਸ ਉੱਤੇ ਪਾਰਲੀਮੈਂਟ ਬਹਿਸ ਵਿੱਚ ਹਿੱਸਾ ਲੈਂਦਿਆਂ ਪੱਛਮੀ ਦਿੱਲੀ ਤੋਂ ਭਾਜਪਾ ਐੱਮ ਪੀ ਪ੍ਰਵੇਸ਼ ਸਾਹਿਬ ਸਿੰਘ ਵਰਮਾ ਨੇ ਪ੍ਰਦੂਸ਼ਣ ਲਈ ਕੇਜਰੀਵਾਲ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਨਾਂਅ ਲਏ ਬਿਨਾਂ ਕੇਜਰੀਵਾਲ ਉੱਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਪਹਿਲਾਂ ਮੁੱਖ ਮੰਤਰੀ ਖੰਘਦੇ ਸਨ ਅਤੇ ਅੱਜ ਕੱਲ੍ਹ ਪ੍ਰਦੂਸ਼ਣ ਕਾਰਨ ਅਸੀਂ ਸਾਰੇ ਖੰਘ ਰਹੇ ਹਾਂ।

ਪ੍ਰਵੇਸ਼ ਵਰਮਾ ਨੇ ਕਿਹਾ ਕਿ ਸਾਢੇ ਚਾਰ ਸਾਲ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਕਹਿੰਦੇ ਸਨ ਕਿ ਪ੍ਰਧਾਨ ਮੰਤਰੀ ਅਤੇ ਲੈਫਟੀਨੈਂਟ ਗਵਰਨਰ ਕੰਮ ਕਰਨ ਨਹੀਂ ਦੇਂਦੇ। ਪਿਛਲੇ ਛੇ ਮਹੀਨਿਆਂ ਤੋਂ ਹਰ ਕੋਈ ਉਨ੍ਹਾਂ ਨੂੰ ਕੰਮ ਕਰਨ ਦੇਂਦਾ ਹੈ। ਉਹ ਸਾਰਿਆਂ ਨੂੰ ਸਭ ਕੁਝ ਮੁਫ਼ਤ ਵੰਡ ਰਹੇ ਹਨ। ਪ੍ਰਵੇਸ਼ ਵਰਮਾ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਅੱਜ ਇਕ ਬਿਮਾਰੀ ਬਣ ਗਿਆ ਹੈ। ਲੋਕ ਕਹਿ ਰਹੇ ਹਨ ਕਿ ਇਸ ਦਾ ਕਾਰਨ ਪਰਾਲੀ, ਗੱਡੀ, ਧੂੜ ਤੇ ਉਦਯੋਗਿਕ ਧੰਦਿਆਂ ਵਿੱਚੋਂ ਨਿਕਲਣ ਵਾਲਾ ਧੂੰਆਂ ਹੈ। ਔਡ-ਈਵਨ ਬਾਰੇ ਦਿੱਲੀ ਦੇ ਮੁੱਖ ਮੰਤਰੀ ਆਪਣੀ ਤਾਰੀਫ਼ ਕਰਦੇ ਹਨ। ਦਿੱਲੀ ਵਿੱਚ 200 ਦਿਨ ਹਵਾ ਪ੍ਰਦੂਸ਼ਣ ਦੀ ਸਥਿਤੀ ਖ਼ਤਰਨਾਕ ਪੱਧਰ ਉੱਤੇ ਰਹਿੰਦੀ ਹੈ, ਪਰ ਪਰਾਲੀ ਮੁਸ਼ਕਿਲ ਨਾਲ 30 ਦਿਨ ਸੜਦੀ ਹੈ।

ਇਸ ਦੌਰਾਨ ਅੱਜ ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਕਾਕੋਲੀ ਘੋਸ਼ ਦਸਤੀਦਾਰ ਬਹਿਸ ਵਿੱਚ ਸ਼ਾਮਲ ਹੋਣ ਲਈ ਮਾਸਕ ਲਾ ਕੇ ਲੋਕ ਸਭਾ ਵਿੱਚ ਆਈ। ਹਵਾ ਪ੍ਰਦੂਸ਼ਣ ਮੁੱਦੇ ਉੱਤੇ ਚਰਚਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਦੁਨੀਆ ਦੇ 10 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 9 ਭਾਰਤ ਦੇ ਹਨ। ਉਨ੍ਹਾਂ ਸਰਕਾਰ ਤੋਂ ਪੁੱਛਿਆ ਕਿ ਸਾਫ਼ ਹਵਾ ਵਿੱਚ ਸਾਹ ਲੈਣ ਦਾ ਅਧਿਕਾਰ ਸਾਡਾ ਨਹੀਂ। ਕਾਕੋਲੀ ਘੋਸ਼ ਨੇ ਕਿਹਾ ਕਿ ਕੀ ਅਸੀਂ ਸਾਫ਼ ਹਵਾ ਮਿਸ਼ਨ ਲਾਂਚ ਕਰ ਸਕਦੇ ਹਾਂ। ਦੂਸਰੇ ਪਾਸੇ ਪੰਜਾਬ ਤੋਂ ਕਾਂਗਰਸ ਪਾਰਲੀਮੈਂਟ ਮੁਨੀਸ਼ ਤਿਵਾੜੀ ਨੇ ਹਵਾ ਪ੍ਰਦੂਸ਼ਣ ਦੀ ਚਰਚਾ ਮੌਕੇ ਕਿਹਾ ਕਿ ਦਿੱਲੀ ਦੇ ਪ੍ਰਦੂਸ਼ਣ ਬਾਰੇ ਹਮੇਸ਼ਾ ਕਿਹਾ ਜਾਂਦਾ ਹੈ ਕਿ ਗੁਆਂਢੀ ਰਾਜਾਂ ਵਿੱਚ ਪਰਾਲੀ ਸਾੜਨ ਨਾਲ ਇੱਥੇ ਪ੍ਰਦੂਸ਼ਣ ਫੈਲਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨੂੰ ਉਹ ਠੀਕ ਨਹੀਂ ਮੰਨਦੇ, ਪਰ ਇਸ ਨੂੰ ਰੋਕਣ ਲਈ ਕਿਸਾਨਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ।

## ਤੂਫਾਨ ਦਾ ਕਹਿਰ, ਬਰਫ ਵਿੱਚ ਦੱਬਣ ਨਾਲ ਚਾਰ ਜਵਾਨਾਂ ਤੇ ਦੋ ਸਿਵਲ ਨਾਗਰਿਕਾਂ ਦੀ ਜਾਨ ਗਈ



ਸ੍ਰੀਨਗਰ, 19 ਨਵੰਬਰ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਉਚੇ ਜੰਗੀ ਖੇਤਰ ਸਿਆਚਿਨ ਗਲੇਸ਼ੀਅਰ ਵਿੱਚ ਕੱਲ੍ਹ ਸੋਮਵਾਰ ਨੂੰ ਭਾਰਤੀ ਫੌਜ ਦੀ ਪੋਸਟ ਵੀ ਬਰਫੀਲੇ ਤੂਫਾਨ ਦੀ ਲਪੇਟ ਵਿੱਚ ਆ ਗਈ। ਇਸ ਘਟਨਾ ਵਿੱਚ ਚਾਰ ਜਵਾਨਾਂ ਅਤੇ ਦੋ ਸਥਾਨਕ ਨਾਗਰਿਕਾਂ ਦੀ ਮੌਤ ਹੋ ਗਈ। ਇਹ ਘਟਨਾ ਕਰੀਬ ਸਾਢੇ ਤਿੰਨ ਵਜੇ ਦੀ ਹੈ। ਦੱਸਿਆ ਜਾ ਰਿਹਾ ਹੈ ਕਿ ਅੱਠ ਮੈਂਬਰਾਂ ਦੀ ਪੈਟਰੋਲਿੰਗ ਟੀਮ ਤੂਫਾਨ ਵਿੱਚ ਫਸ ਗਈ ਸੀ। ਵਰਨਣ ਯੋਗ ਹੈ ਕਿ ਇਸ ਸਾਲ ਫਰਵਰੀ ਵਿੱਚ ਜੰਮੂ-ਕਸ਼ਮੀਰ ਦੇ ਉਤਰੀ ਖੇਤਰ ਦੇ ਕੁਪਵਾੜਾ ਜ਼ਿਲੇ ਵਿੱਚ ਵੱਡੇ ਪੱਧਰ ਉੱਤੇ ਬਰਫ ਦੇ ਤੋਦੇ ਡਿੱਗੇ ਸਨ ਅਤੇ ਮਾਛਿਲ ਸੈਕਟਰ ਦੀ ਆਰਮੀ ਪੋਸਟ ਵੀ ਇਸ ਦੀ ਲਪੇਟ 'ਚ ਆ ਗਈ ਸੀ, ਜਿਸ ਕਾਰਨ ਤਿੰਨ ਜਵਾਨਾਂ ਦੀ ਮੌਤ ਅਤੇ ਇੱਕ ਜ਼ਖਮੀ ਹੋ ਗਿਆ ਸੀ। ਲਾਈਨ ਆਫ ਕੰਟਰੋਲ ਨੇੜੇ ਮਾਛਿਲ ਸੈਕਟਰ 'ਚ ਸੋਨਾ ਪਾਂਡੀ ਗਲੀ 'ਚ ਸ਼ਾਮ ਸਮੇਂ ਬਰਫ ਦੇ ਤੋਦੇ ਡਿੱਗੇ ਸਨ, ਜਿਸ ਕਾਰਨ ਉਥੇ ਫੌਜੀ ਪੋਸਟ 21 ਰਾਜਪੂਤ ਇਸ ਦੀ ਲਪੇਟ ਵਿੱਚ ਆ ਗਈ ਸੀ। ਇਸ ਤੋਂ ਪਹਿਲਾਂ ਜਨਵਰੀ 'ਚ ਲੇਹ ਲੱਦਾਖ ਵਿੱਚ ਬਰਫ ਦੇ ਤੂਫਾਨ ਅਤੇ ਬਰਫੀਲੇ ਦੇ ਪਹਾੜ ਖਿਸਕਣ ਨਾਲ ਖਾਰਦੂੰਗਲਾ ਦੱਰੇ ਨੇੜੇ ਕਈ ਮੋਟਰ ਗੱਡੀਆਂ ਦੱਬ ਗਈਆਂ ਸਨ। ਬਰਫ ਦੀ ਲਪੇਟ ਵਿੱਚ 10 ਸੈਲਾਨੀ ਆ ਗਏ ਸਨ, ਜਿਨ੍ਹਾਂ ਵਿੱਚੋਂ ਪੰਜ ਸੈਲਾਨੀਆਂ ਦੀਆਂ ਲਾਸ਼ਾਂ ਕੱਢੀਆਂ ਗਈਆਂ ਸਨ।

## ਰਾਜਸਥਾਨ ਵਿੱਚ ਬੱਸ-ਟਰੱਕ ਟੱਕਰ ਵਿੱਚ 10 ਮੌਤਾਂ, 25 ਜ਼ਖਮੀ



ਬੀਕਾਨੇਰ, 19 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਦੇ ਬੀਕਾਨੇਰ ਜ਼ਿਲੇ ਨੇੜੇ ਸ੍ਰੀ ਡੂੰਗਰਗੜ੍ਹ ਵਿੱਚ ਨੈਸ਼ਨਲ ਹਾਈਵੇ 11 ਉੱਤੇ ਇੱਕ ਟਰੱਕ ਅਤੇ ਬਸ ਦੀ ਟੱਕਰ ਵਿੱਚ 10 ਲੋਕਾਂ ਦੀ ਮੌਤ ਹੋ ਗਈ, ਜਦ ਕਿ 20-25 ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਨੇੜਲੇ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਬਸ ਬੀਕਾਨੇਰ ਤੋਂ ਜੈਪੁਰ ਜਾ ਰਹੀ ਸੀ। ਟੱਕਰ ਤੋਂ ਬਾਅਦ ਉਸ ਨੂੰ ਅੱਗ ਲੱਗ ਗਈ। ਘਟਨਾ ਸਥਾਨ 'ਤੇ ਮੌਜੂਦ ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਵੇਰੇ 7.30 ਵਜੇ ਬੀਕਾਨੇਰ ਜੈਪੁਰ ਨੈਸ਼ਨਲ ਹਾਈਵੇ ਉੱਤੇ ਜੋਧਾਸਰ ਅਤੇ ਸੇਰੂਣਾ ਪਿੰਡ ਦੇ ਵਿਚਾਲੇ ਹਾਦਸਾ ਹੋਇਆ। ਯਾਤਰੀਆਂ ਦੀ ਬਸ ਟਰੱਕ ਨਾਲ ਟਕਰਾ ਜਾਣ ਕਾਰਨ 10 ਲੋਕਾਂ ਦੀ ਮੌਤ ਹੋ ਗਈ। ਬਸ ਬੀਕਾਨੇਰ ਤੋਂ ਜੈਪੁਰ ਚੱਲੀ ਸੀ ਅਤੇ ਟੱਕਰ ਨਾਲ ਉਸ ਨੂੰ ਅੱਗ ਲੱਗ ਗਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪ੍ਰਸ਼ਾਸਨ ਮੌਕੇ 'ਤੇ ਪਹੁੰਚਿਆ ਤੇ ਜ਼ਖਮੀਆਂ ਨੂੰ ਹਸਪਤਾਲਾਂ ਵਿੱਚ ਭਰਤੀ ਕਰਾਇਆ ਗਿਆ ਹੈ।

## ਝਾਰਖੰਡ ਚੋਣਾਂ ਵਿੱਚ ਭਾਜਪਾ ਬਹੁਕੋਨੇ ਮੁਕਾਬਲੇ ਵਿੱਚ ਫਸੀ

ਨਵੀਂ ਦਿੱਲੀ, 19 ਨਵੰਬਰ (ਪੋਸਟ ਬਿਊਰੋ)- ਝਾਰਖੰਡ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ 81 ਮੈਂਬਰੀ ਵਿਧਾਨ ਸਭਾ ਵਿੱਚ 65 ਤੋਂ ਵੱਧ ਸੀਟਾਂ ਜਿੱਤਣ ਦਾ ਨਿਸ਼ਾਨਾ ਰੱਖਿਆ ਹੈ, ਪਰ ਗੱਠਜੋੜ ਟੁੱਟਣ ਪਿੱਛੋਂ ਬਹੁਕੋਨੇ ਮੁਕਾ-ਬਲੇ ਵਿੱਚ ਫਸੀ ਨਜ਼ਰ ਆ ਰਹੀ ਹੈ। ਇਸ ਰਾਜ ਦੀ ਸਤਾ ਬਚਾਉਣ ਲਈ ਸੰਘਰਸ਼ ਕਰ ਰਹੀ ਭਾਜਪਾ ਆਪਣੇ ਸਾਥੀ ਦਲ ਆਲ ਝਾਰਖੰਡ ਸਟੂਡੈਂਟਸ ਯੂਨੀਅਨ (ਆਜਸੂ) ਨਾਲ ਵੀ ਸੀਟਾਂ ਦੀ ਵੰਡ ਬਾਰ ਮਤਭੇਦ ਦੂਰ ਨਹੀਂ ਕਰ ਸਕੀ।

ਇਸ ਦੌਰਾਨ ਪਤਾ ਲੱਗਾ ਹੈ ਕਿ ਕੌਮੀ ਜਮਹੂਰੀ ਗੱਠਜੋੜ (ਐਨ ਡੀ ਏ) ਦੇ ਸਹਿਯੋਗੀ ਜਨਤਾ ਦਲ (ਯੂਨਾਇਟੇਡ) ਅਤੇ ਲੋਕ ਜਨਸ਼ਕਤੀ ਪਾਰਟੀ (ਲੋਜਪਾ) ਵਾਲੇ ਵੀ ਇਕੱਲੇ ਚੋਣਾਂ ਲੜ ਰਹੇ ਹਨ। ਲੋਜਪਾ ਪ੍ਰਧਾਨ ਚਿਰਾਗ ਪਾਸਵਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਰਾਜ ਵਿੱਚ ਆਪਣੇ ਸਿਰ 50 ਸੀਟਾਂ 'ਤੇ ਚੋਣਾਂ ਲੜੇਗੀ ਅਤੇ ਨਾਮਾਂ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਗੱਠਜੋੜ ਲਈ ਲੋਜਪਾ ਦੀ ਤਜਵੀਜ਼ ਦਾ ਜਵਾਬ ਹੀ ਨਹੀਂ ਦਿੱਤਾ। ਦੂਜੇ ਸਹਿਯੋਗੀ ਜਨਤਾ ਦਲ ਯੂ ਨੇ ਐਲਾਨ ਕੀਤਾ ਹੈ ਕਿ ਉਹ ਇਕੱਲੇ ਚੋਣਾਂ ਲੜਨਗੇ। ਭਾਜਪਾ ਦੇ ਇਸ ਵਿਹਾਰ ਕਾਰਨ ਵਿਰੋਧੀ ਧਿਰ ਨੇ ਮੁੱਖ ਮੰਤਰੀ ਰਘੁਬਰ ਦਾਸ ਦੀ ਸੀਟ ਨੂੰ ਵੀ ਤਿਕੋਣੀ ਮੁਲਾਬਲੇ ਵਿੱਚ ਫਸਾ ਦਿੱਤਾ ਹੈ। ਇਸ ਵੱਡੀ ਕਬਾਇਲੀ ਵੋਟ ਵਾਲੇ ਰਾਜ ਵਿੱਚ ਭਾਜਪਾ ਨੂੰ ਬੇਰੋਜ਼ਗਾਰੀ, ਖੇਤੀ ਸੰਕਟ ਤੇ ਆਰਥਿਕ ਮੰਦੀ ਦੇ ਮੁਦੇ 'ਤੇ ਆਪਣੇ ਪ੍ਰਦਰਸ਼ਨ ਦਿਖਾਉਣਾ ਹੋਵੇਗਾ।

ਭਾਜਪਾ ਨੇ ਸਹਿਯੋਗੀ ਦਲਾਂ ਨਾਲ 2014 ਦੀ ਵਿਧਾਨ ਸਭਾ ਚੋਣ ਜਿੱਤੀ ਸੀ ਅਤੇ ਕਾਂਗਰਸ, ਰਾਸ਼ਟਰੀ ਜਨਤਾ ਦਲ ਅਤੇਝਾਰਖੰਡ ਮੁਕਤ ਮੋਰਚਾ ਦੇ ਗੱਠਜੋੜ ਨੂੰ ਹਰਾ ਕੇ 81 ਮੈਂਬਰੀ ਵਿਧਾਨ ਸਭਾ ਵਿੱਚ ਖੁਦ 37 ਸੀਟਾਂ ਜਿੱਤੀਆਂ ਅਤੇ ਉਸ ਦੀ ਸਹਿਯੋਗੀ ਆਲ ਝਾਰਖੰਡ ਸਟੂਡੈਂਟ ਯੂਨੀਅਨ ਨੇ 4 ਸੀਟਾਂ ਜਿੱਤੀਆਂ ਸਨ।

## ਰਾਜ ਸਭਾ ਵਿੱਚ ਮਾਰਸ਼ਲਾਂ ਦੀ ਫ਼ੌਜੀ ਰੰਗ ਦੀ ਵਰਦੀ ਉੱਤੇ ਵਿਵਾਦ ਛਿੜਿਆ



ਨਵੀਂ ਦਿੱਲੀ, 19 ਨਵੰਬਰ (ਪੋਸਟ ਬਿਊਰੋ)- ਰਾਜ ਸਭਾ ਵਿਚਲੇ ਮਾਰਸ਼ਲਾਂ ਦੀ ਵਰਦੀ ਨੂੰ ਫ਼ੌਜ ਵਾਂਗ ਬਣਾਉਣ ਤੋਂ ਉੱਠੇ ਇਤਰਾਜ਼ ਦੇ ਕਾਰਨ ਉਸ ਬਾਰੇ ਮੁੜ ਵਿਚਾਰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਚੇਅਰਮੈਨ ਐੱਮ. ਵੈਂਕਈਆ ਨਾਇਡੂ ਨੇ ਅੱਜ ਮੰਗਲਵਾਰ ਨੂੰ ਰਾਜ ਸਭਾ ਸਕੱਤਰੇਤ ਨੂੰ ਫ਼ੌਜੀ ਸਟਾਈਲ ਦੀ ਵਰਦੀ ਉੱਤੇ ਮੁੜ ਵਿਚਾਰ ਕਰਨ ਦਾ ਆਦੇਸ਼ ਜਾਰੀ ਕਰ ਦਿੱਤਾ ਹੈ ਅਤੇ ਛੇਤੀ ਫੈਸਲਾ ਹੋ ਸਕਦਾ ਹੈ।

ਵੈਂਕਈਆ ਨਾਇਡੂ ਨੇ ਅੱਜ ਸਦਨ ਨੂੰ ਇਸ ਫ਼ੈਸਲੇ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਦਨ ਦੇ ਕੁਝ ਸੀਨੀਅਰ ਮੈਂਬਰਾਂ ਅਤੇ ਬਾਹਰ ਫ਼ੌਜ ਦੇ ਕੁਝ ਸਾਬਕਾ ਅਧਿਕਾਰੀਆਂ ਨੇ ਇਤਰਾਜ਼ ਕਰ ਕੇ ਇਸ ਦੀ ਆਲੋਚਨਾ ਕੀਤੀ ਹੈ ਤੇ ਇਸ ਦੇ ਬਾਅਦ ਇਹ ਆਦੇਸ਼ ਦਿੱਤਾ ਗਿਆ ਹੈ। ਆਮ ਤੌਰ ਉੱਤੇ ਰਾਜ ਸਭਾ ਵਿਚ ਚੇਅਰਮੈਨ ਸਮੇਤ ਮੌਜੂਦ ਉਪ ਚੇਅਰਮੈਨ ਦੀ ਮਦਦ ਕਰਨ ਵਾਲੇ ਮਾਰਸ਼ਲ ਸੋਮਵਾਰ ਨੂੰ ਫ਼ੌਜੀ ਅਧਿਕਾਰੀਆਂ ਵਰਗੀ ਵਰਦੀ ਨੇਵੀ ਬਲੂ ਕਲਰ ਦੇ ਹੈਟ, ਕੋਟ, ਪੈਂਟ ਵਿਚ ਦਿਖਾਈ ਦਿੱਤੇ ਸਨ, ਜਦ ਕਿ ਆਮ ਤੌਰ ਉੱਤੇ ਸਫ਼ੈਦ ਡਰੈੱਸ ਸਾਫਾ (ਕਲਗੀਦਾਰ) ਪਗੜੀ ਦੇ ਬੰਦ ਗਲ਼ੇ ਦੇ ਕੋਟ ਤੇ ਪੈਂਟ ਸ਼ਰਟ ਵਿਚ ਰਹਿੰਦੇ ਸਨ। ਉਨ੍ਹਾਂ ਦੀ ਡਿਊਟੀ ਦੀ ਸ਼ੁਰੂਆਤ ਸਦਨ ਵਿਚ ਚੇਅਰਮੈਨ ਦੇ ਆਉਣ ਦੀ ਪੁਕਾਰ ਲਾਉਣ ਨਾਲ ਹੁੰਦੀ ਹੈ, ਜਿਸ ਵਿਚ ਉਹ 'ਮਾਣਯੋਗ ਸਭਾ ਮੈਂਬਰੋ ਅਤੇ ਮਾਣਯੋਗ ਚੇਅਰਮੈਨ ਜੀ' ਤੇਜ਼ ਆਵਾਜ਼ ਵਿਚ ਬੋਲਦੇ ਹਨ ਪ੍ਰੰਤੂ ਸੋਮਵਾਰ ਨੂੰ ਮਾਰਸ਼ਲਾਂ ਦੇ ਸਿਰ ਉੱਤੇ ਪਗੜੀ ਦੀ ਥਾਂ ਗੂੜ੍ਹੇ ਨੀਲੇ ਰੰਗ ਦੀ ਕੈਪ ਸੀ। ਉਨ੍ਹਾਂ ਨੇ ਗਹਿਰੇ ਰੰਗ ਦੀ ਆਧੁਨਿਕ ਸੁਰੱਖਿਆ ਮੁਲਾਜ਼ਮਾਂ ਵਰਗੀ ਵਰਦੀ ਪਾ ਰੱਖੀ ਸੀ। ਸਦਨ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਹੀ ਇਸ ਨੂੰ ਦੇਖ ਕੇ ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਇਤਰਾਜ਼ ਕਰਦੇ ਹੋਏ ਇਹ ਮੁੱਦਾ ਉਠਾਇਆ। ਸਦਨ ਦੇ ਬਾਹਰੋਂ ਵੀ ਇਸ ਬਦਲੀ ਦੀ ਆਲੋਚਨਾ ਕੀਤੀ ਗਈ, ਜਿਨ੍ਹਾਂ ਵਿਚ ਕਈ ਸਾਬਕਾ ਫ਼ੌਜੀ ਅਧਿਕਾਰੀ ਸ਼ਾਮਲ ਹਨ।

ਭਾਰਤੀ ਫ਼ੌਜ ਦੇ ਸਾਬਕਾ ਮੁਖੀ ਜਨਰਲ ਵੀ ਪੀ ਮਲਿਕ ਨੇ ਟਵੀਟ ਕਰ ਕੇ ਕਿਹਾ; 'ਗ਼ੈਰ ਫ਼ੌਜੀ ਮੁਲਾਜ਼ਮਾਂ ਨੂੰ ਫ਼ੌਜ ਦੀ ਵਰਦੀ ਦੀ ਨਕਲ ਕਰਨਾ ਅਤੇ ਪਾਉਣਾ ਗ਼ੈਰ-ਕਾਨੂੰਨੀ ਹੈ। ਇਹ ਸੁਰੱਖਿਆ ਲਈ ਵੀ ਖ਼ਤਰਾ ਹੈ।' ਉਨ੍ਹਾਂ ਆਸ ਪ੍ਰਗਟ ਕੀਤੀ ਕਿ ਰਾਜ ਸਭਾ ਦੇ ਚੇਅਰਮੈਨ ਤੇ ਉਪ ਰਾਸ਼ਟਰਪਤੀ ਅਤੇ ਰੱਖਿਆ ਮੰਤਰੀ ਇਸ ਉੱਤੇ ਉਚਿਤ ਕਾਰਵਾਈ ਕਰਨਗੇ। ਸਾਬਕਾ ਜਨਰਲ ਵੀ ਕੇ ਸਿੰਘ ਨੇ ਵੀ ਇਸ ਦਾ ਇਤਰਾਜ਼ ਕੀਤਾ ਹੈ। ਚੇਅਰਮੈਨ ਵੈਂਕਈਆ ਨਾਇਡੂ ਨੇ ਮੰਗਲਵਾਰ ਸਦਨ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਇਸ ਦੀ ਸੂਚਨਾ ਦਿੱਤੀ। ਉਨ੍ਹਾਂ ਕਿਹਾ ਕਿ ਇਸ ਬਾਰੇ ਕਈ ਪ੍ਰਤੀਕਿਰਿਆ ਮਿਲੀਆਂ ਹਨ, ਜਿਨ੍ਹਾਂ ਨੂੰ ਦੇਖ ਕੇ ਸਕੱਤਰੇਤ ਨੂੰ ਦੂਜੀ ਵਰਦੀ ਦੀ ਵਿਚਾਰ ਲਈ ਕਿਹਾ ਗਿਆ ਹੈ। ਤੱਥ ਇਹ ਹੈ ਕਿ ਮਾਰਸ਼ਲਾਂ ਦੀ ਵਰਦੀ ਅੱਜ ਤਕ ਤਿੰਨ ਵਾਰ ਬਦਲੀ ਜਾ ਚੁੱਕੀ ਹੈ, ਜਿਸ ਵਿਚ ਪਹਿਲੀ ਵਾਰ 1947 ਵਿੱਚ, ਦੂਜੀ ਵਾਰ 1950 ਅਤੇ ਤੀਜੀ ਵਾਰ 2019 ਵਿੱਚ ਹੋਈ ਹੈ। ਸੰਭਵ ਹੈ ਕਿ ਚੇਅਰਮੈਨ ਦੇ ਮੁੜ ਵਿਚਾਰ ਪਿੱਛੋਂ ਇਕ ਹੋਰ ਬਦਲਾਅ ਕਰਨਾ ਪਵੇ। ਰਾਜ ਸਭਾ ਦਾ ਸੈਸ਼ਨ ਇਤਿਹਾਸਕ ਬਣਾਉਣ ਲਈ ਮਾਰਸ਼ਲ ਦੀ ਵਰਦੀ ਬਦਲੀ ਗਈ ਸੀ। ਦੱਸਿਆ ਗਿਆ ਕਿ ਸਦਨ ਵਿਚ ਤਾਇਨਾਤ ਰਹਿੰਦੇ ਮਾਰਸ਼ਲਾਂ ਦੀ ਇਸ ਬਾਰੇ ਬਹੁਤ ਪੁਰਾਣੀ ਮੰਗ ਉੱਤੇ ਅਜਿਹਾ ਕੀਤਾ ਗਿਆ ਸੀ।

## ਭੈਣ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਭਰਾ ਵੱਲੋਂ ਗੋਲੀ ਮਾਰ ਕੇ ਖੁਦਕੁਸ਼ੀ

ਚਰਖੀ ਦਾਦਰੀ, 19 ਨਵੰਬਰ (ਪੋਸਟ ਬਿਊਰੋ)- ਪਿੰਡ ਝੋਝੂ ਕਲਾਂ ਵਿੱਚ ਪਰਚੂਨ ਦੀ ਦੁਕਾਨ ਕਰਦੇ ਇੱਕ ਵਿਅਕਤੀ ਨੇ ਗੈਰ ਕਾਨੂੰਨੀ ਰਿਵਾਲਵਰ ਨਾਲ ਗੋਲੀ ਮਾਰ ਕੇ ਸੁਸਾਈਡ ਕਰ ਲਿਆ। ਪਰਵਾਰ ਦੇ ਅਨੁਸਾਰ ਦੁਕਾਨਦਾਰ ਡਿਪ੍ਰੈਸ਼ਨ ਵਿੱਚ ਸ਼ਰਾਬ ਦਾ ਆਦੀ ਹੋ ਚੁੱਕਾ ਸੀ। ਮਰਨ ਤੋਂ ਪਹਿਲਾਂ ਵੀ ਉਸ ਨੇ ਸ਼ਰਾਬ ਪੀਤੀ ਹੋਈ ਸੀ। ਪੁਲਸ ਨੇ ਮ੍ਰਿਤਕ ਉੱਤੇ ਆਰਜ਼ਮ ਐਕਟ ਦਾ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਿੰਡ ਝੋਝੂ ਕਲਾਂ ਦੇ ਰਾਮਨਿਵਾਸ ਦੇ ਮੁਤਾਬਕ ਉਸ ਦੇ ਇਕਲੌਤੇ ਬੇਟੇ 33 ਸਾਲਾ ਪ੍ਰਦੀਪ ਦਾ ਵਿਆਹ 10 ਸਾਲ ਪਹਿਲਾਂ ਹੋਇਆ ਸੀ, ਪਰ ਅਜੇ ਤੱਕ ਬੱਚੇ ਨਹੀਂ ਹੋਏ ਸਨ। ਇਸੇ ਕਾਰਨ ਉਹ ਡਿਪ੍ਰੈਸ਼ਨ ਵਿੱਚ ਸੀ ਅਤੇ ਜ਼ਿਆਦਾ ਸਮਾਂ ਸ਼ਰਾਬ ਹੀ ਪੀਂਦਾ ਰਹਿੰਦਾ ਸੀ। ਐਤਵਾਰ ਨੂੰ ਪ੍ਰਦੀਪ ਨੇ ਆਪਣੇ ਕਮਰੇ ਵਿੱਚ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਪ੍ਰਦੀਪ ਦੇ ਘਰ 19 ਨਵੰਬਰ ਨੂੰ ਛੋਟੀ ਭੈਣ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ, ਪਰ ਭੈਣ ਦੀ ਡੋਲੀ ਤੁਰਨ ਤੋਂ ਪਹਿਲਾਂ ਹੀ ਪ੍ਰਦੀਪ ਦੀ ਅਰਥੀ ਉਠਾਉਣੀ ਪੈ ਗਈ।

## ਬੈਂਕ ਨੇ ਦੋ ਗ੍ਰਾਹਕਾਂ ਨੂੰ ਇੱਕੋ ਖਾਤਾ ਨੰਬਰ ਜਾਰੀ ਕਰ ਦਿੱਤਾ

### * ਇੱਕ ਨੇ ਰੁਪਏ ਜਮ੍ਹਾ ਕਰਾਏ, ਦੂਸਰਾ ਕੱਢਵਾ ਗਿਆ

ਭਿੰਡ, 19 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਭਿੰਡ ਜ਼ਿਲੇ ਵਿੱਚ ਸਟੇਟ ਬੈਂਕ ਆਫ ਇੰਡੀਆ (ਐੱਸ ਬੀ ਆਈ) ਦੀ ਆਲਮਪੁਰ ਬ੍ਰਾਂਚ ਵਿੱਚ ਅਨੋਖਾ ਕੇਸ ਸਾਹਮਣੇ ਆਇਆ ਹੈ। ਇਥੇ ਦੋ ਵੱਖ-ਵੱਖ ਗ੍ਰਾਹਕਾਂ ਨੂੰ ਇੱਕੋ ਖਾਤਾ ਨੰਬਰ ਜਾਰੀ ਕਰ ਦਿੱਤਾ ਗਿਆ। ਬੈਂਕ ਤੋਂ ਜਾਰੀ ਪਾਸਬੁਕ ਵਿੱਚ ਗ੍ਰਾਹਕ ਨੰਬਰ ਵੀ ਇੱਕੋ ਹੈ। ਅਜਿਹੇ ਵਿੱਚ ਇੱਕ ਗ੍ਰਾਹਕ ਖਾਤੇ ਵਿੱਚ ਪੈਸੇ ਜਮ੍ਹਾ ਕਰਦਾ ਰਿਹਾ, ਦੂਸਰਾ ਗ੍ਰਾਹਕ ਉਸ ਨੂੰ ਕਢਵਾਉਂਦਾ ਰਿਹਾ ਅਤੇ ਛੇ ਮਹੀਨੇ ਵਿੱਚ 89 ਹਜ਼ਾਰ ਰੁਪਏ ਖਾਤੇ ਤੋਂ ਕਢਵਾ ਲਏ। ਬਾਅਦ ਵਿੱਚ ਗ੍ਰਾਹਕ ਨੇ ਬੈਂਕ ਮੈਨੇਜਰ ਨੂੰ ਸ਼ਿਕਾਇਤ ਕੀਤੀ।

ਆਲਮਪੁਰ ਦੇ ਰੂਰਈ ਪਿੰਡ ਦੇ ਵਸਨੀਕ ਹੁਕਮ ਸਿੰਘ ਕੁਸ਼ਵਾਹਾ ਪੁੱਤਰ ਹਰਵਿਲਾਸ ਕੁਸ਼ਵਾਹਾ ਹਰਿਆਣਾ ਵਿੱਚ ਕੰਮ ਕਰਦੇ ਹਨ। ਉਨ੍ਹਾ ਦਾ ਖਾਤਾ ਆਲਮਪੁਰ ਦੀ ਐੱਸ ਬੀ ਆਈ ਬ੍ਰਾਂਚ ਵਿੱਚ ਹੈ। ਬੈਂਕ ਨੇ ਉਨ੍ਹਾਂ ਨੂੰ 12 ਨਵੰਬਰ 2018 ਨੂੰ ਪਾਸਬੁਕ ਜਾਰੀ ਕੀਤੀ ਸੀ। ਖਾਤਾ ਖੁੱਲ੍ਹਵਾਉਣ ਦੇ ਬਾਅਦ ਹੁਕਮ ਸਿੰਘ ਹਰਿਆਣਾ ਚਲੇ ਗਏ। ਉਹ ਉਥੋਂ ਆਪਣੇ ਖਾਤੇ ਵਿੱਚ ਰੁਪਏ ਜਮ੍ਹਾ ਕਰਾਉਂਦੇ ਰਹੇ। ਜਦ ਹਰਿਆਣਾ ਤੋਂ ਆ ਕੇ 16 ਅਕਤੂਬਰ ਨੂੰ ਆਪਣੇ ਖਾਤੇ 'ਚੋਂ ਰੁਪਏ ਕਢਵਾਉਣ ਬੈਂਕ ਗਏ ਤਾਂ ਉਸ ਵਿੱਚ ਸਿਰਫ 35 ਹਜ਼ਾਰ ਰੁਪਏ ਸਨ। ਖਾਤੇ 'ਚੋਂ ਸੱਤ ਦਸੰਬਰ 2018 ਤੋਂ ਸੱਤ ਮਈ 2019 ਦੌਰਾਨ ਵੱਖ-ਵੱਖ ਤਰੀਕਾਂ ਵਿੱਚ 89 ਹਜ਼ਾਰ ਰੁਪਏ ਕਢਵਾਏ ਗਏ ਸਨ। ਉਨ੍ਹਾਂ ਨੇ ਬੈਂਕ ਮੈਨੇਜਰ ਰਾਜੇਸ਼ ਸੋਨਕਰ ਨੂੰ ਸ਼ਿਕਾਇਤ ਕੀਤੀ। ਪੜਤਾਲ ਹੋਈ ਤਾਂ ਪਤਾ ਲੱਗਾ ਕਿ ਹੁਕਮ ਸਿੰਘ ਨੂੰ ਬੈਂਕ ਨੇ ਜੋ ਗ੍ਰਾਹਕ ਨੰਬਰ ਤੇ ਖਾਤਾ ਨੰਬਰ ਜਾਰੀ ਕੀਤਾ ਸੀ, ਉਹ ਰੌਨੀ ਪਿੰਡ ਦੇ ਹੁਕਮ ਸਿੰਘ ਬਘੇਲ ਨੂੰ ਵੀ ਜਾਰੀ ਕੀਤਾ ਹੈ। ਬਘੇਲ ਨੂੰ ਬੈਂਕ ਵੱਲੋਂ 23 ਮਈ 2016 ਨੂੰ ਪਾਸਬੁਕ ਮਿਲੀ ਹੋਈ ਸੀ। ਮੈਨੇਜਰ ਨੇ ਬਘੇਲ ਨੂੰ ਬੁਲ-ਾਇਆ ਤਾਂ ਉਸ ਨੇ ਕਿਹਾ ਕਿ ਤਿੰਨ ਕਿਸ਼ਤਾਂ ਵਿੱਚ ਪੂਰਾ ਪੈਸਾ ਮੋੜ ਦੇਣਗੇ।

ਦੂਜੇ ਪਾਸੇ ਬੈਂਕ ਮੈਨੇਜਰ ਰਾਜੇਸ਼ ਸੋਨਕਰ ਨੇ ਕਿਹਾ ਕਿ ਲੋੜ ਪਈ ਤਾਂ ਥਾਣੇ ਵਿੱਚ ਸ਼ਿਕਾਇਤ ਦਰਜ ਕਰਾਈ ਜਾਏਗੀ, ਪਰ ਸਹੀ ਗ੍ਰਾਹਕ ਨੂੰ ਉਸ ਦੀ ਰਕਮ ਵਾਪਸ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



# ਸ੍ਰੀਲੰਕਾ ਦੇ ਸੱਤਵੇਂ ਰਾਸ਼ਟਰਪਤੀ ਗੋਤਬਾਯਾ ਰਾਜਪਕਸ਼ੇ ਬਣੇ



ਕੋਲੰਬੋ, 19 ਨਵੰਬਰ (ਪੋਸਟ ਬਿਊਰੋ)- ਦੇਸ਼ ਦੇ ਸਾਬਕਾ ਰੱਖਿਆ ਮੰਤਰੀ ਗੋਤਬਾਯਾ ਰਾਜਪਕਸ਼ੇ ਨੇ ਕੱਲ੍ਹ ਸ੍ਰੀਲੰਕਾ ਦੇ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕ ਲਈ। ਚੀਫ ਜਸਟਿਸ ਜਯੰਤ ਜੈਸੂਰੀਆ ਨੇ ਤੈਅ ਮਹੂਰਤ ਅਨੁਸਾਰ 11 ਵੱਜ ਕੇ 49 ਮਿੰਟ ਉੱਤੇ ਉਨ੍ਹਾਂ ਨੂੰ ਸਹੁੰ ਚੁਕਾਈ। ਰਾਸ਼ਟਰਪਤੀ ਗੋਤਯਾਬਾ ਦਾ ਸਹੁੰ ਚੁੱਕ ਸਮਾਗਮ ਪੁਰਾਤਨ ਸ਼ਹਿਰ ਅਨੁਰਾਧਾਪੁਰ ਦੇ ਇਤਿਹਾਸਕ ਬੋਧੀ ਮੱਠ ਰੂਵਨਵੇਲੀਸਿਆ ਵਿੱਚ ਕਰਵਾਇਆ ਗਿਆ। ਉਹ ਪਹਿਲੇ ਰਾਸ਼ਟਰਪਤੀ ਹਨ ਜਿਨ੍ਹਾਂ ਨੇ ਰਾਜਧਾਨੀ ਕੋਲੰਬੋ ਤੋਂ ਬਾਹਰ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕੀ ਹੈ।

ਇਸ ਦੌਰਾਨ ਮੰਨਿਆ ਜਾ ਰਿਹਾ ਹੈ ਕਿ ਰਾਸ਼ਟਰਪਤੀ ਗੋਤਯਾਬਾ ਜਲਦੀ ਹੀ ਆਪਣੇ ਵੱਡੇ ਭਰਾ ਅਤੇ ਇਸ ਦੇਸ਼ ਦੇ ਸਾਬਕਾ ਰਾਸ਼ਟਰਪਤੀ ਮਹਿੰਦਾ ਰਾਜਪਕਸ਼ੇ ਨੂੰ ਪ੍ਰਧਾਨ ਮੰਤਰੀ ਬਣਾ ਸਕਦੇ ਹਨ। ਸ੍ਰੀਲੰਕਾ ਪੋਦੂਜਨਾ ਪੈਰਾਮੁਨਾ (ਐਸ ਐਲ ਪੀ ਪੀ) ਦੇ ਉਮੀਦਵਾਰ ਗੋਤਬਾਯਾ ਨੂੰ ਇੱਕ ਦਿਨ ਪਹਿਲਾਂ ਹੋਈ ਚੋਣ ਵਿੱਚ 52.52 ਫੀਸਦੀ ਵੋਟ ਮਿਲੇ ਸਨ। ਉਨ੍ਹਾਂ ਨੇ ਬਹੁ-ਗਿਣਤੀ ਸਿਨਹਾਲੀ ਵਸੋਂ ਵਾਲੇ ਇਲਾਕਿਆਂ ਵਿੱਚ ਬੇਸ਼ੱਕ ਇਕਤਰਫਾ ਜਿੱਤ ਦਰਜ ਕੀਤੀ ਹੈ ਪ੍ਰੰਤੂ 25 ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿੱਚੋਂ 16 ਵਿੱਚ ਜਿੱਤਣ ਵਾਲੇ ਗੋਤਬਾਯਾ ਨੂੰ ਤਾਮਿਲ ਤੇ ਮੁਸਲਿਮ ਬਹੁਲਤਾ ਵਾਲੇ ਉਤਰੀ ਅਤੇ ਪੂਰਬੀ ਰਾਜਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਵੱਡੇ ਭਰਾ ਮਹਿੰਦਾ ਦੇ ਰਾਸ਼ਟਰਪਤੀ ਚੁਣੇ ਜਾਣ ਪਿੱਛੋਂ ਗੋਤਬਾਯਾ ਨੂੰ ਨਵੰਬਰ, 2005 ਵਿੱਚ ਰੱਖਿਆ ਮੰਤਰੀ ਨਿਯੁਕਤ ਕੀਤਾ ਗਿਆ ਸੀ।

# ਆਰਕਟਿਕ ਮਹਾਸਾਗਰ ਦੀ ਬਰਫ 2067 ਤੱਕ ਖਤਮ ਹੋ ਜਾਵੇਗੀ



ਲਾਸ ਏਂਜਲਸ, 19 ਨਵੰਬਰ (ਪੋਸਟ ਬਿਊਰੋ)- ਇੱਕ ਅਧਿਐਨ ਮੁਤਾਬਕ ਮਨੁੱਖ ਵੱਲੋਂ ਪੈਦਾ ਕੀਤੀ ਗਈ ਪੌਣ-ਪਾਣੀ ਦੀ ਤਬਦੀਲੀ ਦੀ ਸਮੱਸਿਆ ਦੇ ਕਾਰਨ 2044 ਤੋਂ 2067 ਦੌਰਾਨ ਆਰਕਟਿਕ ਮਹਾਸਾਗਰ 'ਚ ਮੌਜੂਦ ਬਰਫ ਖਤਮ ਹੋ ਜਾਵੇਗੀ। ਲਾਸ ਏਂਜਲਸ ਸਥਿਤ ਕੈਲੀਫੋਰਨੀਆ ਯੂਨੀਵਰਸਿਟੀ ਦੇ ਸ਼ੋਧਕਾਰਾਂ ਨੇ ਇਸ ਦੇ ਨਾਲ ਇਹ ਕਿਹਾ ਹੈ ਕਿ ਜਦੋਂ ਤੱਕ ਮਨੁੱਖ ਪ੍ਰਿਥਵੀ ਉੱਤੇ ਮੌਜੂਦ ਹੈ ਉਦੋਂ ਤੱਕ ਆਰਕਟਿਕ ਖੇਤਰ ਉੱਤੇ ਬਰਫ ਵੀ ਰਹੇਗੀ। ਸਰਦੀਆਂ ਵਿੱਚ ਜਿੱਥੇ ਇਸ ਬਰਫ ਦਾ ਖੇਤਰਫਲ ਵਧੇਗਾ ਉਥੇ ਗਰਮੀਆਂ 'ਚ ਘੱਟ ਹੋਵੇਗਾ।

ਉਪ ਗ੍ਰਹਿ ਦੇ ਅਧਿਐਨ ਦੱਸਦੇ ਹਨ ਕਿ ਸਤੰਬਰ ਦੌਰਾਨ ਜਦੋਂ ਆਰਕਟਿਕ ਮਹਾਸਾਗਰ 'ਚ ਸਭ ਤੋਂ ਵੱਧ ਬਰਫ ਹੁੰਦੀ ਹੈ, ਉਸ ਵਿੱਚ ਹਰ ਦਹਾਕੇ ਵਿੱਚ 13 ਫੀਸਦੀ ਦੀ ਗਿਰਾਵਟ ਦੇਖੀ ਜਾ ਰਹੀ ਹੈ। ਇਹ ਸਿਲਸਿਲਾ ਸਾਲ 1979 ਤੋਂ ਚੱਲ ਰਿਹਾ ਹੈ। ਪੌਣ-ਪਾਣੀ ਤਬਦੀਲੀ ਦੇ ਸਮੁੱਚੇ ਅੰਕੜਿਆਂ ਉਤੇ ਭਰੋਸਾ ਕਰਨ ਵਾਲੇ ਵਿਗਿਆਨੀ ਕਈ ਦਹਾਕਿਆਂ ਤੋਂ ਆਰਕਟਿਕ ਦੀ ਬਰਫ ਪਿਘਲਣ ਬਾਰੇ ਭੱਵਿਖਬਾਣੀ ਕਰ ਰਹੇ ਹਨ ਪਰ ਨੇਚਰ ਕਲਾਈਮੇਂਟ ਚੇਂਜ ਨਾਂ ਦੀ ਪੱਤ੍ਰਿਕਾ ਵਿੱਚ ਛਪੇ ਲੇਖ ਉਨ੍ਹਾਂ ਦੇ ਅਧਿਐਨ ਦੇ ਪ੍ਰਕਾਰ ਬਾਰੇ ਸਹਿਮਤ ਨਹੀਂ। ਕੁਝ ਵਿਗਿਆਨੀਆਂ ਦਾ ਇਹ ਮੰਨਣਾ ਹੈ ਕਿ 2026 ਤੱਕ ਸਤੰਬਰ 'ਚ ਆਰਕਟਿਕ ਮਹਾਸਾਗਰ 'ਚ ਬਿਲਕੁਲ ਬਰਫ ਨਹੀਂ ਰਿਹਾ ਕਰੇਗੀ। ਉਧਰ ਕੁਝ ਹੋਰ ਵਿਗਿਆਨੀਆਂ ਦਾ ਇਹ ਕਹਿਣਾ ਹੈ ਕਿ ਇਹ ਸਥਿਤੀ 2132 ਤੱਕ ਆਵੇਗੀ।

ਕੈਲੀਫੋਰਨੀਆ ਯੂਨੀਵਰਸਿਟੀ 'ਚ ਸਹਾਇਕ ਖੋਜੀ ਤੇ ਇਸ ਖੋਜ ਦੇ ਮੁੱਖ ਲੇਖਕ ਚੈਡ ਠਾਕਰੇ ਦਾ ਕਹਿਣਾ ਹੈ ਕਿ ਆਈਸ-ਸੀ ਐਲਬੇਡੋ ਫੀਡਬੈਕ ਨੂੰ ਸਮਝਣ ਵਿੱਚ ਹੋਈ ਗਲਤੀ ਨਾਲ ਮਹਾਸਾਗਰ 'ਚ ਜੰਮੀ ਬਰਫ ਦੇ ਪਿਘਲਣ ਬਾਰੇ ਵੱਖ-ਵੱਖ ਵਿਚਾਰ ਸਾਹਮਣੇ ਆਈਸ-ਸੀ ਐਲਬੇਡੋ ਫੀਡਬੈਕ ਨੂੰ ਸਮਝਣ 'ਚ ਹੋਈ ਗਲਤੀ ਕਾਰਨ ਮਹਾਸਾਗਰ 'ਚ ਜੰਮੀ ਬਰਫ ਦੇ ਪਿਘਲਣ ਉਤੇ ਵੱਖ-ਵੱਖ ਵਿਚਾਰ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰਕਿਰਿਆ ਉਦੋਂ ਹੁੰਦੀ ਹੈ ਜਦੋਂ ਮਹਾਸਾਗਰ ਵਿੱਚ ਜੰਮੀ ਬਰਫ ਦਾ ਇੱਕ ਟੁਕੜਾ ਪੂਰੀ ਤਰ੍ਹਾਂ ਪਿਘਲ ਜਾਂਦਾ ਹੈ ਜਿਸ ਦੇ ਚੱਲਦਿਆਂ ਸਮੁੰਦਰ ਦੀ ਜਲ ਸਤ੍ਹ ਦੇ ਸਿੱਧੇ ਸੰਪਰਕ ਵਿੱਚ ਆ ਜਾਂਦੀ ਅਤੇ ਵੱਧ ਚਾਨਣ ਦੇਣ ਲੱਗਦੀ ਹੈ। ਖੋਜੀਆਂ ਨੇ ਕਿਹਾ ਸੂਰਜ ਦੇ ਪ੍ਰਕਾਸ਼ ਦੀ ਤਬਦੀਲੀ ਜਾਂ ਐਲਬੇਡ ਵਿੱਚ ਤਬਦੀਲੀ ਨਾਲ ਸਥਾਨਕ ਵਾਰਮਿੰਗ ਜ਼ਿਆਦਾ ਹੁੰਦੀ ਹੈ ਜਿਸ ਨਾਲ ਬਰਫ ਪਿਘਲਦੀ ਹੈ।

# ਟਿਕਟਾਕ 'ਤੇ ਪਾਬੰਦੀ ਦੀ ਮੰਗ ਮੁੰਬਈ ਹਾਈ ਕੋਰਟ ਪਹੁੰਚੀ



ਮੁੰਬਈ, 19 ਨਵੰਬਰ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਵਿੱਚ ਜਨਹਿਤ ਅਰਜ਼ੀ ਪੇਸ਼ ਕਰ ਕੇ ਵੀਡੀਓ ਐਪ ਟਿਕਟਾਕ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਸ ਐਪ ਉਤੇ ਬੇਰੋਕ-ਟੋਕ ਅਸ਼ਲੀਲ ਮੈਟਰ ਅਪਲੋਡ ਕੀਤਾ ਜਾਂਦਾ ਹੈ ਅਤੇ ਦੇਸ਼ ਦੇ ਨੌਜਵਾਨਾਂ ਦੇ ਨੁਕਸਾਨ ਪੁਚਾ ਰਿਹਾ ਹੈ।

ਤਿੰਨ ਬੱਚਿਆਂ ਦੀ ਮਾਂ ਹਿਨਾ ਦਰਵੇਸ਼ ਨੇ 11 ਨਵੰਬਰ ਨੂੰ ਅਰਜ਼ੀ ਪੇਸ਼ ਕੀਤੀ ਸੀ। ਉਹ ਮੁੰਬਈ ਦੀ ਰਹਿਣ ਵਾਲੀ ਹੈ। ਅਰਜ਼ੀ ਦੀਆਂ ਕਾਪੀਆਂ ਕੱਲ੍ਹ ਦੂਸਰੀ ਧਿਰ ਨੂੰ ਦਿੱਤੀਆਂ ਗਈਆਂ। ਅਰਜ਼ੀ ਕਰਤਾ ਨੇ ਦਾਅਵਾ ਕੀਤਾ ਕਿ ਟਿਕਟਾਕ ਦੇ ਕਾਰਨ ਅਪਰਾਧਕ ਘਟਨਾਵਾਂ ਹੋਈਆਂ ਹਨ। ਕੁਝ ਕੇਸਾਂ ਵਿੱਚ ਕਤਲ ਵੀ ਹੋਏ। ਕਾਮੇਡੀ ਜਾ ਸੰਗੀਤ ਦੇ ਛੋਟੇ-ਛੋਟੇ ਵੀਡੀਓ ਬਣਾ ਕੇ ਟਿਕਟਾਕ ਉੱਤੇ ਅਪਲੋਡ ਕੀਤੇ ਜਾਂਦੇ ਜਾ ਸਾਂਝੇ ਕੀਤੇ ਜਾਂਦੇ ਹਨ। ਦਰਵੇਸ਼ ਨੇ ਪਿਛਲੇ ਸਾਲ ਮਦਰਾਸ ਹਾਈ ਕੋਰਟ ਵਿੱਚ ਇਸ ਤਰ੍ਹਾਂ ਦੀ ਅਰਜ਼ੀ ਦਾਇਰ ਕਰ ਅਸ਼ਲੀਲ ਮੈਟਰ ਦੇ ਲਈ ਐਪ 'ਤੇ ਪਾਬੰਦੀ ਦੀ ਮੰਗ ਕੀਤੀ ਸੀ। ਅਗਲੇ ਹਫਤੇ ਇੱਕ ਡਵੀਜ਼ਨ ਬੈਂਚ ਦੇ ਸਾਹਮਣੇ ਇਸ ਅਰਜ਼ੀ ਉੱਤੇ ਸੁਣਵਾਈ ਹੋਣ ਦੀ ਉਮੀਦ ਹੈ।

# ਮਾਲਵਾ ਪੱਟੀ ਦੇ ਕੈਂਸਰ ਬਾਰੇ ਡਾਕੂਮੈਂਟਰੀ ਬਣਾਉਣ ਵਾਲੇ ਡੈਨਿਸ਼ ਪੱਤਰਕਾਰ ਦਾ ਕੀਤਾ ਸਨਮਾਨ

ਕੋਪਨਹੈਗਨ, 19 ਨਵੰਬਰ (ਪੋਸਟ ਬਿਊਰੋ)- ਡੈਨਮਾਰਕ ਦੇ ਕੋਪਨਹੈਗਨ ਵਿਚਲੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਡੈਨਿਸ਼ ਪੱਤਰਕਾਰ ਟੌਮ ਹਾਇਨਮੈਨ ਦਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਵੱਲੋਂ ਪੰਜਾਬ 'ਚ ਕਪਾਹ ਪੱਟੀ 'ਚ ਫੈਲੇ ਕੈਂਸਰ ਦੇ ਮੁੱਖ ਕਾਰਨਾਂ ਸਬੰਧੀ ਇੱਕ ਤੱਥ ਅਧਾਰਤ ਫਿਲਮ 'ਏ ਕਿਲਰ ਬਾਰਗੇਨ' ਬਣਾਉਣ ਲਈ ਉਚੇਚਾ ਸਨਮਾਨ ਕੀਤਾ ਹੈ।

ਇਸ ਮੌਕੇ ਬੋਲਦਿਆਂ ਟੌਮ ਹਾਇਨਮੈਨ ਨੇ ਕਿਹਾ ਕਿ ਉਨ੍ਹਾਂ ਨੇ ਸੱਚਾਈ ਦਿਖਾਈ ਹੈ ਕਿ ਡੈਨਮਾਰਕ ਦੀ ਕੈਮੀਨੋਵਾ ਕੰਪਨੀ ਦੀਆਂ ਯੂਰਪ ਵਿੱਚ 1990 ਤੋਂ ਪਾਬੰਦੀ ਸ਼ੁਦਾ ਕਪਾਹ, ਨਰਮਾ ਆਦਿ 'ਤੇ ਵਰਤੀਆਂ ਜਾਂਦੀਆਂ ਸਪਰੇਆਂ ਨੂੰ ਭਾਰਤ ਵਿੱਚ ਕਿਵੇਂ ਅੱਖਾਂ ਮੀਚ ਕੇ ਖੁੱਲ੍ਹ ਦਿੱਤੀ ਗਈ ਹੈ, ਜਿਸ ਕਾਰਨ ਪਹਿਲਾਂ ਉਨ੍ਹਾਂ ਦੇ ਫਿਲਮ ਬਣਾਉਣ ਤੋਂ ਬਾਅਦ ਭਾਰਤ 'ਚ ਦਾਖਲਾ ਹੀ ਬੰਦ ਕਰ ਦਿੱਤਾ ਗਿਆ, ਜੋ ਅਜੇ ਤੱਕ ਜਾਰੀ ਹੈ। ਟੌਮ ਨੇ ਕਿਹਾ ਕਿ ਸਮਝ ਨਹੀਂ ਆ ਰਹੀ ਕਿ ਡੈਨਮਾਰਕ ਦੀ ਆਰਹੂਸ ਯੂਨੀਵਰਸਿਟੀ, ਜਿਸ ਦੇ ਕੈਮੀਨੋਵਾ ਵਿੱਚ ਸ਼ੇਅਰ ਸਨ, ਅਜਿਹੀਆਂ ਇਨਸਾਨ ਤੇ ਕੁਦਰਤ ਮਾਰੂ ਜ਼ਹਿਰਾਂ, ਜਿਨ੍ਹਾਂ ਬਾਰੇ 1990 ਤੋਂ ਪੂਰੀ ਦੁਨੀਆਂ ਅਤੇ ਸੰਸਾਰ ਸਿਹਤ ਸੰਸਥਾ ਤੱਕ ਨੂੰ ਪਤਾ ਸੀ ਤੇ ਯੂਰਪ 'ਚ ਸਖਤ ਮਨ੍ਹਾਂ ਸਨ, ਭਾਰਤ 'ਚ ਕਿਵੇਂ ਵੇਚਦੀ ਰਹੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਤਨੀ ਉਕਤ ਫਿਲਮ 'ਤੇ ਕੰਮ ਦੌਰਾਨ ਪੰਜਾਬ ਦੇ ਕਪਾਹ ਦੀ ਪੱਟੀ 'ਚ ਇੱਕ ਕੇਵਲ 10 ਕੁ ਸਾਲ ਦੇ ਬੱਚੇ ਨੂੰ ਦੇਖ ਕੇ ਧੁਰ ਅੰਦਰੋਂ ਝੰਜੜੀ ਗਈ, ਕਿਉਂਕਿ ਉਸ ਬੱਚੇ ਦੀ ਅੱਖ ਕੈਂਸਰ ਨਾਲ ਗਲ਼ ਗਈ ਸੀ ਤੇ ਇੱਕ ਅਜਿਹੇ ਬੱਚੇ ਦੇ ਚਿੱਟੇ ਵਾਲ ਆ ਰਹੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਵੱਖ-ਵੱਖ ਤਰ੍ਹਾਂ ਦੇ ਕੈਮੀਕਲ ਦੇ ਕਾਰਨ ਹੋ ਸਕਦਾ ਹੈ ਤੇ ਉਨ੍ਹਾਂ ਦੀ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਨੇ ਉਕਤ ਇਲਾਕੇ ਦੇ ਧਰਤੀ ਹੇਠਲੇ ਪਾਣੀ ਦੀ ਸਹੀ ਜਾਂਚ ਨਹੀਂ ਕਰਵਾਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਭਾਰਤ ਦਾ ਵੀਜ਼ਾ ਲੈਣ ਦੀ ਬੇਨਤੀ ਉਤੇ ਆਪਣਾ ਪਾਸਪੋਰਟ ਕੱਟ ਕੇ ਸੁੱਟਣਾ ਪੈਂਦਾ ਹੈ, ਕਿਉਂਕਿ ਭਾਰਤ ਦੇ ਵਿਦੇਸ਼ ਮੰਤਰਾਲੇ ਦੀ ਹਦਾਇਤ ਉਤੇ ਕੋਪਨਹੈਗਨ ਮਿਸ਼ਨ ਵਾਰ-ਵਾਰ ਉਸ ਦੀ 'ਵੀਜ਼ਾ ਅਰਜ਼ੀ ਫੇਲਡ' ਦੀ ਮੋਹਰ ਉਸ ਦੇ ਡੈਨਿਸ਼ ਪਾਸਪੋਰਟ 'ਚ ਲਾ ਦਿੰਦੀ ਹੈ ਅਤੇ ਇਸ ਕਾਰਨ ਉਸਨੂੰ ਦੁਨੀਆ ਦੇ ਹੋਰ ਦੇਸ਼ਾਂ 'ਚ ਵੀ ਦਾਖਲਾ ਮਿਲਣ 'ਚ ਮੁਸ਼ਕਲ ਦਾ ਤੌਖਲਾ ਪੈਦਾ ਹੋ ਜਾਂਦਾ ਹੈ।

# ਇੰਦਰਾ ਨੂਈ ਦਾ ਪੋਰਟਰੇਟ ਅਮਰੀਕਾ ਦੀ ਸਮਿੱਥਸੋਨੀਅਨ ਗੈਲਰੀ 'ਚ ਸ਼ਾਮਲ



ਵਾਸ਼ਿੰਗਟਨ, 19 ਨਵੰਬਰ (ਪੋਸਟ ਬਿਊਰੋ)- ਪੈਪਸਿਕੋ ਦੀ ਸਾਬਕਾ ਮੁੱਖੀ ਅਤੇ ਭਾਰਤ-ਅਮਰੀਕੀ ਇੰਦਰਾ ਨੂਈ ਅਤੇ ਐਮੇਜ਼ੋਨ ਦੇ ਸੀ ਈ ਓ ਜੈਫ ਬੋਜ਼ੋਸ ਦੇ ਚਿੱਤਰਾਂ ਨੂੰ ਮਸ਼ਹੂਰ ਸਮਿੱਥਸੋਨੀਅਨ ਨੈਸ਼ਨਲ ਪੋਰਟਰੇਟ ਗੈਲਰੀ 'ਚ ਸ਼ਾਮਲ ਕਰ ਲਿਆ ਗਿਆ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਅਮਰੀਕਾ ਦੇ ਇਤਿਹਾਸ, ਵਿਕਾਸ ਅਤੇ ਸੱਭਿਆਚਾਰ 'ਚ ਅਹਿਮ ਯੋਗਦਾਨ ਪਾਉਣ ਲਈ ਦੋਵਾਂ ਨੂੰ ਇਹ ਸਨਮਾਨ ਦਿੱਤਾ ਗਿਆ ਹੈ। ਵਿਜ਼ੂਅਲ, ਪਰਫਾਰਮਿੰਗ ਆਰਟ ਅਤੇ ਨਿਊ ਮੀਡੀਆ ਰਾਹੀਂ ਪੋਰਟਰੇਟ ਗੈਲਰੀ 'ਚ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਦਰਸਾਇਆ ਗਿਆ ਹੈ।

ਇੰਦਰਾ ਨੂਈ ਨੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਸ ਤੋਂ ਪਤਾ ਲਗਦਾ ਹੈ ਕਿ ਅਮਰੀਕਾ ਉਨ੍ਹਾਂ ਲੋਕਾਂ ਦੀ ਕਦਰ ਕਰਦਾ ਹੈ ਜੋ ਸਕਾਰਾਤਮਕ ਪ੍ਰਭਾਵ ਛੱਡਦੇ ਹਨ ਅਤੇ ਦੇਸ਼ ਨੂੰ ਅੱਗੇ ਲੈ ਕੇ ਜਾਂਦੇ ਹਨ। ਗੈਲਰੀ ਵਿੱਚ 23 ਹਜ਼ਾਰ ਪੋਰਟਰੇਟ ਹਨ ਤੇ ਹਰ ਸਾਲ 150 ਤੋਂ 200 ਹੋਰ ਜੁੜ ਜਾਂਦੇ ਹਨ। ਨੂਈ ਦੇ ਪੋਰਟਰੇਟ ਨੂੰ ਕਲਾਕਾਰ ਜੋਨ ਫਰਾਈਡਮੈਨ ਨੇ ਤਿਆਰ ਕੀਤਾ ਹੈ।

# ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਵਿੱਚ ਚੀਨ ਤੋਂ ਪਿੱਛੋਂ ਭਾਰਤ ਦੂਜੇ ਨੰਬਰ ਉੱਤੇ




ਵਾਸ਼ਿੰਗਟਨ, 19 ਨਵੰਬਰ (ਪੋਸਟ ਬਿਊਰੋ)- ਸਾਲ 2018-19 ਵਿੱਚ ਦੋ ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਅਮਰੀਕਾ ਗਏ ਹਨ, ਪਰ ਚੀਨ ਲਗਾਤਾਰ ਦਸਵੇਂ ਸਾਲ ਵੀ ਸਭ ਤੋਂ ਵੱਧ ਵਿਦਿਆਰਥੀ ਭੇਜਣ ਵਾਲਾ ਦੇਸ਼ ਬਣਿਆ ਹੈ।

ਕੱਲ੍ਹ ਜਾਰੀ ਕੀਤੀ ਗਈ ਰਿਪੋਰਟ-2019 ਓਪਨ ਡੋਰਜ਼ ਰਿਪੋਰਟ ਆਨ ਇੰਟਰਨੈਸ਼ਨਲ ਐਜੂਕੇਸ਼ਨ ਐਕਸਚੇਂਜ ਦੇ ਅੰਕੜਿਆਂ ਮੁਤਾਬਕ ਅਮਰੀਕਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਅਕਾਦਮਿਕ ਸਾਲ 2018-19 ਵਿੱਚ ਸਭ ਤੋਂ ਵੱਧ ਰਹੀ ਹੈ। ਇਹ ਲਗਾਤਾਰ ਚੌਥਾ ਸਾਲ ਹੈ, ਜਦੋਂ 10 ਲੱਖ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਅਮਰੀਕਾ ਵਿੱਚ ਗਏ ਹਨ। ਅਮਰੀਕੀ ਵਪਾਰ ਵਿਭਾਗ ਦੇ ਅੰਕੜਿਆਂ ਦੇ ਮੁਤਾਬਕ ਸਾਲ 2018 ਵਿੱਚ ਅਮਰੀਕਾ ਸਰਕਾਰ ਦੇ ਅਰਥਚਾਰੇ ਵਿੱਚ ਵਿਦੇਸ਼ੀ ਵਿਦਿਆਰਥੀਆਂ ਦਾ ਯੋਗਦਾਨ 44.7 ਅਰਬ ਡਾਲਰ ਸੀ, ਜੋ ਪਿਛਲੇ ਸਾਲ ਦੇ ਮੁਕਾਬਲੇ 5.5 ਫੀਸਦੀ ਵੱਧ ਹੈ। ਸਾਲ 2018-19 ਵਿੱਚ ਚੀਨ 3,69,548 ਵਿਦਿਆਰਥੀਆਂ ਨਾਲ ਲਗਾਤਾਰ ਦਸਵੇਂ ਸਾਲ ਅਮਰੀਕਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਬਣਿਆ ਹੋਇਆ ਹੈ।






# ਬਹੁਤੇ ਪੋਰਨ ਦੇਖਣ ਵਾਲੇ ਪੁਰਸ਼ਾਂ ਦੇ ਨਿਪੁੰਸਕ ਹੋਣ ਦੀ ਸੰਭਾਵਨਾ ਵੱਧ!



ਲੰਡਨ, 19 ਨਵੰਬਰ (ਪੋਸਟ ਬਿਊਰੋ)- ਜੇ ਤੁਸੀ ਇੱਕ ਚੰਗੀ ਬੈਡਰੂਮ ਲਾਈਫ ਦਾ ਆਨੰਦ ਨਹੀਂ ਲੈ ਰਹੇ ਤਾਂ ਪੋਰਨਗ੍ਰਾਫੀ ਨੂੰ ਦੋਸ਼ ਦੇਣਾ ਪੈ ਸਕਦਾ ਹੈ, ਇਸ ਦੀ ਕਾਫੀ ਸੰਭਾਵਨਾ ਹੈ।

ਬ੍ਰਿਟੇਸ਼ ਵਿੱਚ ਇੱਕ ਸੈਕਸ ਅਵਸਥਾ ਦੇ ਖੋਜੀਆਂ ਦੇ ਅਨੁਸਾਰ ਇਕੱਲੇ ਜਾਂ ਤਲਾਕਸ਼ੁਦਾ ਮਰਦਾਂ ਦੇ ਨਪੁੰਸਕ ਹੋਣ ਦੀ ਜ਼ਿਆਦਾ ਸੰਭਾਵਨਾ ਹੈ ਕਿਉਂਕਿ ਉਹ ਬਹੁਤ ਜ਼ਿਆਦਾ ਪੋਰਨ ਵੇਖਦੇ ਹਨ। ਲੰਡਨ ਦੇ ਕਿਲਰਿਕ ਨਿਊਮਨ ਦੀ ਇੱਕ ਰਿਪੋਰਟ ਵਿੱਚ ਪਾਇਆ ਗਿਆ ਹੈ ਕਿ ਬ੍ਰਿਟੇਨ ਵਿੱਚ ਰਹਿਣ ਵਾਲੇ 80 ਪ੍ਰਤੀਸ਼ਤ ਪੁਰਸ਼ਾਂ ਵਿੱਚੋਂ ਇਸ ਦੋਸ਼ ਦਾ ਅਨੁਭਵ ਕੀਤਾ ਗਿਆ ਹੈ। ਰਿਪੋਰਟ ਵਿੱਚ ਇਕੱਲੇ ਅਤੇ ਤਲਾਕਸ਼ੁਦਾ ਪੁਰਸ਼ਾਂ ਦੇ ਬੈਡਰੂਮ ਵਿੱਚ ਸਮਸਿਆਵਾਂ ਜਾ 'ਅਸੰਤੁਸ਼ਜਨਕ' ਸੈਕਸ ਜੀਵਨ ਪੈਦਾ ਹੋਣ ਦਾ ਮੁੱਖ ਕਾਰਨ ਅਸ਼ਲੀਲ ਸਾਹਿਤ ਅਤੇ ਸ਼ਰਾਬ ਪੀਣਾ ਵੀ ਹੈ।

ਡੇਲੀ ਮੇਲ ਦੀ ਰਿਪੋਰਟ ਅਨੁਸਾਰ ਮਾਰਕੀਟ ਰਿਸਰਚ ਸੋਸਾਈਟੀ ਵੱਲੋਂ ਕੀਤੇ ਅਧਿਆਨ ਵਿੱਚ ਯੂ ਕੇ ਦੇ 1000 ਤਲਾਕਸ਼ੁਦਾ ਪੁਰਸ਼ਾਂ ਤੋਂ ਪੁੱਛਿਆ ਗਿਆ ਕਿ ਕਿਉਂ ਉਨ੍ਹਾਂ ਨੂੰ ਸੈਕਸ ਪ੍ਰਦਰਸ਼ਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਖੋਜ ਅਨੁਸਾਰ ਉਨ੍ਹਾਂ ਵਿੱਚੋਂ ਇੱਕ ਚੌਥਾਈ ਨੇ ਮੰਨਿਆ ਕਿ ਉਹ ਸੈਕਸ ਸਟੈਮਿਨਾ ਦੇ ਦੋਸ਼ ਨਾਲ ਜੂਝ ਚੁੱਕੇ ਹਨ।

# ਆਈਟੀ ਕੰਪਨੀਆਂ ਵਿੱਚ ਭਾਰੀ ਛਾਂਟੀ ਹੋਣ ਦਾ ਖਤਰਾ ਮੰਡਰਾਇਆ



ਬੈਂਗਲੁਰੂ, 19 ਨਵੰਬਰ (ਪੋਸਟ ਬਿਊਰੋ)- ਭਾਰਾਤ ਦੇ ਅਰਥਚਾਰੇ ਵਿੱਚ ਸੁਸਤੀ ਦੀ ਮਾਰ ਕਾਰਨ ਆਈ ਟੀ ਕੰਪਨੀਆਂ ਦੇ ਮਿਡ-ਲੇਵਲ ਕਰਮਚਾਰੀਆਂ 'ਤੇ ਮਾਰ ਪੈਣ ਵਾਲੀ ਹੈ। ਆਈ ਟੀ ਕੰਪਨੀਆਂ 30,000 ਤੋਂ 40,000 ਮਿਡ ਲੇਵਲ ਸਟਾਫ ਦੀ ਛਾਂਟੀ ਕਰ ਸਕਦੀਆਂ ਹਨ। ਭਾਰਤ ਦੀਆਂ ਇਨਫਾਰਮੇਸ਼ਨ ਟੈਕਨਾਲੋਜੀ ਸਰਵਿਸ ਕੰਪਨੀਆਂ ਇਸ ਸੁਸਤੀ ਦੇ ਕਾਰਨ ਇਸ ਸਾਲ ਇਨ੍ਹਾਂ ਕਰਮਚਾਰੀਆਂ ਦੀ ਛਾਂਟੀ ਕਰ ਸਕਦੀਆਂ ਹਨ।

ਆਈ ਟੀ ਇੰਡਸਟਰੀ ਦੇ ਤਜਰਬੇਕਾਰ ਟੀ ਵੀ ਮੋਹਨਦਾਸ ਪਈ ਨੇ ਕੱਲ੍ਹ ਇਹ ਗੱਲ ਕਹੀ ਹੈ। ਦਿੱਗਜ ਆਈ ਟੀ ਕੰਪਨੀ ਇਮਫੋਸਿਸ ਦੇ ਸਾਬਕਾ ਚੀਫ ਫਾਈਨੈਂਸ ਅਫਸਰ ਨੇ ਇਸ ਛਾਂਟੀ ਨੂੰ ਪੰਜ ਸਾਲ ਵਿੱਚ ਇੱਕ ਵਾਰ ਹੋਣ ਵਾਲੀ ਇੰਡਸਟਰੀ ਦੀ ਆਮ ਘਟਨਾ ਕਿਹਾ ਹੈ। ਪਈ ਨੇ ਨਿਊਜ ਏਜੰਸੀ ਨੂੰ ਕਿਹਾ ਕਿ ਪੱਛਮ ਦੇ ਸਾਰੇ ਸੈਕਟਰਾਂ ਵਾਂਗ ਇੰਡੀਆ ਵਿੱਚ ਵੀ ਜਦ ਇੱਕ ਸੈਕਟਰ ਪੱਕਾ ਹੁੰਦਾ ਹੈ ਤਾਂ ਉਸ ਵਿੱਚ ਮੱਧ ਸ਼੍ਰੇਣੀ ਦੇ ਅਜਿਹੇ ਲੋਕ ਹੁੰਦੇ ਹਨ ਜੋ ਆਪਣੀ ਮਿਹਨਤਾਨੇ ਦੀ ਬਰਾਬਰ ਯੋਗਦਾਨ ਹੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜਦ ਕੰਪਨੀ ਤੇਜ਼ੀ ਨਾਲ ਵਿਕਾਸ ਕਰਦੀ ਹੋਵੇ ਤਾਂ ਪ੍ਰਮੋਸ਼ਨ ਠੀਕ ਹੈ, ਪਰ ਜਦ ਸੁਸਤੀ ਹੋਵੇ ਤਾਂ ਕੰਪਨੀਆਂ ਨੂੰ ਆਪਣੇ ਆਪ ਨੂੰ ਕਾਇਮ ਕਰਨਾ ਪੈਂਦਾ ਅਤੇ ਛਾਂਟੀ ਕਰਨੀ ਪੈਂਦੀ ਹੈ। ਪਈ ਨੇ ਕਿਹਾ ਕਿ ਇਹ ਹਰ ਪੰਜ ਸਾਲਾਂ ਵਿੱਚ ਵਾਰ-ਵਾਰ ਹੁੰਦਾ ਰਹਿੰਦਾ ਹੈ।

ਆਰਿਨ ਕੈਪੀਟਲ ਐਂਡ ਮਣੀਪਾਲ ਗਲੋਬਲ ਐਜੂਕੇਸ਼ਨ ਸਰਵਿਸੇਜ਼ ਦੇ ਚੇਅਰਮੈਨ ਪਈ ਨੇ ਕਿਹਾ ਕੋਈ ਵੀ ਮੋਟੀ ਤਨਖਾਹ ਪਾਉਣ ਦਾ ਹੱਕਦਾਰ ਨਹੀਂ, ਜਦ ਤੱਕ ਕਿ ਉਹ ਪ੍ਰਦਰਸ਼ਨ ਨਹੀਂ ਕਰਦਾ? ਤੁਹਾਨੂੰ ਯੋਗਦਾਨ ਦੇਣਾ ਹੀ ਹੁੰਦਾ ਹੈ। ਨਹੀਂ ਤਾਂ ਕੰਪਨੀ ਵੱਡੀ ਕਾਰਵਾਈ ਕਰ ਸਕਦੀ ਹੈ। ਨੌਕਰੀਆਂ ਗੁਵਾਉਣ ਵਾਲੇ ਮਿਡ ਲੇਵਲ ਕਰਮਚਾਰੀਆਂ ਦੀ ਗਿਣਤੀ ਪੁੱਛੇ ਜਾਣ 'ਤੇ ਉਨ੍ਹਾਂ ਨੇ ਕਿਹਾ ਕਿ ਇੱਕ ਸਾਲ ਵਿੱਚ ਪੂਰੀ ਇੰਡਸਟਰੀ ਵਿੱਚ 30,000 ਤੋਂ 40,000 ਲੋਕ ਨੌਕਰੀ ਗੁਆ ਸਕਦੇ ਹਨ। ਪਈ ਨੇ ਕਿਹਾ ਕਿ ਨੌਕਰੀਆਂ ਗੁਵਾਉਣ ਵਾਲੇ ਜੇ ਮਾਹਿਰ ਹਨ ਤਾਂ ਕਰੀਬ 80 ਫੀਸਦੀ ਲੋਕਾਂ ਨੂੰ ਸਨਅਤ ਵਿੱਚ ਜਾਬ ਦੇ ਮੌਕੇ ਇਸ ਦੇ ਬਾਅਦ ਵੀ ਫਿਰ ਮਿਲਣਗੇ।

# ਭਾਰਤ ਵਿੱਚ ਹਰ ਸਾਲ ਕੈਂਸਰ ਦੇ 11 ਲੱਖ ਕੇਸ, ਕਰੀਬ ਅੱਠ ਲੱਖ ਲੋਕਾਂ ਦੀ ਮੌਤ



ਕੋਲਕਾਤਾ, 19 ਨਵੰਬਰ (ਪੋਸਟ ਬਿਊਰੋ)- ਸੰਸਾਰ ਵਿੱਚ ਕੈਂਸਰ ਦੇ ਵੱਧਦੇ ਕੇਸਾਂ ਵਿੱਚ ਭਾਰਤ ਵਿੱਚ ਹਰ ਸਾਲ ਕੈਂਸਰ ਦੇ 11 ਲੱਖ ਕੇਸ ਦਰਜ ਕੀਤੇ ਜਾ ਰਹੇ ਹਨ ਅਤੇ ਕਰੀਬ 7 ਲੱਖ 80 ਹਜ਼ਾਰ ਲੋਕਾਂ ਦੀ ਹਰ ਸਾਲ ਕੈਂਸਰ ਦੇ ਕਾਰਨ ਮੌਤ ਹੋ ਜਾਂਦੀ ਹੈ। ਗਲੋਬਲ ਕੈਂਸਰ ਇੰਸੀਡੈਂਸ, ਮੋਰਾਲਿਟੀ ਤੇ ਪ੍ਰੀਵਿਲੈਂਸ (ਗਲੋਬੋਕੋਨ) ਦੇ ਵਿਸ਼ਵ ਭਰ ਤੋਂ ਇਕੱਠੇ ਕੀਤੇ ਅੰਕੜੇ ਵੇਖੋ ਤਾਂ ਭਾਰਤ ਵਿੱਚ ਕੈਂਸਰ ਦੇ ਕੇਸਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਕੈਂਸਰ ਦੇ ਕੇਸਾਂ ਵਿੱਚ 30 ਫੀਸਦੀ ਅਤੇ ਕੈਂਸਰ ਦੇ ਨਾਲ ਮਰਨ ਦੇ ਕੇਸਾਂ ਵਿੱਚ 20 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

ਭਾਰਤ ਵਿੱਚ ਕੈਂਸਰ ਦੇ ਹੋਣ ਅਤੇ ਉਸ ਨਾਲ ਮੌਤ ਦੇ ਕੇਸ ਸਾਰਿਆਂ ਤੋਂ ਵੱਧ ਉੱਤਰ-ਪੂਰਬੀ ਰਾਜਾਂ ਵਿੱਚ ਦਰਜ ਕੀਤੇ ਗਏ ਹਨ। ਪੁਰਸ਼ਾਂ ਵਿੱਚ ਪ੍ਰੋਸਟੇਟ ਦੇ ਸਭ ਤੋਂ ਵੱਧ ਮਾਮਲੇ ਪਾਏ ਗਏ ਹਨ। ਆਮ ਤੌਰ 'ਤੇ ਇਸ ਤਰ੍ਹਾਂ ਦਾ ਕੈਂਸਰ ਹੌਲੀ-ਹੌਲੀ ਪੁੰਗਰਦਾ ਅਤੇ ਪ੍ਰੋਸਟੇਟ ਦੀ ਗੰਢ ਵਿੱਚ ਸੀਮਿਤ ਹੋ ਜਾਂਦਾ ਹੈ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੇ ਆਪਣੇ ਸਰਵੇ ਵਿੱਚ ਪਾਇਆ ਕਿ ਦੇਸ਼ ਦੇ ਮਹਾਨਗਰਾਂ ਕੋਲਕਾਤਾ, ਪੁਨੇ, ਤ੍ਰਿਵੇਂਦਰਮ, ਬੇਂਗਲੋਰ ਤੇ ਮੁੰਬਈ ਵਿੱਚ ਘਾਤਕ ਬਿਮਾਰੀ ਬਾਰੇ ਜਾਗਰੂਕਤਾ ਬੇਹਦ ਘੱਟ ਹੈ ਅਤੇ ਇਥੇ ਜਵਾਨ ਪੁਰਸ਼ ਇਸ ਦੇ ਵੱਧ ਸ਼ਿਕਾਰ ਹੋ ਰਹੇ ਹਨ।

ਇੱਕ ਅਧਿਐਨ ਅਨੁਸਾਰ 70 ਸਾਲ ਦੀ ਉਮਰ ਪਿੱਛੋਂ 31 ਤੋਂ 83 ਪ੍ਰਤੀਸ਼ਤ ਪੁਰਸ਼ਾਂ ਨੂੰ ਪ੍ਰੋਸਟੇਟ ਕੈਂਸਰ ਦਾ ਕੋਈ ਨੇ ਕੋਈ ਰੂਪ ਹੁੰਦਾ ਹੈ ਅਤੇ ਇਸ ਦੇ ਲੱਛਣ ਵਾਰ-ਵਾਰ ਪੇਸ਼ਾਬ ਆਉਣਾ, ਪੇਸ਼ਾਬ ਰੁਕਣ ਵਿੱਚ ਕਠਿਨਾਈ ਜਾਂ ਰੁਕਾਵਟ, ਮੂਤਰ ਨਲੀ ਕਮਜ਼ੋਰ ਜਾ ਰੁਕਾਵਟ, ਪੇਸ਼ਾਬ ਕਰਨ ਦੌਰਾਨ ਜਲਨ ਵਰਗੇ ਕੋਈ ਬਾਹਰੀ ਲੱਛਣ ਹੋ ਸਕਦੇ ਹਨ।

# ਸੁਬੇਗ ਸਿੰਘ ਦੀ ਰਿਹਾਈ ਢਾਈ ਦਹਾਕਿਆਂ ਮਗਰੋਂ ਹੋਈ



ਪਟਿਆਲਾ, 19 ਨਵੰਬਰ (ਪੋਸਟ ਬਿਊਰੋ)- ਸਾਲ 1995 ਵਿੱਚ ਚੰਡੀਗੜ੍ਹ 'ਚ ਹੋਏ ਇੱਕ ਕਤਲ ਅਤੇ 2004 'ਚ ਵਾਪਰੇ ਬੁੜੈਲ ਜੇਲ੍ਹ ਕਾਂਡ 'ਤੇ ਆਧਾਰਿਤ ਕੇਸਾਂ ਬਾਰੇ ਢਾਈ ਦਹਾਕਿਆਂ ਤੋਂ ਚੰਡੀਗੜ੍ਹ ਅਤੇ ਪੰਜਾਬ ਦੀਆਂ ਜੇਲ੍ਹਾਂ 'ਚ ਬੰਦ ਚੱਲੇ ਆ ਰਹੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਸੂਹਰੋਂ ਦੇ ਸੁਬੇਗ ਸਿੰਘ ਸੂਹਰੋਂ ਨੂੰ ਕੱਲ੍ਹ ਦੇਰ ਸ਼ਾਮੀਂ ਛੱਡ ਦਿੱਤਾ ਗਿਆ। ਇਨ੍ਹਾਂ ਕੇਸਾਂ ਵਿੱਚ ਉਸ ਦੇ ਸਾਥੀ ਨੰਦ ਸਿੰਘ ਸੂਹਰੋਂ ਦੀ ਪਿਛਲੇ ਹਫਤੇ ਹੀ ਰਿਹਾਈ ਹੋ ਗਈ ਸੀ।

ਚੰਡੀਗੜ੍ਹ ਵਿੱਚ ਬਚਨ ਸਿੰਘ ਨਾਮ ਦੇ ਵਿਅਕਤੀ ਦੇ ਕਤਲ ਬਾਰੇ ਸੁਬੇਗ ਸਿੰਘ ਅਤੇ ਨੰਦ ਸਿੰਘ ਨੂੰ ਚੰਡੀਗੜ੍ਹ ਦੀ ਅਦਾਲਤ ਤੋਂ ਉਮਰ ਕੈਦ ਦੀ ਸਜ਼ਾ ਹੋਈ ਸੀ। ਉਹ ਦੋਵੇਂ ਬੁੜੈਲ ਜੇਲ੍ਹ ਵਿੱਚ ਅਜੇ ਉਮਰ ਕੈਦ ਭੁਗਤ ਰਹੇ ਸਨ ਕਿ ਸਾਲ 2004 ਵਿੱਚ ਬੁੜੈਲ ਜੇਲ੍ਹ ਵਿੱਚੋਂ ਸੁਰੰਗ ਪੁੱਟ ਕੇ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ, ਪਰਮਜੀਤ ਸਿੰਘ ਭਿਓਰਾ ਅਤੇ ਇੱਕ ਹੋਰ ਕੈਦੀ ਫਰਾਰ ਹੋ ਗਏ ਸਨ। ਇਸ ਬਾਰੇ ਦਰਜ ਹੋਏ ਕੇਸ ਵਿੱਚ ਸੁਬੇਗ ਸਿੰਘ ਅਤੇ ਨੰਦ ਸਿੰਘ ਨੂੰ ਸਾਜ਼ਿਸ਼ੀਆਂ ਵਜੋਂ ਸ਼ਾਮਲ ਕੀਤਾ ਗਿਆ ਸੀ, ਪਰ ਇਸ ਵਿੱਚੋਂ ਦੋਵੇਂ ਕਈ ਸਾਲ ਪਹਿਲਾਂ ਬਰੀ ਹੋ ਗਏ ਸਨ। ਬੁੜੈਲ ਜੇਲ੍ਹ ਬਰੇਕ ਕੇਸ ਕਰਕੇ ਉਨ੍ਹਾਂ ਨੂੰ ਢਾਈ ਦਹਾਕੇ ਜੇਲ੍ਹ 'ਚ ਰਹਿਣਾ ਪਿਆ। ਇਹ ਕੇਸ ਨਾ ਹੁੰਦਾ ਤਾਂ ਕਦੋਂ ਦੇ ਬਾਹਰ ਆ ਜਾਂਦੇ। ਹਾਈ ਕੋਰਟ ਦੇ ਆਦੇਸ਼ਾਂ 'ਚ ਇਨ੍ਹਾਂ ਦੋਵਾਂ ਕੈਦੀਆਂ ਤੋਂ ਪਟਿਆਲਾ ਦੇ ਡੀ ਸੀ ਦਫਤਰ ਵਿੱਚ ਜ਼ਮਾਨਤੀ ਬਾਂਡ ਭਰਵਾਉਣ ਲਈ ਕਿਹਾ ਗਿਆ ਸੀ, ਪਰ ਸੁਬੇਗ ਸਿੰਘ ਦੇ ਜ਼ਮਾਨਤੀ ਬਾਂਡ ਭਰਨ 'ਚ ਦੇਰੀ ਕਰਕੇ ਉਹਦੀ ਰਿਹਾਈ ਪੱਛੜ ਗਈ ਸੀ। ਕੱਲ੍ਹ ਰਿਹਾਈ ਮੌਕੇ ਨੰਦ ਸਿੰਘ ਨੇ ਸੁਬੇਗ ਸਿੰਘ ਦਾ ਜੇਲ੍ਹ ਦੇ ਬਾਹਰ ਸਵਾਗਤ ਕੀਤਾ।

# ਤਿੰਨ ਪੁਲਸ ਅਫਸਰਾਂ ਨੂੰ ਸਜ਼ਾ ਮੁਆਫੀ ਦੇ ਬਾਰੇ ਸਟੇਟਸ ਰਿਪੋਰਟ ਤਲਬ ਕੀਤੀ ਗਈ



ਚੰਡੀਗੜ੍ਹ, 19 ਨਵੰਬਰ (ਪੋਸਟ ਬਿਊਰੋ)- ਸਾਲ 1992 ਵਿੱਚ ਜਾਅਲੀ ਪੁਲਸ ਮੁਕਾਬਲੇ ਵਿੱਚ ਮਾਰੇ ਗਏ ਇੱਕ ਨੌਜਵਾਨ ਦੇ ਕੇਸ ਵਿੱਚ ਦੋਸ਼ੀ ਪੁਲਸ ਵਾਲਿਆਂ ਦੀ ਸਜ਼ਾ ਮੁਆਫੀ ਦੇ ਵਿਰੁੱਧ ਦਾਖਲ ਇੱਕ ਪਟੀਸ਼ਨ 'ਤੇ ਹਾਈ ਕੋਰਟ ਨੇ ਸਜ਼ਾ ਮੁਆਫੀ ਦੀ ਅਰਜ਼ੀ ਦੀ ਪ੍ਰਕਿਰਿਆ ਦੀ ਸਥਿਤੀ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ।

ਮ੍ਰਿਤਕ ਮੁਖਤਿਆਰ ਸਿੰਘ ਪੰਜਾਬ ਪੁਲਸ ਦਾ ਸਿਪਾਹੀ ਸੀ ਤੇ ਕੁਝ ਖਾੜਕੂਆਂ ਨਾਲ ਬਣਾਏ ਝੂਠੇ ਪੁਲਸ ਮੁਕਾਬਲੇ ਵਿੱਚ ਉਸ ਨੂੰ ਵੀ ਮਾਰ ਦਿੱਤਾ ਗਿਆ ਸੀ। ਇਸ ਕੇਸ ਵਿੱਚ ਸੀ ਬੀ ਆਈ ਅਦਾਲਤ ਨੇ 31 ਮਾਰਚ 2015 ਨੂੰ ਤੱਤਕਾਲੀ ਏ ਐਸ ਆਈ ਹਰਭਜਨ ਸਿੰਘ, ਐਸ ਆਈ ਅਜੀਤ ਸਿੰਘ ਅਤੇ ਇੰਸਪੈਕਟਰ ਅਮਰੀਕ ਸਿੰਘ ਨੂੰ ਕਤਲ ਕੇਸਾ ਦੀ ਸਜ਼ਾ ਦਿੱਤੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ ਇਨ੍ਹਾਂ ਤਿੰਨਾਂ ਦੀ ਸਜ਼ਾ ਮੁਆਫ ਕੀਤੀ ਜਾਣੀ ਸੀ, ਜਿਸ ਦੇ ਵਿਰੁੱਧ ਮ੍ਰਿਤਕ ਦੇ ਪਿਤਾ ਹਰਭਜਨ ਸਿੰਘ ਵਾਸੀ ਗੁਰਦਾਸਪੁਰ ਨੇ ਐਡਵੋਕੇਟ ਐਚ ਸੀ ਅਰੋੜਾ ਦੇ ਰਾਹੀਂ ਪਟੀਸ਼ਨ ਦਾਖਲ ਕਰ ਕੇ ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਨਿਯਮਾਂ ਮੁਤਾਬਕ ਅਜਿਹੇ ਕਿਸੇ ਦੋਸ਼ੀ ਦੀ ਸਜ਼ਾ ਮੁਆਫੀ ਤੋਂ ਪਹਿਲਾਂ ਗਵਰਨਰ ਵੱਲੋ ਪੀੜਤ ਪਰਵਾਰ ਅਤੇ ਸਮਾਜ 'ਤੇ ਇਸ ਸਜ਼ਾ ਮੁਆਫੀ ਦਾ ਪ੍ਰਭਾਵ ਜਾਣਿਆ ਜਾਂਦਾ ਹੈ, ਪਰ ਇਸ ਕੇਸ ਵਿੱਚ ਸਜ਼ਾ ਮੁਆਫੀ ਲਈ ਢੁਕਵੀਂ ਪ੍ਰਕਿਰਿਆ ਨਹੀਂ ਅਪਣਾਈ ਗਈ ਤੇ ਪੀੜਤ ਪਰਵਾਰ ਦੀ ਸੁਣਵਾਈ ਨਹੀਂ ਹੋਈ।

# ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਮੁਆਵਜ਼ੇ ਦੇ ਨਿਯਮ ਬਦਲ ਦਿੱਤੇ ਗਏ



ਚੰਡੀਗੜ੍ਹ, 19 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਆਦੇਸ਼ਾਂ ਤੋਂ ਬਾਅਦ ਪੰਜਾਬ ਦੇ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਸੌ ਰੁਪਏ ਪ੍ਰਤੀ ਕੁਇੰਟਲ ਮਿਲਣ ਵਾਲੇ ਮੁਆਵਜ਼ੇ ਦੇ ਮੁੱਦੇ 'ਤੇ ਸਰਕਾਰ ਨੇ ਮੁੜ ਕੇ ਨਿਯਮ ਬਦਲ ਦਿੱਤੇ ਹਨ ਅਤੇ ਨਵੇਂ ਨਿਯਮਾਂ ਮੁਤਾ-ਬਕ ਇੱਕ ਨਹੀਂ, ਸਗੋਂ ਦੋ ਜਾਂ ਤਿੰਨ ਥਾਵਾਂ 'ਤੇ ਤਸਦੀਕ ਪਿੱਛੋਂ ਕਿਸਾਨਾਂ ਨੂੰ ਭੁਗਤਾਨ ਹੋਵੇਗਾ। ਦੋ ਦਿਨ ਪਹਿਲਾਂ ਕਈ ਥਾਂ ਉਨ੍ਹਾਂ ਕਿਸਾਨਾਂ ਨੇ ਸਰਪੰਚਾਂ ਨਾਲ ਮਿਲ ਕੇ ਮੁਆਵਜ਼ਾ ਲੈ ਲਿਆ ਸੀ, ਜਿਨ੍ਹਾਂ ਦੀ ਜ਼ਮੀਨ ਹੀ ਨਹੀਂ। ਇਸ ਲਈ ਦੋ ਦਿਨਾਂ ਵਿੱਚ ਹੀ ਸਰਕਾਰ ਨੇ ਪੋਰਟਲ ਬੰਦ ਕਰਕੇ ਮੁਆਵਜ਼ਾ ਦੇਣ ਦੇ ਕੰਮ ਰੋਕ ਲਿਆ ਹੈ।

ਇਸ ਦੇ ਬਾਅਦ ਇੱਕ ਵਾਰੀ ਫਿਰ ਸਰਕਾਰ ਨੇ ਨਿਯਮਾਂ 'ਚ ਬਦਲਾਅ ਕਰਕੇ ਪੋਰਟਲ ਨੂੰ ਖੋਲ੍ਹਣ ਦਾ ਫੈਸਲਾ ਕੀਤਾ ਹੈ। ਖੇਤੀ ਵਿਭਾਗ ਦੇ ਸੂਤਰਾਂ ਮੁਤਾਬਕ ਪੋਰਟਲ ਦੋਬਾਰਾ ਖੁੱਲ੍ਹਣ ਉੱਤੇ ਕਿਸਾਨ ਆਪਣੀ ਅਰਜ਼ੀ ਇਸ ਉਤੇ ਪਾ ਸਕਣਗੇ। ਪੰਚਾਇਤ ਸਕੱਤਰਾਂ ਵੱਲੋਂ ਭੇਜੇ ਗਏ ਰਿਕਾਰਡ, ਸਕੈਨ ਕੀਤੇ ਫਾਰਮ, ਜਿਸ ਨੂੰ ਕੋਆਪਰੇਟਿਵ ਸੁਸਾਇਟੀਜ਼ ਨੇ ਅਪਲੋਡ ਕੀਤਾ ਹੋਵੇ, ਨੂੰ ਸਬੰਧਤ ਇਲਾਕੇ ਦੇ ਸਹਾਇਕ ਰਜਿਸਟਰਾਰ ਵੀ ਤਸਦੀਕ ਕਰਨਗੇ। ਦੂਜੇ ਪਾਸੇ ਇਸ ਰਿਕਾਰਡ ਦਾ ਕ੍ਰਾਸ ਚੈਕ ਪਟਵਾਰੀਆਂ ਤੋਂ ਇਲਾਵਾ ਕਾਨੂੰਗੋ ਤੇ ਤਸੀਲਦਾਰ ਤੋਂ ਕਰਾਇਆ ਜਾਵੇਗਾ। ਇਸ ਵਿੱਚ ਦੱਸਣਾ ਪਵੇਗਾ ਕਿ ਬਿਨੈਕਾਰ ਦੇ ਪਰਵਾਰ ਕੋਲ ਕਿੰਨੀ ਜ਼ਮੀਨ ਹੈ, ਕਿੰਨੇ ਏਕੜ 'ਚ ਗੈਰ ਬਾਸਮਤੀ ਫਸਲ ਬੀਜੀ ਸੀ। ਤਸੀਲਦਾਰ ਤੋਂ ਰਿਪੋਰਟ ਮਿਲਣ ਤੋਂ ਬਾਅਦ ਅਰਜ਼ੀ ਨੂੰ ਐਸ ਡੀ ਐਮ ਦੇ ਲੌਗਇਨ 'ਚ ਸਬਮਿਟ ਕੀਤਾ ਜਾਵੇਗਾ। ਐਸ ਡੀ ਐਮ ਰਿਮੋਟ ਸੈਂਸਿੰਗ ਰਿਪੋਰਟ ਤੇ ਪ੍ਰਦੂਸ਼ਣ ਬੋਰਡ ਦੀ ਰਿਪੋਰਟ ਤੋਂ ਇਸ ਨੂੰ ਤਸਦੀਕ ਕਰਕੇ ਡੀ ਸੀ ਨੂੰ ਅਪਰੂਵਲ ਲਈ ਰਿਪੋਰਟ ਭੇਜ ਦੇਣਗੇ।

# ਦਲਿਤ ਕਤਲ ਕੇਸ ਦੀ ਜਾਂਚ ਸਰਕਾਰ ਨੇ ਏ ਡੀ ਜੀ ਪੀ ਗੁਰਪ੍ਰੀਤ ਦਿਓ ਨੂੰ ਸੌਂਪੀ



ਜਲੰਧਰ, 19 ਨਵੰਬਰ (ਪੋਸਟ ਬਿਊਰੋ)- ਸੰਗਰੂਰ ਜ਼ਿਲੇ ਦੇ ਇੱਕ ਦਲਿਤ ਵਿਅਕਤੀ ਦੇ ਕਤਲ ਬਾਰੇ ਪੰਜਾਬ ਸਰਕਾਰ ਨੇ ਏ ਡੀ ਜੀ ਪੀ ਰੈਂਕ ਦੀ ਪੁਲਸ ਅਧਿਕਾਰੀ ਤੋਂ ਵਿਆਪਕ ਜਾਂਚ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।

ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਨੇ ਦੋਸ਼ੀਆਂ ਨੂੰ ਤਿੰਨੇ ਮਹੀਨੇ ਅੰਦਰ ਸਜ਼ਾ ਦਿਵਾਉਣ ਦਾ ਭਰੋਸਾ ਦਿੱਤਾ ਹੈ। ਕੀਤੀ ਜਾਣ ਵਾਲੀ ਜਾਂਚ ਵਿੱਚ ਏ ਡੀ ਜੀ ਪੀ ਵੱਲੋਂ ਇਹ ਵੀ ਦੇਖਿਆ ਜਾਵੇਗਾ ਕਿ ਕਿਨ੍ਹਾਂ ਅਫਸਰਾਂ ਨੇ ਇਸ ਕਤਲ ਕੇਸ ਨੂੰ ਰੋਕਣ ਦੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਇਨ੍ਹਾਂ ਅਫਸਰਾਂ ਦੀ ਜ਼ਿੰਮੇਵਾਰੀ ਵੀ ਤੈਅ ਕੀਤੀ ਜਾਵੇਗੀ। ਬੁਲਾਰੇ ਨੇ ਦੱਸਿਆ ਕਿ ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੇ ਏ ਡੀ ਜੀ ਪੀ ਗੁਰਪ੍ਰੀਤ ਦਿਓ ਨੂੰ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਹੈ ਅਤੇ ਉਨ੍ਹਾਂ ਨੂੰ ਇਸ ਘਟਨਾ ਬਾਰੇ ਆਪਣੀ ਰਿਪੋਰਟ ਜਲਦੀ ਸੌਂਪਣ ਲਈ ਕਿਹਾ ਹੈ ਤਾਂ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੇ ਕੇਸਾਂ ਨੂੰ ਰੋਕਿਆ ਜਾ ਸਕੇ। ਡੀ ਜੀ ਪੀ ਦਿਨਕਰ ਗੁਪਤਾ ਨੇ ਕਿਹਾ ਕਿ ਜਿਸ ਵੀ ਅਧਿਕਾਰੀ ਦੀ ਇਸ ਵਿੱਚ ਲਾਪਰਵਾਹੀ ਨਿਕਲੇਗੀ, ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਕਿਹਾ ਕਿ ਉਹ ਏ ਡੀ ਜੀ ਪੀ ਪੱਧਰ ਦੇ ਅਧਿਕਾਰੀ ਦੀ ਜਾਂਚ ਰਿਪੋਰਟ 'ਤੇ ਖੁਦ ਨਜ਼ਰ ਰੱਖਣਗੇ।

# ਅਕਾਂਕਸ਼ ਸੇਨ ਕਤਲ ਕੇਸ ਵਿੱਚ ਹਰਮਹਿਤਾਬ ਦੋਸ਼ੀ ਕਰਾਰ



ਚੰਡੀਗੜ੍ਹ, 19 ਨਵੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਪਤਨੀ ਦੇ ਭਤੀਜੇ ਅਕਾਂਕਸ਼ ਸੈਨ ਦੇ ਕਤਲ ਕੇਸ ਦੀ ਸੁਣਵਾਈ ਵਧੀਕ ਸੈਸ਼ਨ ਜੱਜ ਰਾਜੀਵ ਗੋਇਲ ਦੀ ਅਦਾਲਤ 'ਚ ਹੋਈ ਤਾਂ ਕੱਲ੍ਹ ਦੀ ਸੁਣਵਾਈ ਦੌਰਾਨ ਅਦਾਲਤ ਨੇ ਕੇਸ 'ਚ ਨਾਮਜ਼ਦ ਹਰਮਹਿਤਾਬ ਸਿੰਘ ਨੂੰ ਦੋਸ਼ੀ ਕਰਾਰ ਦੇ ਦਿੱਤਾ ਹੈ।

ਸੈਕਟਰ-3 ਦੀ ਪੁਲਸ ਨੇ ਇਹ ਮਾਮਲਾ ਫਰਵਰੀ 2017 'ਚ ਹਰਮਹਿਤਾਬ ਸਿੰਘ ਅਤੇ ਬਲਰਾਜ ਸਿੰਘ ਰੰਧਾਵਾ ਦੇ ਖਿਲਾਫ ਦਰਜ ਕੀਤਾ ਸੀ। ਸ਼ਿਕਾਇਤ ਕਰਤਾ ਧਿਰ ਦੇ ਵਕੀਲ ਤਰਮਿੰਦਰ ਸਿੰਘ ਨੇ ਦੱਸਿਆ ਕਿ ਇਸ ਕੇਸ ਵਿੱਚ 33 ਲੋਕਾਂ ਦੀ ਗਵਾਹੀ ਕਰਵਾਈ ਗਈ ਹੈ। ਵਕੀਲ ਨੇ ਦੱਸਿਆ ਕਿ ਘਟਨਾਂ ਵਾਲੀ ਥਾਂ ਹਾਜ਼ਰ ਤਿੰਨ ਨੌਜਵਾਨਾਂ ਨੇ ਵੀ ਅਦਾਲਤ 'ਚ ਸਾਰੀ ਘਟਨਾ ਬਾਰੇ ਦੱਸਿਆ ਸੀ, ਜਿਨ੍ਹਾਂ ਨੂੰ ਮੰਨ ਕੇ ਅਦਾਲਤ ਨੇ ਹਰਮਹਿਤਾਬ ਨੂੰ ਦੋਸ਼ੀ ਕਰਾਰ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ 9 ਫਰਵਰੀ 2017 ਦੀ ਰਾਤ ਸੈਕਟਰ-9 'ਚ ਰਹਿੰਦੇ ਅਕਾਂਕਸ਼ ਸੈਨ ਦੇ ਦੋਸਤ ਦੀਪ ਸਿੱਧੂ ਨੇ ਘਰ ਵਿੱਚ ਪਾਰਟੀ ਰੱਖੀ ਸੀ, ਜਿੱਥੇ ਬਲਰਾਜ ਸਿੰਘ ਰੰਧਾਵਾ ਅਤੇ ਹਰਮਹਿਤਾਬ ਨੂੰ ਵੀ ਸੱਦਿਆ ਸੀ। ਪਾਰਟੀ ਦੌਰਾਨ ਨੌਜਵਾਨਾਂ ਦਾ ਝਗੜਾ ਹੋ ਗਿਆ ਤਾਂ ਇਸ ਦੌਰਾਨ ਜ਼ਖਮੀ ਹੋਏ ਅਕਾਂਕਸ਼ ਸੈਨ ਦੀ ਬਾਅਦ ਵਿੱਚ ਮੌਤ ਹੋ ਗਈ ਸੀ। ਇਸ ਬਾਰੇ ਥਾਣਾ-3 ਦੀ ਪੁਲਸ ਨੇ ਫਰਵਰੀ 2017 'ਚ ਹਰਮ-ਹਤਾਬ ਅਤੇ ਬਲਰਾਜ ਸਿੰਘ ਰੰਧਾਵਾ ਖਿਲਾਫ ਕਤਲ ਕੇਸ ਦਰਜ ਕੀਤਾ ਸੀ। ਪੁਲਸ ਨੇ ਕਤਲ ਕੇਸ ਸਬੰਧੀ ਹਰਮਹਿਤਾਬ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕਰ ਦਿੱਤਾ ਸੀ, ਜਦੋਂ ਕਿ ਬਲਰਾਜ ਸਿੰਘ ਰੰਧਾਵਾ ਢਾਈ ਸਾਲਾਂ ਬਾਅਦ ਵੀ ਪੁਲਸ ਦੀ ਗ੍ਰਿਫਤ ਵਿੱਚੋਂ ਬਾਹਰ ਹੈ।

# ਸੜਕ ਹਾਦਸੇ ਵਿੱਚ ਰਾਹਗੀਰ ਦੀ ਮੌਤ, ਡਰਾਈਵਰ ਗ੍ਰਿਫਤਾਰ

ਲਾਂਬੜਾ, 19 ਨਵੰਬਰ (ਪੋਸਟ ਬਿਊਰੋ)- ਜਲੰਧਰ-ਨਕੋਦਰ ਮੁੱਖ ਸੜਕ ਦੇ ਪਿੰਡ ਤਾਜਪੁਰ ਨੇੜੇ ਇੱਕ ਸੜਕ ਹਾਦਸੇ ਵਿੱਚ ਇੱਕ ਰਾਹਗੀਰ ਦੀ ਦਰਦਨਾਕ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ।

ਪਤਾ ਲੱਗਾ ਹੈ ਕਿ ਸਤਨਾਮ ਸਿੰਘ ਪੁੱਤਰ ਸੋਹਣ ਸਿੰਘ ਪਿੰਡ ਤਾਜਪੁਰ ਥਾਣਾ ਲਾਂਬੜਾ ਨੇ ਪੁਲਸ ਨੂੰ ਦੱਸਿਆ ਹੈ ਕਿ ਉਹ ਮੋਟਰਾਂ ਬੰਨ੍ਹਣ ਦਾ ਕੰਮ ਕਰਦੇ ਹਨ। ਬੀਤੀ 12 ਨਵੰਬਰ ਦੀ ਰਾਤ ਉਹ ਅਤੇ ਉਸ ਦਾ ਭਰਾ ਜਸਵੀਰ ਸਿੰਘ (45) ਕਿਸੇ ਦਾ ਟੁੱਲੂ ਪੰਪ ਠੀਕ ਕਰ ਕੇ ਘਰ ਨੂੰ ਆ ਰਹੇ ਸਨ। ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਜਸਵੀਰ ਸਿੰਘ ਸਾਈਕਲ ਉੱਤੇ ਸੀ ਅਤੇ ਉਹ ਖੁਦ ਸਕੂਟਰ ਉੱਤੇ ਉਸ ਦੇ ਪਿੱਛੇ ਆ ਰਿਹਾ ਸੀ। ਜਦ ਦੋਵੇਂ ਪਿੰਡ ਤਾਜਪੁਰ ਨੇੜੇ ਪਹੁੰਚੇ ਤਾਂ ਜਲੰਧਰ ਵੱਲੋਂ ਇੱਕ ਤੇਜ਼ ਰਫਤਾਰ ਸਵਿਫਟ ਕਾਰ ਆਈ, ਜੋ ਉਸ ਨੂੰ ਲਾਪਰਵਾਹੀ ਨਾਲ ਕਰਾਸ ਕਰਦੀ ਉਸ ਦੇ ਭਰਾ ਜਸਵੀਰ ਸਿੰਘ ਵਿੱਚ ਜਾ ਵੱਜੀ। ਉਸ ਦਾ ਭਰਾ ਸੜਕ ਉਤੇ ਡਿੱਗ ਪਿਆ, ਜਿਸ ਦੇ ਸਿਰ ਵਿੱਚ ਗੰਭੀਰ ਸੱਟ ਲੱਗੀ। ਇਸੇ ਦੌਰਾਨ ਕਾਰ ਦਾ ਇੱਕ ਟਾਇਰ ਉਸ ਦੇ ਭਰਾ ਦੀ ਛਾਤੀ ਉਤੋਂ ਲੰਘ ਗਿਆ। ਕਾਰ ਦੀ ਨੰਬਰ ਪਲੇਟ ਮੌਕੇ ਉਤੇ ਹੀ ਟੁੱਟ ਕੇ ਡਿੱਗ ਪਈ। ਗੰਭੀਰ ਜ਼ਖਮੀ ਜਸਵੀਰ ਸਿੰਘ ਨੂੰ ਲੋਕਾਂ ਦੀ ਮਦਦ ਨਾਲ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਇਲਾਜ ਲਈ ਦਾਖਲ ਕਰਾਇਆ ਗਿਆ, ਜਿੱਥੇ ਕੱਲ੍ਹ ਰਾਤ ਉਹ ਦਮ ਤੋੜ ਗਿਆ। ਥਾਣਾ ਮੁਖੀ ਪੁਸ਼ਪ ਬਾਲੀ ਨੇ ਦੱਸਿਆ ਕਿ ਪੁਲਸ ਵੱਲੋਂ ਕੇਸ ਦਰਜ ਕਰ ਕੇ ਕਾਰ ਚਾਲਕ ਮੁਲਜ਼ਮ ਜੋਬਨਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪਿੰਡ ਹੁਸੈਨਪੁਰ ਥਾਣਾ ਲਾਂਬੜਾ ਨੂੰ ਗ੍ਰਿਫਤਾਰ ਕਰ ਕੇ ਸਵਿਫਟ ਕਾਰ ਬਰਾਮਦ ਕਰ ਲਈ ਹੈ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸ਼ੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ। ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, Canadian P.R ਲੜਕੇ ਲਈ ਲੜਕੀ ਦੀ ਲੋੜ ਜਿਹੜੀ Visitor/Nanny ਜਾਂ ਫਿਰ Student ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਸਰਬੱਤ ਸਿਹਤ ਬੀਮਾ ਯੋਜਨਾ ਰੋਜ਼ਾਨਾ 1000 ਤੋਂ ਵੱਧ ਮਰੀਜ਼ਾਂ ਨੂੰ ਦੇ ਰਹੀ ਹੈ ਸਹੂਲਤ : ਬਲਬੀਰ ਸਿੱਧੂ

ਚੰਡੀਗੜ੍ਹ, 19 ਨਵੰਬਰ(ਗਿਆਨ ਸਿੰਘ) ਸਰਬੱਤ ਸਹਿਤ ਬੀਮਾ ਯੋਜਨਾ ਨੂੰ ਵਿਆਪਕ ਪੱਧਰ 'ਤੇ ਹੁਲਾਰਾ ਮਿਲਦਿਆਂ ਹੁਣ ਸੂਬੇ ਦੇ ਸੂਚੀਬੱਧ ਹਸਪਤਾਲਾਂ ਵਿੱਚ ਰੋਜ਼ਾਨਾ 1000 ਤੋਂ ਵੱਧ ਮਰੀਜ਼ਾਂ ਨੂੰ ਦੂਜੇ ਅਤੇ ਤੀਜੇ ਦਰਜੇ ਦੀਆਂ ਆਪਰੇਸ਼ਨ ਤੇ ਸਰਜਰੀ ਵਾਲੀਆਂ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਹੋ ਰਹੀਆਂ ਹਨ।

ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸੋਮਵਾਰ ਨੂੰ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਬੀਮਾ ਯੋਜਨਾ ਦੇ ਕੰਮ-ਕਾਜ ਦਾ ਜਾਇਜ਼ਾ ਲਿਆ ਤੇ ਦੱਸਿਆ ਕਿ ਸੂਬੇ ਦੇ ਸੂਚੀਬੱਧ ਨਿੱਜੀ ਅਤੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਵੱਧ ਰਹੀ ਰਜਿਸਟਰੇਸ਼ਨ ਨੂੰ ਦੇਖਦਿਆਂ ਉਹਨਾਂ ਸੂਬਾ ਸਿਹਤ ਏਜੰਸੀ ਨੂੰ ਕਾਮਨ ਸਰਵਿਸ ਸੈਂਟਰਾਂ ਅਤੇ ਹਸਪਤਾਲਾਂ ਵਿੱਚ ਈ-ਕਾਰਡ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਹਦਾਇਤ ਕੀਤੀ ਹੈ। ਉਹਨਾਂ ਅੱਗੇ ਕਿਹਾ ਕਿ ਇਹ ਸਿਹਤ ਵਿਭਾਗ ਦੀ ਇਕ ਹੋਰ ਸ਼ਲਾਘਾਯੋਗ ਉਪਲੱਬਧੀ ਹੈ ਕਿ ਤਿੰਨ ਮਹੀਨਿਆਂ ਵਿੱਚ ਯੋਗ ਲਾਭਪਾਤਰੀਆਂ ਨੂੰ 36,85,818 ਤੋਂ ਵੱਧ ਈ-ਕਾਰਡ ਜਾਰੀ ਕੀਤੇ ਜਾ ਚੁੱਕੇ ਹਨ। ਜਿਸ ਤਹਿਤ ਲੁਧਿਆਣਾ ਜ਼ਿਲ੍ਹਾ 3,69,429 ਈ-ਕਾਰਡ ਬਣਾ ਕੇ ਸੂਬੇ ਭਰ ਵਿੱਚ ਮੋਹਰੀ ਰਿਹਾ।

ਇਸ ਸਕੀਮ ਅਧੀਨ ਆਉਂਦੇ ਮਰੀਜ਼ਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ 57,600 ਮਰੀਜ਼ਾਂ ਵਿਚੋਂ 900 ਮਰੀਜ਼ਾਂ ਦੇ ਦਿਲ ਦੀਆਂ ਸਰਜਰੀਆਂ ਅਤੇ 556 ਗੋਡੇ ਬਦਲਣ ਦੇ ਆਪਰੇਸ਼ਨ ਕੀਤੇ ਗਏ। ਉਹਨਾਂ ਅੱਗੇ ਕਿਹਾ ਕਿ ਪਟਿਆਲਾ ਜ਼ਿਲ੍ਹਾ ਸੂਬੇ ਭਰ ਵਿੱਚੋਂ ਸਭ ਤੋਂ ਵੱਧ 5475 ਮਰੀਜ਼ਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾ ਕੇ ਇਲਾਜ ਸਹੂਲਤਾਂ ਮੁਹੱਈਆ ਕਰਵਾਉਣ ਵਾਲਾ ਮੋਹਰੀ ਜ਼ਿਲ੍ਹਾ ਬਣ ਗਿਆ ਹੈ। ਉਹਨਾਂ ਦੱਸਿਆ ਕਿ ਹੁਣ ਤੱਕ ਸੂਬੇ ਵਿੱਚ ਸਰਬੱਤ ਸਿਹਤ ਬੀਮਾ ਯੋਜਨਾ ਅਧੀਨ ਮਰੀਜ਼ਾਂ ਨੂੰ 67.56 ਕਰੋੜ ਰੁਪਏ ਦਾ ਲਾਭ ਦਿੱਤਾ ਜਾ ਚੁੱਕਾ ਹੈ।

ਮੰਤਰੀ ਨੇ ਅੱਗੇ ਦੱਸਿਆ ਕਿ ਸਿਹਤ ਬੀਮਾ ਯੋਜਨਾ ਅਧੀਨ ਉਸ ਲਾਭਪਾਤਰੀ ਨੂੰ ਹੀ ਯੋਗ ਮੰਨਿਆ ਜਾਂਦਾ ਹੈ ਜਿਸ ਨੂੰ ਈ-ਕਾਰਡ ਨੰਬਰ ਜਾਰੀ ਕੀਤਾ ਗਿਆ ਹੋਵੇ ਅਤੇ ਜਿਸ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਕਾਮਨ ਸਰਵਿਸ ਸੈਂਟਰਾਂ ਅਤੇ ਹਸਪਤਾਲਾਂ ਤੋਂ ਆਪਣੇ ਈ-ਕਾਰਡ ਬਣਾਉਣ ਲਈ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਕੈਂਪ ਵੀ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਸਿਵਲ ਸਰਜਨ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਤਾਂ ਜੋ ਵੱਧ ਤੋਂ ਵੱਧ ਮਰੀਜ਼ਾਂ ਨੂੰ ਸਿਹਤ ਬੀਮਾ ਯੋਜਨਾ ਦਾ ਲਾਭ ਮਿਲ ਸਕੇ।

ਬਲਬੀਰ ਸਿੰਘ ਸਿੱਧੂ ਨੇ ਇਹ ਵੀ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਪ੍ਰਮੁੱਖ ਸਕੀਮ 20 ਅਗਸਤ, 2019 ਨੂੰ ਸ਼ੁਰੂ ਕੀਤੀ ਸੀ। ਕਾਬਲੇਗੌਰ ਹੈ ਕਿ ਕੇਂਦਰ ਸਰਕਾਰ ਨੇ ਸਿਰਫ ਐਸ.ਈ.ਸੀ.ਸੀ. ਜਨਗਣਨਾ (2011) ਵਿੱਚ ਪਛਾਣੇ ਗਏ ਪਰਿਵਾਰਾਂ ਨੂੰ ਹੀ ਲਾਭ ਦੇਣ ਲਈ ਸੂਚੀਬੱਧ ਕੀਤਾ ਸੀ ਜਦੋਂ ਕਿ ਇਸ ਵਿੱਚ ਵਾਧਾ ਕਰਦੇ ਹੋਏ ਮੁੱਖ ਮੰਤਰੀ ਨੇ ਇਸ ਸਕੀਮ ਵਿੱਚ 5 ਹੋਰ ਵਰਗਾਂ ਨੂੰ ਸ਼ਾਮਲ ਕਰਨ ਦੀ ਸਿਧਾਂਤਕ ਪ੍ਰਵਾਨਗੀ ਦਿੱਤੀ ਜਿਸ ਵਿੱਚ ਸਮਾਰਟ ਰਾਸ਼ਨ ਕਾਰਡ ਧਾਰਕ, ਛੋਟੇ ਵਪਾਰੀ, ਜੇ-ਫਾਰਮ ਧਾਰਕ ਕਿਸਾਨ, ਛੋਟੇ ਅਤੇ ਸੀਮਾਂਤ ਕਿਸਾਨ ਅਤੇ ਪ੍ਰਮਾਣਿਤ ਅਤੇ ਪੀਲੇ ਕਾਰਡ ਧਾਰਕ ਪੱਤਰਕਾਰ ਸ਼ਾਮਲ ਹਨ।

ਦੂਜੇ ਅਤੇ ਤੀਜੇ ਦਰਜੇ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਮੰਤਰੀ ਨੇ ਕਿਹਾ ਕਿ 204 ਸਰਕਾਰੀ ਹਸਪਤਾਲਾਂ ਤੋਂ ਇਲਾਵਾ 402 ਨਿੱਜੀ ਹਸਪਤਾਲਾਂ ਨੂੰ ਇਸ ਸਕੀਮ ਅਧੀਨ ਸੂਚੀਬੱਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲਗਭਗ 27 ਹੋਰ ਨਿੱਜੀ ਹਸਪਤਾਲਾਂ ਨੂੰ ਸਟੇਟ ਇੰਪੈਨਲਮੈਂਟ ਕਮੇਟੀ ਵੱਲੋਂ ਪ੍ਰਵਾਨਗੀ ਮਿਲ ਗਈ ਹੈ।


TransExpert NOW HIRING! Skylark LOGISTICS INC.
Full Time Mechanic Also Needed
Highway US Drivers & Owner Operators Wanted
• 2 year experience must. • Drivers paid 60C per mile.
• Midwest runs. • Direct deposit payments.
• Friendly dispatch and flexible schedule.
• Brand new automatic trucks.
• New trailers so no hastle at scales.
• On site fuel and scale.
Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.


JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
♦ Free Evaluation of your Property
♦ Special Packages for First Time Buyer
♦ Arrangement of Low Mortgage rate Lawyer
♦ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।
FOR SALE
Tri-City
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


## ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


Honesty, Reliability, Commitment
SELL FOR MORE BUY FOR LESS
• 1 yr Home Warranty • We Help to get mortgage
Free valuation & Lowest Commission • Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM

Silvercity
B. 905.913.8500
HIRA RANDHWA
Broker
416.319.0551

BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work

7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner


V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL

KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਕੱਚੀ ਕਾਨੀ ਤੋਂ ਪਾਰਕਰ ਪੈਨ ਤੱਕ

-ਨਵਿੰਦਰ ਸ਼ਰਮਾ-



ਕਈ ਵਾਰ ਖਿਆਲ ਆਉਂਦਾ ਹੈ ਕਿ ਕਲਮ, ਪੈਨ ਜਾਂ ਪੈਨਸਿਲ ਵਿੱਚ ਕਿੰਨੀ ਤਾਕਤ ਹੈ, ਜੋ ਕਿਸੇ ਦੇ ਮਨ ਦੇ ਵਲਵਲੇ, ਬਿਖਰੇ ਜਜ਼ਬਾਤ, ਬੁਲੰਦ ਹੌਸਲੇ ਦੀ ਝਲਕ ਕਾਪੀ 'ਤੇ ਝਰੀਟ ਕੇ ਲੋਕਾਂ ਤੱਕ ਪਹੁੰਚਾਉਂਦੀ ਹੈ। ਉਹ ਕਲਮਾਂ ਕਿੰਨੀਆਂ ਖੁਸ਼ਕਿਸਮਤ ਹੋਣਗੀਆਂ, ਜਿਨ੍ਹਾਂ ਨਾਲ ਮਹਾਪੁਰਸ਼ਾਂ ਵੱਲੋਂ ਵਿਦਵਤਾ ਭਰੇ ਗ੍ਰੰਥ ਲਿਖੇ ਗਏ, ਜਿਨ੍ਹਾਂ ਤੋਂ ਲੋਕਾਂ ਨੇ ਸੇਧ ਲੈ ਕੇ ਮਨੁੱਖੀ ਜ਼ਿੰਦਗੀ ਵਿੱਚ ਸੁਧਾਰ ਤੇ ਤਬਦੀਲੀ ਲਿਆਂਦੀ। ਜੀਭ ਅਤੇ ਬੁੱਲ੍ਹਾਂ ਦੀ ਸਹਾਇਤਾ ਨਾਲ ਬੋਲਣ ਤੋਂ ਬਾਅਦ ਮਨ ਦੇ ਪ੍ਰਗਟਾਵੇ ਦਾ ਇਸ ਤੋਂ ਚੰਗਾ ਸਾਧਨ ਕੀ ਹੋ ਸਕਦਾ ਹੈ। ਕਿਸੇ ਭਾਵਨਾਵਾਂ ਨਾਲ ਓਤ-ਪੋਤ ਇਨਸਾਨ ਨੂੰ ਕਲਮ ਦਾ ਖਿਆਲ ਨਾ ਆਇਆ ਹੁੰਦਾ ਤਾਂ ਜਿਹੜਾ ਗਿਆਨ ਦਾ ਸਾਗਰ ਕਿਤਾਬਾਂ 'ਚ ਭਰਿਆ ਪਿਆ ਹੈ, ਹੋਂਦ ਵਿੱਚ ਨਾ ਆਉਂਦਾ। ਵਿਗਿਆਨਕ ਖੋਜਾਂ ਨਾ ਹੁੰਦੀਆਂ। ਲੋਕ ਆਤਮਿਕ ਗਿਆਨ ਤੋਂ ਵਾਂਝੇ ਰਹਿ ਜਾਂਦੇ।

ਬਹੁਤੇ ਵਿਦਵਾਨਾਂ ਨੇ ਕਲਮ ਦੀ ਤਾਕਤ ਬੰਦੂਕ ਦੀ ਤਾਕਤ ਤੋਂ ਵੱਧ ਮੰਨੀ ਹੈ। ਮਹਾਨ ਆਗੂਆਂ ਦੀਆਂ ਲਿਖਤਾਂ ਨੇ ਬਹੁਤ ਸਾਰੇ ਦੇਸ਼ਾਂ 'ਚ ਇਨਕਲਾਬ ਲਿਆਂਦੇ। ਮੈਨੂੰ ਧੁੰਦਲਾ ਜਿਹਾ ਯਾਦ ਹੈ ਕਿ ਜਦ ਮੈਨੂੰ ਪਿਤਾ ਜੀ ਸਕੂਲ ਦਾਖਲ ਕਰਾ ਕੇ ਆਏ ਤਾਂ ਮੇਰੇ ਕੋਲ ਖੱਦਰ ਦੇ ਚਿੱਟੇ ਝੋਲੇ ਵਿੱਚ ਕੈਦਾ, ਫੱਟੀ, ਟੀਨ ਦੀ ਗੋਲ ਦਵਾਤ ਵਿੱਚ ਕਾਲੀ ਸਿਆਹੀ, ਕੱਚੀ ਕਾਨੀ ਦੀ ਕਲਮ ਤੇ ਇਕ ਪਾਸਿਓਂ ਘੜੀ ਪੈਨਸਿਲ ਸੀ। ਗਾਚਣੀ ਨਾਲ ਪੋਚੀ ਹੋਈ ਫੱਟੀ 'ਤੇ ਲਾਈਨਾਂ ਮਾਰ ਕੇ ਮਾਸਟਰ ਜੀ ਪੈਨਸਿਲ ਨਾਲ ਇਕ ਪਾਸੇ ਪੈਂਤੀ (ੳ, ਅ..) ਤੇ ਦੂਜੇ ਪਾਸੇ ਗਿਣਤੀ (1,2..) ਦੇ ਪੂਰਨੇ ਦਿੰਦੇ। ਅਸੀਂ ਉਸ ਦੇ ਉਪਰ ਤਿੱਖੀ ਨੋਕ ਵਾਲੀ ਕੱਚੀ ਕਾਨੀ ਕਾਲੀ ਸਿਆਹੀ 'ਚ ਡੋਬ ਕੇ ਲਿਖਦੇ। ਮਾਸਟਰ ਜੀ ਫੱਟੀਆਂ ਚੈਕ ਕਰਦੇ ਤੇ ਲਿਖਾਈ ਮੁਤਾਬਕ ਨੰਬਰ ਦਿੰਦੇ। ਲਗਾਤਾਰ ਅਭਿਆਸ ਨਾਲ ਮੈਂ ਵੀ ਵਧੀਆ ਲਿਖਾਈ ਕਰਨ ਲੱਗ ਪਿਆ। ਜਿੱਦਣ ਮੈਂ ਪਹਿਲੇ ਦਿਨ ਫਸਟ ਆਇਆ ਤਾਂ ਮੇਰੇ ਹਮ ਜਮਾਤੀਆਂ ਨੇ ਉਸੇ ਸਕੂਲ 'ਚ ਪੜ੍ਹਦੇ ਮੇਰੇ ਵੱਡੇ ਭਰਾ ਨੂੰ ਦੱਸਿਆ।

ਉਹ ਬਹੁਤ ਖੁਸ਼ ਹੋਇਆ। ਕੱਚੀ ਕਾਨੀ ਆਮ ਤੌਰ 'ਤੇ ਚਾਕੂ ਨਾਲ ਘੜ ਕੇ ਤਿੱਖੀ ਨੋਕ ਬਣਾਈ ਜਾਂਦੀ ਹੈ। ਕਈ ਵਾਰ ਥੈਲੇ ਦੇ ਕੱਪੜੇ ਵਿੱਚ ਫਸ ਕੇ ਟੁੱਟ ਜਾਂਦੀ। ਬਲੇਡ ਨਾਲ ਘੜਦੇ ਤਾਂ ਇਸ ਦੀ ਤੇਜ਼ ਧਾਰ ਹੱਥ ਦੀ ਕਿਸੇ ਉਂਗਲ 'ਤੇ ਵੱਜ ਜਾਂਦੀ ਤੇ ਉਂਗਲ ਲਹੂ ਲੁਹਾਣ ਹੋ ਜਾਂਦੀ। ਫਿਰ ਬਾਂਸ ਦੀਆਂ ਪੱਕੀਆਂ ਕਾਨੀਆਂ ਆਉਣ ਲੱਗ ਪਈਆਂ ਜੋ ਘੜਨੀਆਂ ਔਖੀਆਂ, ਪਰ ਛੇਤੀ ਟੁੱਟਦੀਆਂ ਨਹੀਂ ਸਨ। ਕਲਮ ਦੀ ਤਿੱਖੀ ਨੋਕ ਦੇ ਵਿਚਾਲੇ ਚੀਰ ਪਾਇਆ ਜਾਂਦਾ ਤਾਂ ਜੋ ਸਿਆਹੀ ਵੱਧ ਲੱਗੇ ਤੇ ਲਿਖਾਈ ਗੂੜ੍ਹੀ ਹੋ ਸਕੇ। ਫੱਟੀਆਂ ਲਿਖਦੇ-ਲਿਖਦੇ ਇਕ ਦੂਜੇ ਦੀ ਦਵਾਤ ਤੋਂ ਟੋਭਾ ਲਾਉਣ 'ਤੇ ਮਾਸਟਰ ਜੀ ਨੂੰ ਸ਼ਿਕਾਇਤ ਦਾ ਰਿਵਾਜ ਸੀ। ਲੜਨ ਵੇਲੇ ਫੱਟੀਆਂ ਹਥਿਆਰ ਵਜੋਂ ਵਰਤੀਆਂ ਜਾਂਦੀਆਂ ਸਨ।

ਜਮਾਤਾਂ ਦਾ ਦਰਜਾ ਵਧਣ ਨਾਲ ਫੱਟੀਆਂ ਦੀ ਥਾਂ ਕਾਪੀਆਂ ਨੇ ਲੈ ਲਈ। ਸਿਆਹੀ ਕਾਲੀ ਦੀ ਥਾਂ ਨੀਲੀ ਹੋ ਗਈ। ਕਲਮਾਂ ਦੀ ਥਾਂ ਡਰੰਕ (ਡੰਕ) ਆ ਗਏ ਜਿਨ੍ਹਾਂ ਦੇ ਅੱਗੇ ਲੋਹੇ ਦੇ ਨਿੱਬ ਲੱਗੇ ਹੁੰਦੇ ਸਨ। ਹਿੰਦੀ ਲਿਖਣ ਲਈ ਟੇਢੀ ਨੋਕ ਵਾਲੇ ਅਤੇ ਅੰਗਰੇਜ਼ੀ ਲਿਖਣ ਲਈ ਜ਼ੀ ਨਿੱਬ ਵਾਲੇ ਡਰੰਕ ਹੁੰਦੇ। ਮੇਰੇ ਲਈ ਮੇਰੇ ਵੱਡੇ ਭਰਾ ਨੇ ਜੋ ਪੈਨ ਪਹਿਲੀ ਵਾਰ ਲਿਆ ਕੇ ਦਿੱਤਾ, ਉਸ ਦੀ ਸ਼ਕਲ ਮੈਨੂੰ ਅੱਜ ਤੱਕ ਯਾਦ ਹੈ। ਜੇਬ 'ਤੇ ਟੰਗਣ ਲਈ ਲਗਾਈ ਉਸ ਦੀ ਪੱਤਰੀ ਪਹਿਲੇ ਦਿਨ ਹੀ ਟੁੱਟ ਗਈ ਸੀ। ਸੱਤਵੀਂ ਜਮਾਤ 'ਚ ਸਾਰੇ ਵਿਦਿਆਰਥੀ ਸਿਆਹੀ ਭਰ ਕੇ ਚੱਲਣ ਵਾਲੇ ਪੈਨਾਂ ਨਾਲ ਲਿਖਾਈ ਕਰਨ ਲੱਗ ਪਏ ਸਨ, ਪਰ ਨਵੇਂ ਆਏ ਮਾਸਟਰ ਰਣਜੀਤ ਸਿੰਘ ਹੁਰਾਂ ਨੇ ਬੰਦ ਕਰਾ ਦਿੱਤੇ ਤੇ ਦੁਬਾਰਾ ਕਲਮਾਂ ਚੁਕਾ ਦਿੱਤੀਆਂ। ਹੋਰ ਭਾਵੇਂ ਕਿਸੇ ਵਿਸ਼ੇ ਦਾ ਕੰਮ ਅਸੀਂ ਪੈਨ ਨਾਲ ਕਰ ਲੈਂਦੇ, ਪਰ ਪੰਜਾਬੀ ਦਾ ਕੰਮ ਕਲਮ ਨਾਲ ਕੀਤਾ ਜਾਂਦਾ। ਉਨ੍ਹਾਂ ਦਾ ਹੁਕਮ ਤੇ ਸਜ਼ਾ ਸਖਤ ਸੀ। ਇਸ ਲਈ ਕਿਸੇ ਦੀ ਜੁਰੱਅਤ ਨਹੀਂ ਸੀ ਕਿ ਪੈਨ ਨਾਲ ਕੰਮ ਕਰ ਲਵੇ। ਸਾਲਾਨਾ ਪੇਪਰਾਂ 'ਚ ਵੀ ਉਹ ਤੁਰ ਫਿਰ ਕੇ ਚੈਕ ਕਰਦੇ ਕਿ ਕੋਈ ਪੈਨ ਨਾਲ ਤਾਂ ਨਹੀਂ ਕੰਮ ਕਰ ਰਿਹਾ।

ਉਨ੍ਹਾਂ ਦਾ ਕਥਨ ਸੀ ਕਿ ਕਲਮ ਨਾਲ ਲਿਖਾਈ ਸੁਧਰਦੀ ਤੇ ਪੈਨ ਨਾਲ ਵਿਗੜਦੀ ਹੈ। ਇਹ ਸ਼ਾਇਦ ਉਨ੍ਹਾਂ ਦਾ ਹੀ ਪ੍ਰਤਾਪ ਸੀ ਕਿ ਅੱਠਵੀਂ ਜਮਾਤ ਦੀ ਸਟੈਂਡਰਡ ਦੀ ਪ੍ਰੀਖਿਆ 'ਚ ਮੈਂ ਪੰਜਾਬੀ ਵਿਸ਼ੇ 'ਚ ਜ਼ਿਲੇ 'ਚੋਂ ਫਸਟ ਆਇਆ ਤੇ ਵਜ਼ੀਫਾ ਹਾਸਲ ਕੀਤਾ। ਗੀਤ ਲਿਖਣ ਤੇ ਗਾਉਣ ਲਈ ਵੀ ਮੈਨੂੰ ਉਨ੍ਹਾਂ ਨੇ ਹੀ ਉਤਸ਼ਾਹਤ ਕੀਤਾ ਸੀ। ਬਾਲ ਪੈਨ ਆਉਣ ਨਾਲ ਲਿਖਾਈ ਭਾਵੇਂ ਤੇਜ਼ੀ ਨਾਲ ਹੋਣ ਲੱਗ ਪਈ, ਪਰ ਵਿਗੜਨ ਵੀ ਲੱਗ ਪਈ। ਪੇਪਰਾਂ 'ਚ ਸਮਾਂ ਸੀਮਿਤ ਹੋਣ ਕਾਰਨ ਲਿਖਾਈ ਦਾ ਘੱਟ ਖਿਆਲ ਰੱਖਿਆ ਜਾਂਦਾ ਹੈ।

ਸਰਕਾਰੀ ਨੌਕਰੀ 'ਚ ਆ ਕੇ ਤਾਂ ਲਿਖਾਈ ਹੋਰ ਵਿਗੜ ਗਈ, ਕਿਉਂਕਿ ਮਿੱਥੇ ਸਮੇਂ ਅੰਦਰ ਕੰਮ ਨਿਬੇੜਨ ਦੀ ਮਜਬੂਰੀ ਹੁੰਦੀ ਹੈ। ਡਵੀਜ਼ਨ ਦਫਤਰ ਵਿੱਚ ਆਡੀਟਰ ਵਜੋਂ ਕੰਮ ਕਰਨ ਵੇਲੇ ਸਿਆਹੀ ਦਾ ਰੰਗ ਵੀ ਬਦਲ ਗਿਆ। ਚੈਕਿੰਗ ਵੀ ਲਾਲ ਸਿਆਹੀ ਨਾਲ ਅਤੇ ਪਾਸ ਆਰਡਰ ਵੀ। ਐਸ ਏ ਐਸ ਭਾਗ ਪਹਿਲਾ ਪਾਸ ਕਰਨ ਉਪਰੰਤ ਜਦ ਤਰੱਕੀ ਹੋਈ ਅਤੇ ਫਿਰੋਜ਼ਪੁਰ 'ਚ ਡਵੀਜ਼ਨਲ ਅਕਾਊਂਟੈਂਟ ਵਜੋਂ ਜੁਆਇਨ ਕਰਕੇ ਪਹਿਲੇ ਦਿਨ ਹਰੀ ਸਿਆਹੀ ਵਾਲੇ ਪੈਨ ਦੀ ਵਰਤੋਂ ਕੀਤੀ ਤਾਂ ਫਖਰ ਮਹਿਸੂਸ ਹੋਇਆ।

ਬਹੁਤ ਕਿਸਮਾਂ ਦੇ ਪੈਨ ਹੱਥਾਂ 'ਚੋਂ ਲੰਘੇ ਹਨ। ਨਿੱਬ ਅਤੇ ਜੀਭੀ ਵਾਲੇ ਪੈਨ ਵੀ, ਜਿਨ੍ਹਾਂ ਦੇ ਪਿਛਲੇ ਹਿੱਸੇ 'ਚ ਪਲਾਸਟਿਕ ਦੀ ਬੋਕੀ ਹੁੰਦੀ ਸੀ, ਜਿਸ ਵਿੱਚ ਹੱਥ ਨਾਲ ਦਬਾ ਕੇ ਸਿਆਹੀ ਭਰੀ ਜਾਂਦੀ। ਫਿਰ ਪਿਛਲੇ ਪਾਸਿਓਂ ਖੋਖਲੇ ਪੈਨ ਆਏ ਜਿਨ੍ਹਾਂ ਵਿੱਚ ਕਾਫੀ ਸਾਰੀ ਸਿਆਹੀ ਭਰੀ ਜਾਂਦੀ, ਪਰ ਉਹ ਛੇਤੀ ਲੀਕ ਕਰਨ ਲੱਗ ਜਾਂਦੇ ਤੇ ਹੱਥ ਸਿਆਹੀ ਨਾਲ ਲਿੱਬੜ ਜਾਂਦੇ ਸਨ। ਫਿਰ ਦੋ ਮੂੰਹਾਂ ਵਾਲੇ ਪੈਨ ਆਏ ਜੋ ਇਕ ਪਾਸਿਓਂ ਨੀਲੀ ਸਿਆਹੀ ਨਾਲ ਅਤੇ ਦੂਜੇ ਪਾਸਿਓਂ ਲਾਲ ਸਿਆਹੀ ਨਾਲ ਭਰੇ ਹੁੰਦੇ। ਕਈ-ਕਈ ਸਿੱਕਿਆਂ ਵਾਲੇ ਬਾਲ ਪੈਨ ਵੀ ਆਏ। ਮੇਰੇ ਵਿਆਹ 'ਤੇ ਮੇਰੇ ਦੋਸਤ ਬਲਜੀਤ ਢਿੱਲੋਂ ਨੇ ਮੈਨੂੰ ਚੀਨ ਦਾ ਬਣਿਆ ਵਿੰਗਸੰਗ ਪੈਨ ਤੋਹਫੇ ਦੇ ਤੌਰ 'ਤੇ ਦਿੱਤਾ। ਸਰਵਿਸ ਦੌਰਾਨ ਰੀਨਾਲਡ ਦੇ ਬਾਲ ਪੈਨ ਹੀ ਜ਼ਿਆਦਾ ਵਰਤੇ। ਪਾਰਕਰ ਪੈਨ ਬਾਰੇ ਸੁਣਿਆ ਸੀ ਕਿ ਮਹਿੰਗਾ ਹੁੰਦਾ ਹੈ। ਇਕ ਦੋ ਵਾਰੀ ਦੇਖਿਆ ਵੀ, ਪਰ ਲੈਣ ਦੀ ਹਿੰਮਤ ਨਹੀਂ ਸੀ ਪਈ।

ਮੇਰੇ ਦੋਸਤ ਨਛੱਤਰ ਸਿੰਘ ਗਿੱਲ ਦੇ ਬੇਟੇ ਦਾ ਵਿਆਹ ਹੋਇਆ ਤਾਂ ਅਸੀਂ ਸਾਰੇ ਪਰਵਾਰ ਨੂੰ ਖਾਣੇ 'ਤੇ ਬੁਲਾਇਆ। ਉਹ ਦੋਵੇਂ ਪਤੀ-ਪਤਨੀ, ਨੂੰਹ ਅਤੇ ਬੇਟੀ ਤੇ ਜਵਾਈ ਸਾਰੇ ਜਣੇ ਆਏ। ਉਸ ਦੇ ਜਵਾਈ ਬਰਿੰਦਰ ਸਿੰਘ ਨੂੰ ਸ਼ਾਇਦ ਮੇਰੇ ਲਿਖਣ ਪੜ੍ਹਨ ਦੇ ਸ਼ੌਕ ਦਾ ਪਤਾ ਸੀ ਇਸ ਲਈ ਘਰ ਆ ਕੇ ਜੋ ਉਸ ਨੇ ਮੈਨੂੰ ਭੇਟ ਕੀਤਾ ਉਹ ਇਕ ਪਾਰਕਰ ਪੈਨ ਤੇ ਨੋਟ ਬੁੱਕ ਸੀ ਜਿਨ੍ਹਾਂ ਨੂੰ ਹਾਸਲ ਕਰਕੇ ਮੈਨੂੰ ਹੈਰਾਨੀ ਵੀ ਹੋਈ, ਖੁਸ਼ੀ ਵੀ। ਕੈਨੇਡਾ ਤੇ ਆਸਟਰੇਲੀਆ 'ਚ ਵੀ ਬੱਚਿਆਂ ਨੇ ਭਾਂਤ-ਭਾਂਤ ਦੇ ਪੈਨ ਤੈਂ ਬਾਲ ਪੈਨ ਲਿਆ ਕੇ ਦਿੱਤੇ ਜਿਨ੍ਹਾਂ ਨਾਲ ਲਿਖਣ ਵੇਲੇ ਵੱਖਰੀ ਕਿਸਮ ਦਾ ਸਕੂਨ ਪ੍ਰਾਪਤ ਹੁੰਦਾ ਹੈ।

# ਵਿਗਿਆਨਕ ਚੇਤਨਾ ਪੈਦਾ ਕਰਨਾ ਸਮੇਂ ਦੀ ਲੋੜ

-ਗੁਰਬਿੰਦਰ ਸਿੰਘ ਮਾਣਕ-



ਅਜੋਕੇ ਯੁੱਗ ਨੂੰ ਵਿਗਿਆਨ ਤੇ ਤਕਨਾਲੋਜੀ ਦਾ ਯੁੱਗ ਕਿਹਾ ਜਾਂਦਾ ਹੈ। ਮਨੁੱਖੀ ਸੂਝ ਦੀ ਬਦੌਲਤ ਅਨੇਕਾਂ ਖੋਜਾਂ ਨੇ ਮਾਨਵੀ ਜੀਵਨ ਨੂੰ ਮੁੱਢੋਂ ਬਦਲ ਕੇ ਰੱਖ ਦਿੱਤਾ ਹੈ। ਵਿਗਿਆਨਕ ਕਾਢਾਂ ਨੇ ਅਜੋਕੇ ਮਨੁੱਖ ਦੇ ਜੀਵਨ ਨੂੰ ਅਨੇਕਾਂ ਸੁੱਖ ਸਹੂਲਤਾਂ ਨਾਲ ਮਾਲੋ-ਮਾਲ ਕੀਤਾ ਹੈ ਤੇ ਲਗਾਤਾਰ ਕਰ ਰਿਹਾ ਹੈ। ਤਰਨਾਲੋਜੀ ਤੇ ਵਿਗਿਆਨ ਦੇ ਹੈਰਾਨਕੁਨ ਵਰਤਾਰੇ ਨੇ ਦੁਨੀਆ ਨੂੰ ਚਲਾ ਰਹੀ ਕਿਸੇ ਅਦਿੱਖ ਸ਼ਕਤੀ ਬਾਰੇ ਸਦੀਆਂ ਤੋਂ ਪ੍ਰਚੱਲਿਤ ਧਾਰਨਾਵਾਂ ਬਾਰੇ ਕੁਝ ਲੋਕਾਂ ਨੂੰ ਮੁੜ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਆਵਾਜਾਈ ਦੇ ਤੇਜ਼ ਰਫਤਾਰ ਸਾਧਨਾਂ ਨੇ ਵਿਸ਼ਾਲ ਸੰਸਾਰ ਦੀਆਂ ਮੀਲਾਂ ਦੀਆਂ ਦੂਰੀਆਂ ਨੂੰ ਮੇਟ ਦਿੱਤਾ ਹੈ। ਸੰਚਾਰ ਸਾਧਨਾਂ ਦੇ ਖੇਤਰ ਵਿੱਚ ਹੋਈ ਪ੍ਰਗਤੀ ਨਾਲ ਪੂਰਾ ਸੰਸਾਰ ਸਿਮਟ ਕੇ ਪਿੰਡ ਬਣ ਗਿਆ ਹੈ। ਜੀਵਨ ਵਿੱਚ ਅਨੇਕਾਂ ਸੁੱਖ ਸਹੂਲਤਾਂ ਪੈਦਾ ਕਰਨ ਪਿੱਛੋਂ ਵਿਗਿਆਨਕ ਉਪਲੱਬਧੀਆਂ ਤੋਂ ਕੋਈ ਮਨੁੱਖ ਇਨਕਾਰੀ ਨਹੀਂ ਹੋ ਸਕਦਾ। ਨਵੀਂ ਤਰ੍ਹਾਂ ਦੀ ਸਿੱਖਿਆ ਨੇ ਸਾਲਾਂ ਤੋਂ ਲੋਕਾਂ ਦੇ ਮਨ ਵਿਚਲੀਆਂ ਰੂੜੀਵਾਦੀ ਧਾਰਨਾਵਾਂ ਨੂੰ ਨਵੇਂ ਯੁੱਗ ਦੀਆਂ ਸੋਚਾਂ ਦੀ ਜਾਗ ਲਾਈ ਹੈ।

ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ ਮਹਿਸੂਸ ਹੁੰਦਾ ਹੈ ਕਿ ਇਸ ਦੇ ਬਹੁਤੇ ਕਾਰਜ ਵਿਗਿਆਨ ਤੇ ਤਕਨਾਲੋਜੀ ਨਾਲ ਜੁੜੇ ਹੋਏ ਹਨ। ਹਰ ਮਨੁੱਖ ਘਰ, ਦਫਤਰ, ਸਕੂਲ, ਕਾਲਜ, ਯੂਨੀਵਰਸਿਟੀ, ਬਾਜ਼ਾਰ, ਉਦਯੋਗਿਕ ਕੇਂਦਰ ਤੇ ਆਲੇ ਦੁਆਲੇ ਵਿੱਚ ਵਿਚਰਦਿਆਂ ਵਿਗਿਆਨ ਦੀਆਂ ਖੋਜਾਂ ਦੇ ਅੰਗ ਸੰਗ ਜੁੜਿਆ ਹੋਇਆ ਹੈ। ਸੂਚਨਾ ਦੇ ਤੇਜ਼ ਤਰਾਰ ਮਾਧਿਅਮਾਂ ਨੇ ਮਨੁੱਖੀ ਜਾਣਕਾਰੀ ਵਿੱਚ ਬੇਸ਼ੁਮਾਰ ਵਾਧਾ ਕੀਤਾ ਹੈ। ਦੁਨੀਆ ਦੇ ਕਿਸੇ ਕੋਨੇ ਵਿੱਚ ਵਾਪਰੇ ਹਰ ਵਰਤਾਰੇ ਦੀ ਖਬਰ ਹੁਣ ਪਲਾਂ ਛਿਣਾਂ ਵਿੱਚ ਪ੍ਰਾਪਤ ਹੋ ਜਾਂਦੀ ਹੈ। ਵਿਗਿਆਨਕ ਖੋਜਾਂ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆ ਕੇ ਜੀਵਨ ਦੀ ਤੋਰ ਨੂੰ ਅਸਲੋਂ ਬਦਲ ਕੇ ਰੱਖ ਦਿੱਤਾ ਹੈ। ਇਸ ਸਥਿਤੀ ਦੇ ਬਾਵਜੂਦ ਜੇ ਸਮਾਜਿਕ ਵਰਤਾਰੇ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ ਮਹਿਸੂਸ ਹੁੰਦਾ ਹੈ ਕਿ ਵਿਗਿਆਨਕ ਯੁੱਗ ਵਿੱਚ ਵਿਚਰਦਿਆਂ ਹੋਇਆਂ ਵੀ ਸਾਡੀ ਸੋਚ ਸਹੀ ਅਰਥਾਂ ਵਿੱਚ ਵਿਗਿਆਨਕ ਨਹੀਂ ਬਣ ਸਕੀ।

ਅਸੀਂ ਵਿਗਿਆਨਕ ਕਾਢਾਂ ਤੇ ਖੋਜਾਂ ਦਾ ਆਨੰਦ ਮਾਣਦੇ ਹਾਂ, ਪਰ ਸੋਚ ਦਾ ਘੇਰਾ ਅਜੇ ਗੈਰ ਵਿਗਿਆਨਕ ਤੇ ਤਰਕਹੀਣ ਹੈ। ਅਕਸਰ ਪੜ੍ਹੇ ਲਿਖੇ ਲੋਕ ਵੀ ਅਜਿਹੀ ਸੋਚ ਦੇ ਧਾਰਨੀ ਬਣ ਜਾਣ ਤਾਂ ਸਥਿਤੀ ਚਿੰਤਾਜਨਕ ਲੱਗਦੀ ਹੈ। ਵਿਗਿਆਨਕ ਖੋਜਾਂ ਦੀ ਬਦੌਲਤ ਬਹੁਤ ਸਾਰੀਆਂ ਭਿਆਨਕ ਬਿਮਾਰੀਆਂ ਦੇ ਇਲਾਜ ਸੰਭਵ ਹੋ ਸਕੇ ਹਨ। ਇਸ ਦੇ ਬਾਵਜੂਦ ਅਜੇ ਵੀ ਲੱਖਾਂ ਲੋਕ ਅਗਿਆਨਤਾ ਦੇ ਹਨੇਰੇ ਵਿੱਚ ਭਟਕਦੇ ਹੋਏ ਬਿਮਾਰੀਆਂ ਦੀ ਰੋਕਥਾਮ ਲਈ ਸਾਧਾਂ ਸੰਤਾਂ ਤੇ ਨੀਮਾਂ ਹਕੀਮਾਂ ਕੋਲ ਗੇੜੇ ਕੱਢਦੇ ਹਨ। ਵਹਿਮਾਂ ਭਰਮਾਂ ਕਾਰਨ ਸਾਡੀ ਅਥਾਹ ਲੁੱਟ ਹੋ ਰਹੀ ਹੈ। ਵਿ-ਗਿਆਨ ਦੇ ਅਚੰਭਿਤ ਵਰਤਾਰੇ ਦੇ ਬਾਵਜੂਦ ਅੱਜ ਵੀ ਅਨੇਕਾਂ ਲੋਕ ਔਲਾਦ ਪਾਉਣ ਦੀ ਖਾਤਰ ਤਾਂਤਰਿਕਾਂ ਦੇ ਵੱਸ ਪਏ ਹੋਏ ਹਨ, ਜਿਸ ਨਾਲ ਉਹ ਆਪ ਆਪਣੀ ਵਿੱਤੀ ਲੁੱਟ ਕਰਵਾ ਰਹੇ ਹਨ।

ਅਸੀਂ ਗੱਲੀਂ ਬਾਤੀਂ ਬਹੁਤ ਅਗਾਂਹਵਧੂ ਹਾਂ, ਪਰ ਸੋਚ ਨੂੰ ਤਰਕਸ਼ੀਲਤਾ ਦੀ ਕਸਵੱਟੀ 'ਤੇ ਨਹੀਂ ਪਰਖਦੇ। ਅਨੇਕਾਂ ਵਹਿਮ ਭਰਮ ਅੱਜ ਵੀ ਸਾਡੀ ਜ਼ਿੰਦਗੀ ਦਾ ਹਿਸਾ ਬਣੇ ਹੋਏ ਹਨ। ਪਰਵਾਰਾਂ ਵਿੱਚ ਅਕਸਰ ਕਦੇ ਕੋਈ ਝਗੜਾ ਜਾਂ ਬੋਲ ਬੁਲਾਰਾ ਹੋ ਜਾਣਾ ਸੁਭਾਵਿਕ ਗੱਲ ਹੈ। ਸਿਆਣੇ ਕਿਹਾ ਕਰਦੇ ਸਨ ਕਿ ਜਿਥੇ ਦੋ ਭਾਂਡੇ ਹੋਣ ਖੜਕ ਪੈਂਦੇ ਹਨ। ਕਈ ਵਾਰ ਆਰਥਿਕ ਸਮੱਸਿਆਵਾਂ ਹੁੰਦੀਆਂ ਹਨ ਜਾਂ ਕਈ ਵਾਰ ਵਿਚਾਰਾਂ ਦਾ ਵਖਰੇਵਾਂ ਲੜਾਈ ਦਾ ਕਾਰਨ ਬਣ ਜਾਂਦਾ ਹੈ। ਕਈ ਵਾਰ ਲੋਕ ਅਜਿਹੇ ਘਰੇਲੂ ਮਸਲਿਆਂ ਨੂੰ ਵੀ ਹੱਲ ਕਰਾਉਣ ਲਈ ਅਖੌਤੀ ਤਾਂਤਰਿਕਾਂ ਕੋਲ ਜਾਂਦੇ ਹਨ। ਕੀ ਅਸੀਂ ਆਪ ਸਹੇੜੇ ਮਸਲੇ ਵੀ ਖੁਦ ਨਹੀਂ ਸੁਲਝਾ ਸਕਦੇ?

ਸਭ ਤੋਂ ਦੁਖਦਾਈ ਸਥਿਤੀ ਇਹ ਹੈ ਕਿ ਨਵੀਂ ਤਕਨਾਲੋਜੀ ਦੀ ਦੁਰਵਰਤੋਂ ਕਰਕੇ ਆਮ ਲੋਕਾਂ ਦੇ ਮਨਾਂ ਵਿੱਚ ਅੰਧ ਵਿਸ਼ਵਾਸ ਪੈਦਾ ਕੀਤੇ ਜਾ ਰਹੇ ਹਨ। ਸਵੇਰ ਸਮੇਂ ਬਹੁਤੇ ਚੈਨਲਾਂ 'ਤੇ ਲੋਕਾਂ ਦੇ ਭਵਿੱਖ, ਵਿਆਹ ਸ਼ਾਦੀ, ਰੁਜ਼ਗਾਰ ਤੇ ਬਿਮਾਰੀ ਤੋਂ ਨਿਜਾਤ ਪਾਉਣ ਸਣੇ ਹੋਰ ਮੁਸ਼ਕਲਾਂ ਦੇ ਹੱਲ ਦੱਸੇ ਜਾਂਦੇ ਹਨ, ਜਿਸ ਨਾਲ ਲੋਕਾਂ ਦੇ ਮਨਾਂ ਵਿੱਚ ਵਹਿਮਾਂ ਭਰਮਾਂ ਨੂੰ ਹੋਰ ਪੱਕਾ ਕੀਤਾ ਜਾ ਰਿਹਾ ਹੈ, ਜਦੋਂ ਕਿ ਆਧੁਨਿਕ ਸੰਚਾਰ ਸਾਧਨਾਂ ਦਾ ਉਦੇਸ਼ ਲੋਕਾਂ ਨੂੰ ਤਰਕ ਤੇ ਦਲੀਲ ਨਾਲ ਜਾਗਰੂਕ ਕਰਨਾ ਹੁੰਦਾ ਹੈ। ਆਧੁਨਿਕ ਸੰਚਾਰ ਸਾਧਨਾਂ, ਵਿੱਦਿਅਕ ਅਦਾਰਿਆਂ ਤੇ ਹੋਰ ਸੰਸਥਾਵਾਂ ਨੂੰ ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਤਾਂ ਜੋ ਉਹ ਵਿਗਿਆਨਕ ਸੋਚ ਅਪਣਾ ਸਕਣ ਤੇ ਬਿਨਾਂ ਵਜ੍ਹਾ ਹੁੰਦੇ ਵਿੱਤੀ ਅਤੇ ਮਾਨਸਿਕ ਸ਼ੋਸ਼ਣ ਤੋਂ ਬਚ ਸਕਣ।

# ਅਸਮਾਨੀ ਬਿਜਲੀ ਸਾਰੀ ਦੁਨੀਆ ਦੀ ਊਰਜਾ ਲੋੜ ਪੂਰ ਸਕਦੀ ਹੈ

-ਵਿਨੀਤ ਨਾਰਾਇਣ

ਬਿਜਲੀ ਅੱਜ ਸਭਿਅਕ ਸਮਾਜ ਦੀ ਬੁਨਿਆਦੀ ਜ਼ਰੂਰਤ ਬਣ ਚੁੱਕੀ ਹੈ। ਗਰੀਬ-ਅਮੀਰ ਸਭ ਨੂੰ ਇਸ ਦੀ ਲੋੜ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਬਿਜਲੀ ਦਾ ਉਤਪਾਦਨ ਇੰਨਾ ਨਹੀਂ ਹੁੰਦਾ ਕਿ ਹਰ ਕਿਸੇ ਦੀ ਲੋੜ ਨੂੰ ਪੂਰਾ ਕਰ ਸਕੇ, ਇਸ ਲਈ ਬਿਜਲੀ ਉਤਪਾਦਨ ਦੇ ਬਦਲ ਦੇ ਸਰੋਤ ਲਗਾਤਾਰ ਲੱਭੇ ਜਾਂਦੇ ਹਨ। ਪਾਣੀ ਤੋਂ ਬਿਜਲੀ ਬਣਦੀ ਹੈ, ਕੋਲੇ ਤੋਂ ਬਣਦੀ ਹੈ, ਨਿਊਕਲੀਅਰ ਰਿਐਕਟਰ ਤੋਂ ਬਣਦੀ ਹੈ ਤੇ ਸੂਰਜ ਦੀ ਰੌਸ਼ਨੀ ਤੋਂ ਵੀ ਬਣਦੀ ਹੈ, ਪਰ ਵਿਗਿਆਨਕ ਸੂਰਜ ਪ੍ਰਕਾਸ਼ ਕਪੂਰ, ਜਿਨ੍ਹਾਂ ਨੇ ਵੈਦਿਕ ਵਿਗਿਆਨ ਦੇ ਆਧਾਰ 'ਤੇ ਆਧੁਨਿਕ ਜਗਤ ਦੀਆਂ ਕਈ ਵੱਡੀਆਂ ਚੁਣੌਤੀਆਂ ਨੂੰ ਮੌਲਿਕ ਤੌਰ 'ਤੇ ਸੁਲਝਾਉਣ ਦਾ ਕੰਮ ਕੀਤਾ ਹੈ, ਦਾ ਦਾਅਵਾ ਹੈ ਕਿ ਬੱਦਲਾਂ ਵਿੱਚ ਚਮਕਣ ਵਾਲੀ ਬਿਜਲੀ ਨੂੰ ਵੀ ਆਦਮੀ ਦੀ ਜ਼ਰੂਰਤ ਲਈ ਵਰਤਿਆ ਜਾ ਸਕਦਾ ਹੈ।

ਇਹ ਕੋਈ ਕੋਰੀ ਕਲਪਨਾ ਨਹੀਂ, ਇੱਕ ਹਕੀਕਤ ਹੈ। ਦੁਨੀਆ ਦੇ ਵਿਕਸਿਤ ਦੇਸ਼ ਜਿਵੇਂ ਅਮਰੀਕਾ, ਜਾਪਾਨ, ਫਰਾਂਸ ਆਦਿ ਇਸ ਬਿਜਲੀ ਨੂੰ ਵਰਤੋਂ ਵਿੱਚ ਲਿਆਉਣ ਲਈ ਸੰਗਠਿਤ ਹੋ ਚੁੱਕੇ ਹਨ। ਉਨ੍ਹਾਂ ਦੀ ਸੰਸਥਾ ਦਾ ਨਾਂਅ ਹੈ ਇੰਟਰਨੈਸ਼ਨਲ ਕਮਿਸ਼ਨ ਆਫ ਐਟਮੋਸਫੇਅਰਿਕ ਇਲੈਕਟ੍ਰੀਸਿਟੀ। ਬਦਕਿਸਮਤੀ ਨਾਲ ਭਾਰਤ ਇਸ ਸੰਗਠਨ ਦਾ ਮੈਂਬਰ ਨਹੀਂ ਹੈ। ਇਹ ਗੱਲ ਵੱਖਰੀ ਹੈ ਕਿ ਭਾਰਤ ਦੇ ਵੈਦਿਕ ਸ਼ਾਸਤਰਾਂ 'ਚ ਅਸਮਾਨੀ ਬਿਜਲੀ ਨੂੰ ਕੰਟਰੋਲ ਕਰਨ ਦਾ ਵਰਣਨ ਆਉਂਦਾ ਹੈ। ਸੁਣਨ ਵਿੱਚ ਇਹ ਵਿਚਾਰ ਅਟਪਟਾ ਲੱਗੇਗਾ, ਉਵੇਂ ਹੀ, ਜਿਵੇਂ ਅੱਜ ਤੋਂ 100 ਸਾਲ ਪਹਿਲਾਂ ਜੇ ਕੋਈ ਕਹਿੰਦਾ ਕਿ ਮੈਂ ਲੋਹੇ ਦੇ ਜਹਾਜ਼ ਵਿੱਚ ਬੈਠ ਕੇ ਉਡ ਜਾਵਾਂਗਾ ਤਾਂ ਦੁਨੀਆ ਉਸ ਦਾ ਮਜ਼ਾਕ ਉਡਾਉਂਦੀ।

ਪ੍ਰਿਥਵੀ ਦੀ ਸਤ੍ਹਾ ਤੋਂ 80 ਕਿਲੋਮੀਟਰ ਉਪਰ ਤੱਕ ਸਾਡਾ ਵਾਯੂਮੰਡਲ ਹੈ। ਉਸ ਤੋਂ ਉਪਰ 220 ਕਿਲੋਮੀਟਰ ਤੱਕ ਇਕ ਅਦ੍ਰਿਸ਼ ਗੋਲੇ ਨੇ ਪ੍ਰਿਥਵੀ ਨੂੰ ਚਾਰੇ ਪਾਸਿਓਂ ਘੇਰਿਆ ਹੋਇਆ ਹੈ, ਜਿਸ ਨੂੰ ਅਇਨੋ ਸਫੇਅਰ ਕਹਿੰਦੇ ਹਨ, ਜੋ ਆਇਨਜ਼ ਤੋਂ ਬਣਿਆ ਹੋਇਆ ਹੈ। ਇਸ ਆਇਨੋ ਸਫੇਅਰ ਦੇ ਕਣ ਬਿਜਲੀ ਨਾਲ ਚਾਰਜ ਹੁੰਦੇ ਹਨ। ਉਨ੍ਹਾਂ ਦੇ ਅਤੇ ਪ੍ਰਿਥਵੀ ਦੀ ਸਤ੍ਹਾ ਵਿਚਾਲੇ ਲਗਾਤਾਰ ਅਸਮਾਨੀ ਬਿਜਲੀ ਦਾ ਅਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਇੱਕ ਗਲੋਬਲ ਸਰਕਟ ਕੰਮ ਕਰਦਾ ਹੈ, ਜੋ ਅੱਖਾਂ ਨਾਲ ਦਿਖਾਈ ਨਹੀਂ ਦਿੰਦਾ, ਪਰ ਇੰਨੀ ਬਿਜਲੀ ਦਾ ਅਦਾਨ-ਪ੍ਰਦਾਨ ਹੁੰਦਾ ਹੈ ਕਿ ਪੂਰੀ ਦੁਨੀਆ ਦੀ 700 ਕਰੋੜ ਦੀ ਆਬਾਦੀ ਦੀ ਬਿਜਲੀ ਦੀ ਲੋੜ ਬਿਨਾਂ ਖਰਚ ਕੀਤੇ ਪੂਰੀ ਹੋ ਸਕਦੀ ਹੈ। ਉਪਰੋਕਤ ਕੌਮਾਂਤਰੀ ਸੰਸਥਾ ਦਾ ਇਹੀ ਉਦੇਸ਼ ਹੈ ਕਿ ਕਿਵੇਂ ਇਸ ਬਿਜਲੀ ਨੂੰ ਮਨੁੱਖਤਾ ਦੀ ਲੋੜ ਲਈ ਵਰਤੋਂ ਵਿੱਚ ਲਿਆਂਦਾ ਜਾਵੇ।



ਜਦੋਂ ਅਸਮਾਨ ਵਿੱਚ ਬਿਜਲੀ ਚਮਕਦੀ ਹੈ ਤਾਂ ਇਹ ਅਕਸਰ ਪਹਿਲਾਂ ਪਹਾੜਾਂ ਦੀਆਂ ਚੋਟੀਆਂ 'ਤੇ ਡਿੱਗਦੀ ਹੈ। ਡਾਕਟਰ ਕਪੂਰ ਦੱਸਦੇ ਹਨ ਕਿ ਇਸ ਬਿਜਲੀ ਨਾਲ 3000 ਡਿਗਰੀ ਸੈਂਟੀਗ੍ਰੇਡ ਦਾ ਤਾਪਮਾਨ ਪੈਦਾ ਹੁੰਦਾ ਹੈ, ਜਿਸ ਨਾਲ ਪਹਾੜ ਦੀ ਚੋਟੀ ਟੁਕੜੇ-ਟੁਕਵੇ ਹੋ ਜਾਂਦੀ ਹੈ। ਉਕਤ ਕੌਮਾਂਤਰੀ ਸੰਸਥਾ ਨੇ ਅਜੇ ਤੱਕ ਸਿਰਫ ਇੰਨੀ ਸਫਲਤਾ ਹਾਸਲ ਕੀਤੀ ਹੈ ਕਿ ਇਸ ਬਿਜਲੀ ਨਾਲ ਉਹ ਪਹਾੜਾਂ ਦੀਆਂ ਚੋਟੀਆਂ ਨੂੰ ਤੋੜ ਕੇ ਸਮਤਲ ਬਣਾਉਣ ਦਾ ਕੰਮ ਕਰਨ ਲੱਗੇ ਹਨ, ਜੋ ਕੰਮ ਹੁਣ ਤੱਕ ਡਾਇਨਾਮਾਈਟ ਕਰਦਾ ਸੀ।


ਨਿਊ ਯਾਰਕ ਦੀ ਮਸ਼ਹੂਰ ਇਮਾਰਤ ਇੰਪਾਇਰ ਸਟੇਟ ਬਿਲਡਿੰਗ ਦੀ ਚੋਟੀ 'ਤੇ ਜੋ ਤੜੀ ਚਾਲਕ ਲੱਗਾ ਹੈ, ਉਸ 'ਤੇ ਪੂਰੇ ਸਾਲ ਵਿੱਚ ਔਸਤਨ 300 ਵਾਰ ਬਿਜਲੀ ਡਿੱਗਦੀ ਹੈ, ਜਿਸ ਨੂੰ ਲਾਈਟਨਿੰਗ ਕੰਡਕਟਰ ਰਾਹੀਂ ਧਰਤੀ ਦੇ ਅੰਦਰ ਪਹੁੰਚਾ ਦਿੱਤਾ ਜਾਂਦਾ ਹੈ। ਭਾਰਤ ਵਿੱਚ ਵੀ ਤੁਸੀਂ ਅਨੇਕ ਇਮਾਰਤਾਂ 'ਤੇ ਅਜਿਹੇ ਤੜੀ ਚਾਲਕ ਦੇਖੇ ਹੋਣਗੇ, ਜੋ ਭਵਨਾਂ ਨੂੰ ਅਸਮਾਨੀ ਬਿਜਲੀ ਦੇ ਡਿੱਗਣ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਜੇ ਇਸ ਬਿਜਲੀ ਨੂੰ ਜ਼ਮੀਨ ਦੇ ਅੰਦਰ ਨਾ ਲਿਜਾ ਕੇ ਅਡਾਪਟਰ ਲਾ ਕੇ ਉਸ ਦੇ ਪੈਰਾਮੀਟਰਜ਼ ਬਦਲ ਕੇ ਉਸ ਨੂੰ ਗਰਿੱਡ ਵਿੱਚ ਦੇ ਦਿੱਤਾ ਜਾਵੇ ਤਾਂ ਇਸ ਦੀ ਵੰਡ ਮਨੁੱਖੀ ਲੋੜਾਂ ਲਈ ਕੀਤੀ ਜਾ ਸਕਦੀ ਹੈ।

ਮੇਘਾਲਿਆ ਸੂਬਾ, ਜਿਵੇਂ ਨਾਂ ਤੋਂ ਹੀ ਸਪੱਸ਼ਟ ਹੈ, ਬੱਦਲਾਂ ਦਾ ਘਰ ਹੈ। ਇਥੇ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਮੀਂਹ ਪੈਂਦਾ ਹੈ ਤੇ ਸਭ ਤੋਂ ਜ਼ਿਆਦਾ ਬਿਜਲੀ ਡਿੱਗਦੀ ਹੈ। ਕਿਸੇ ਹਵਾਈ ਜਹਾਜ਼ ਨੂੰ ਇਸ ਬੱਦਲ ਵਿੱਚੋਂ ਜਾਣ ਦੀ ਇਜਾਜ਼ਤ ਨਹੀਂ ਹੁੰਦੀ, ਕਿਉਂਕਿ ਅਜਿਹਾ ਕਰਨ 'ਤੇ ਪੂਰਾ ਜਹਾਜ਼ ਅੱਗ ਦੀ ਭੇਟ ਚੜ੍ਹ ਸਕਦਾ ਹੈ। ਬੱਦਲ ਫਟਣਾ ਇੱਕ ਭਾਰੀ ਕੁਦਰਤੀ ਆਫਤ ਹੈ, ਜੋ ਉਤਰਾਖੰਡ ਵਿੱਚ ਵਾਪਰੀ ਸੀ, ਉਸ ਨੂੰ ਵੀ ਇਸ ਵਿਧੀ ਨਾਲ ਰੋਕਿਆ ਜਾ ਸਕਦਾ ਸੀ। ਜੇ ਹਿਮਾਲਿਆ ਦੀਆਂ ਚੋਟੀਆਂ 'ਤੇ ਇਲੈਕਟ੍ਰੀਕਲ ਕਨਵਰਜ਼ਨ ਯੂਨਿਟਸ ਲਾ ਦਿੱਤੇ ਜਾਣ ਅਤੇ ਇਸ ਤਰ੍ਹਾਂ ਸਿਰਜੇ ਗਏ ਬੱਦਲਾਂ ਤੋਂ ਪ੍ਰਾਪਤ ਬਿਜਲੀ ਨੂੰ ਗਰਿੱਡ ਨੂੰ ਦੇ ਦਿੱਤਾ ਜਾਵੇ ਤਾਂ ਉੱਤਰ-ਭਾਰਤ ਦੀ ਬਿਜਲੀ ਦੀ ਲੋੜ ਪੂਰੀ ਹੋ ਜਾਵੇਗੀ ਅਤੇ ਬੱਦਲ ਫਟਣ ਦੀ ਸਮੱਸਿਆ ਤੋਂ ਵੀ ਛੁਟਕਾਰਾ ਮਿਲ ਜਾਵੇਗਾ।

ਧਰਤੀ ਦੀ ਸਤ੍ਹਾ ਤੋਂ 50,000 ਕਿਲੋਮੀਟਰ ਉਪਰ ਧਰਤੀ ਦਾ ਚੁੰਬਕੀ ਕਵਰ, ਮੈਗਨੇਟੋਸਫੇਅਰ ਖਤਮ ਹੋ ਜਾਂਦਾ ਹੈ। ਇਸ ਪੱਧਰ 'ਤੇ ਸੂਰਜ ਤੋਂ ਆਉਂਦੀਆਂ ਸੂਰਜੀ ਹਵਾਵਾਂ ਦੇ ਬਿਜਲੀ ਕਵਰ ਦੇ ਕਣ (ਆਇਨਜ਼) ਉਤਰੀ ਤੇ ਦੱਖਣੀ ਧਰੁਵ ਤੋਂ ਧਰਤੀ ਵਿੱਚ ਪ੍ਰਵੇਸ਼ ਕਰਦੇ ਹਨ, ਜਿਨ੍ਹਾਂ ਨੂੰ ਅਰੋਰਾ ਲਾਈਟਸ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਵਿੱਚ ਇੰਨੀ ਊਰਜਾ ਹੁੰਦੀ ਹੈ ਕਿ ਜੇ ਉਸ ਨੂੰ ਵੇਵ ਗਾਈਡਸ ਰਾਹੀਂ ਇਲੈਕਟ੍ਰੀਕਲ ਕਨਵਰਜ਼ਨ ਯੂਨਿਟ ਲਾ ਕੇ ਗਰਿੱਡ ਵਿੱਚ ਦਿੱਤਾ ਜਾਵੇ ਤਾਂ ਪੂਰੀ ਦੁਨੀਆ ਦੀ ਬਿਜਲੀ ਦੀ ਲੋੜ ਪੂਰੀ ਹੋ ਸਕਦੀ ਹੈ। ਡਾਕਟਰ ਕਪੂਰ ਸਵਾਲ ਕਰਦੇ ਹਨ ਕਿ ਭਾਰਤ ਸਰਕਾਰ ਦਾ ਵਿਗਿਆਨ ਤੇ ਤਕਨੀਕੀ ਮੰਤਰਾਲਾ ਕਿਉਂ ਸੁੱਤਾ ਪਿਆ ਹੈ।

# ਸ਼ਹੀਦੀ ਸਮਾਰਕਾਂ ਦਾ ਸਤਿਕਾਰ ਕਰਨ ਦੀ ਲੋੜ

-ਬਿਕਰਮਜੀਤ ਸਿੰਘ ਜੀਤ



ਅੰਮ੍ਰਿਤਸਰ ਦਾ ਜਲ੍ਹਿਆਂਵਾਲਾ ਬਾਗ 13 ਅਪ੍ਰੈਲ 1919 ਦੀ ਵਿਸਾਖੀ ਨੂੰ ਰੌਲਟ ਐਕਟ ਦੇ ਵਿਰੁੱਧ ਪੁਰਅਮਨ ਰੋਸ ਪ੍ਰਗਟ ਕਰਦੇ ਸੈਂਕੜੇ ਲੋਕਾਂ ਨੂੰ ਬ੍ਰਿਟਿਸ਼ ਸਰਕਾਰ ਦੇ ਫੌਜੀ ਅਫਸਰ ਜਨਰਲ ਡਾਇਰ ਵੱਲੋਂ ਅੰਨ੍ਹੇ-ਵਾਹ ਗੋਲੀਆਂ ਚੱਲਵਾ ਕੇ ਸ਼ਹੀਦ ਕੀਤੇ ਜਾਣ ਦਾ ਗਵਾਹ ਹੈ। ਜਲ੍ਹਿਆਂਵਾਲੇ ਬਾਗ ਦੇ ਇਤਿਹਾਸਕ ਗਲੀ-ਨੁਮਾ ਮੁੱਖ ਦਰਵਾਜ਼ੇ (ਜਿਸ ਰਾਹੀਂ ਜਨਰਲ ਡਾਇਰ ਆਪਣੀਆਂ ਫੌਜਾਂ ਲੈ ਕੇ ਅੰਦਰ ਵੜਿਆ ਸੀ), ਤੋਂ ਜਦੋਂ ਲੇਖਕ ਅੰਦਰ ਜਾ ਰਿਹਾ ਸੀ ਤਾਂ ਉਥੇ ਕੁਝ ਅੱਲੜ੍ਹ ਉਮਰ ਦੀਆਂ ਲੜਕੀਆਂ ਅਜੀਬ ਜਿਹੇ ਮੂੰਹ ਬਣਾ ਕੇ ਆਪਣੇ ਮੋਬਾਈਲ ਨਾਲ ਸੈਲਫੀਆਂ ਖਿੱਚ ਰਹੀਆਂ ਸਨ। ਗਲੀ ਖਤਮ ਹੋਣ ਉੱਤੇ ਇਕ ਖੁੱਲ੍ਹਾ ਵਿਹੜਾ ਹੈ, ਜਿਥੇ ਇਕ ਲਾਲ ਪੱਥਰ ਉੱਤੇ ਨਿਸ਼ਾਨਦੇਹੀ ਕਰਕੇ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਲਿਖਿਆ ਹੈ, 'ਲੋਕਾਂ ਉੱਤੇ ਗੋਲੀ ਇਥੋਂ ਚਲਾਈ ਗਈ ਸੀ।' ਪੱਥਰ ਦੇ ਕੋਲੋਂ ਲੰਘ ਰਹੇ ਸੈਲਾਨੀ ਇਸ ਨੂੰ ਅਣਗੌਲਿਆਂ ਕਰਕੇ ਅੱਗੇ ਲੰਘ ਰਹੇ ਸਨ।

ਇਸ ਜਗ੍ਹਾ ਤੋਂ ਐਨ ਸਾਹਮਣੇ ਵਿਚਕਾਰ ਜਲ੍ਹਿਆਂਵਾਲੇ ਬਾਗ ਦਾ ਸ਼ਹੀਦੀ ਸਮਾਰਕ ਨਜ਼ਰੀਂ ਪੈਂਦਾ ਹੈ। ਇਸ ਦੇ ਖੱਬੇ ਹੱਥ 'ਸ਼ਹੀਦੀ ਖੂਹ' ਹੈ, ਜਿਸ ਵਿੱਚ ਡਾਇਰ ਦੀਆਂ ਗੋਲੀਆਂ ਤੋਂ ਬਚਦੇ ਹੋਏ ਲੋਕ ਜਾ ਡਿੱਗੇ ਸਨ। ਇਸ ਜਗ੍ਹਾ ਵੀ ਨਿਸ਼ਾਨਦੇਹੀ ਕਰਕੇ ਉਸੇ ਤਰ੍ਹਾਂ ਦੇ ਇਕ ਚਨੁਕਰੇ ਲਾਲ ਪੱਥਰ ਉੱਤੇ ਚਾਰ ਭਾਸ਼ਾਵਾਂ ਵਿੱਚ ਇਹ ਲਿਖਿਆ ਗਿਆ ਹੈ, 'ਗੋਲੀ ਤੋਂ ਜਾਨ ਬਚਾਉਣ ਵਾਸਤੇ ਲੋਕ ਦੌੜਦੇ-ਦੌੜਦੇ ਇਸ ਖੂਹ ਵਿੱਚ ਡਿੱਗ ਪਏ। ਇਸ ਖੂਹ ਦੀ ਮੌਣ ਜ਼ਮੀਨ ਸਤ੍ਹਾ ਦੇ ਬਰਾਬਰ ਸੀ। ਇਸ ਖੂਹ ਵਿੱਚੋਂ 120 ਵਿਅਕਤੀਆਂ ਦੀਆਂ ਲਾਸ਼ਾਂ ਕੱਢੀਆਂ ਗਈਆਂ।' ਇਥੇ ਉਹ ਪੁਰਾਤਨ ਦੀਵਾਰਾਂ ਵੀ ਮੌਜੂਦ ਹਨ, ਜਿਨ੍ਹਾਂ 'ਤੇ ਗੋਲੀਆਂ ਦੇ ਨਿਸ਼ਾਨ ਹਾਲੇ ਵੀ ਵੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਇਥੇ ਇਕ ਅਮਰ ਜੋਤੀ ਦੀ ਸਥਾਪਤ ਕੀਤੀ ਗਈ ਹੈ ਤੇ ਸ਼ਹੀਦਾਂ ਦੀ ਯਾਦ ਵਿੱਚ ਤਸਵੀਰਾਂ ਵਾਲੀ ਇਕ ਸ਼ਹੀਦੀ ਚਿੱਤਰਸ਼ਾਲਾ ਵੀ ਹੈ। ਇਥੇ ਅਜਾਇਬ ਘਰ ਨੁਮਾ ਇਕ ਹਾਲ ਵੀ ਹੈ, ਜਿਥੇ ਸ਼ੀਸ਼ੇ ਵਿੱਚ ਰੱਖੀ ਉਹ ਗਾਗਰ ਮੌਜੂਦ ਹੈ, ਜਿਸ ਵਿੱਚ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ 19 ਜੁਲਾਈ 1974 ਨੂੰ ਭਾਰਤ ਲਿਆਂਦੀਆਂ ਗਈਆਂ ਸਨ। ਇਥੇ ਉਸ ਸਾਕੇ ਦੇ ਦਿਨ ਮਾਰੇ ਗਏ ਇਕ ਵਿਅਕਤੀ ਦੀ ਜੇਬ ਵਿੱਚੋਂ ਕੱਢੇ ਗਏ ਸਿੱਕੇ ਰੱਖੇ ਹੋਏ ਹਨ, ਜਿਨ੍ਹਾਂ ਵਿੱਚ ਇਕ ਅਜਿਹਾ ਸਿੱਕਾ ਵੀ ਹੈ, ਜਿਸ 'ਤੇ ਗੋਲੀ ਵੱਜੀ ਸੀ। ਇਥੇ ਕੁਝ ਉਹ ਪੁਸਤਕਾਂ ਵੀ ਰੱਖੀਆਂ ਗਈਆਂ ਹਨ, ਜਿਨ੍ਹਾਂ ਉਤੇ ਉਸ ਸਮੇਂ ਦੀ ਬ੍ਰਿਟਿਸ਼ ਸਰਕਾਰ ਨੇ ਰੋਕ ਲਾਈ ਸੀ। ਇਨ੍ਹਾਂ ਵਿੱਚੋਂ ਇਕ ਪੁਸਤਕ 'ਬਾਗੇ ਜਲਿਆਂ' (ਹਿੰਦੀ) ਤੇ ਦੂਜੀ ਫਿਰੋਜ਼ਦੀਨ ਸ਼ਰਫ ਦੀ 'ਦੁਖਾਂ ਦੇ ਕੀਰਨੇ' ਹੈ, ਜੋ ਪੰਜਾਬ ਖਾਲਸਾ ਪ੍ਰੈਸ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ ਨੇ ਛਾਪੀ ਸੀ। ਇਸ ਤੋਂ ਬਿਨਾ ਇਥੇ ਅੰਗਰੇਜ਼ਾਂ ਵੱਲੋਂ ਲੋਕਾਂ 'ਤੇ ਕੀਤੇ ਜ਼ੁਲਮਾਂ ਦੀ ਦਾਸਤਾਨ ਬਿਆਨ ਕਰਦੀਆਂ ਕੁਝ ਇਤਿਹਾਸਕ ਤਸਵੀਰਾਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ।

ਸ਼ਹੀਦੀ ਸਮਾਰਕ ਦੇ ਆਲੇ ਦੁਆਲੇ ਅਨੇਕਾਂ ਲੋਕ ਘੁੰਮ ਫਿਰ ਰਹੇ ਸਨ। ਇਥੇ ਵੀ ਲਗਭਗ ਹਰ ਵਿਅਕਤੀ ਦੇ ਹੱਥ ਵਿੱਚ ਮੋਬਾਈਲ ਜਾਂ ਕੈਮਰਾ ਸੀ ਤੇ ਉਹ ਇਕ ਦੂਜੇ ਦੀਆਂ ਵੱਖ-ਵੱਖ ਪੋਜ਼ ਵਿੱਚ ਤਸਵੀਰਾਂ ਖਿੱਚ ਰਹੇ ਸਨ। ਥੋੜ੍ਹਾ ਹੋਰ ਅਗਾਂਹ ਕੁਝ ਨੌਜਵਾਨ ਸੈਲਾਨੀ ਲੜਕੇ ਹਾਸਾ ਮਖੌਲ ਕਰਨ ਰੁੱਝੇ ਹੋਏ ਰੌਲਾ ਪਾ ਰਹੇ ਸਨ। ਉਥੇ ਮੌਜੂਦ ਲਗਭਗ ਹਰ ਨੌਜਵਾਨ ਸਿਰਫ ਮੌਜ ਮਸਤੀ ਕਰ ਰਿਹਾ ਸੀ। ਕੁਝ ਨੌਜਵਾਨ ਲੜਕੇ ਮੋਬਾਈਲ 'ਤੇ ਗੀਤ ਲਾ ਕੇ ਸੁਣ ਰਹੇ ਸਨ।

ਇਹ ਸਭ ਕੁਝ ਦੇਖ ਕੇ ਲੇਖਕ ਇਹ ਸੋਚਣ ਲਈ ਮਜਬੂਰ ਹੋ ਗਿਆ ਕਿ ਜੋ 1919 ਵਿੱਚ ਭਾਣਾ ਵਾਪਰਿਆ ਸੀ, ਕੀ ਉਸ ਨੂੰ ਕੋਈ ਯਾਦ ਵੀ ਕਰ ਰਿਹਾ ਹੈ ਜਾਂ ਨਹੀਂ? ਇਥੇ ਮੌਜੂਦ ਲੋਕਾਂ ਨੂੰ ਡਾਇਰ ਵੱਲੋਂ ਇਸ ਜਗ੍ਹਾ ਨਿਹੱਥੇ, ਬੇਦੋਸ਼ੇ ਤੇ ਮਜ਼ਲੂਮ ਲੋਕਾਂ 'ਤੇ ਚਲਾਈਆਂ ਗੋਲੀਆਂ ਦੀ ਆਵਾਜ਼ ਕਿਉਂ ਨਹੀਂ ਸੁਣਦੀ? ਲੱਗਦਾ ਸੀ ਕਿ ਜਲ੍ਹਿਆਂਵਾਲੇ ਬਾਗ ਦਾ ਉਹ ਸ਼ਹੀਦੀ ਖੂਹ, ਜਿਸ ਵਿੱਚ ਲੋਕ ਆਪਣੀਆਂ ਜਾਨਾਂ ਬਚਾਉਂਦੇ ਜਾ ਡਿੱਗੇ ਸਨ, ਪਿਕਨਿਕ ਸਪਾਟ ਬਣ ਗਿਆ ਹੋਵੇ ਤੇ ਲੋਕ ਇਥੇ ਸਿਰਫ ਫੋਟੋਆਂ ਖਿਚਾਉਣ ਆਏ ਹਨ। ਇਹ ਸਭ ਕੁਝ ਦੇਖ ਕੇ, ਖਾਸ ਕਰਕੇ ਨਵੀਂ ਪੀੜ੍ਹੀ ਦਾ ਇਸ ਅਹਿਸਾਸ ਤੋਂ ਵਿਰਵੇ ਅਤੇ ਸੰਵੇਦਨਹੀਣ ਹੋਣਾ, ਮਹਿਸੂਸ ਕਰਕੇ ਲੇਖਕ ਦੇ ਮਨ ਨੂੰ ਕਾਫੀ ਠੇਸ ਪਹੁੰਚੀ।

ਅੰਮ੍ਰਿਤਸਰ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦੀ ਧਰਤੀ ਹੱਕ, ਸੱਚ, ਨਿਆਂ ਤੇ ਆਜ਼ਾਦੀ ਲਈ ਜੂਝ ਮਰਨ ਵਾਲੇ ਅਨੇਕਾਂ ਸ਼ਹੀਦਾਂ ਦੀਆਂ ਕਈ ਕੌਮੀ ਯਾਦਗਾਰਾਂ, ਸਮਾਧਾਂ, ਸਮਾਰਕਾਂ ਨਾਲ ਭਰੀ ਪਈ ਹੈ। ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਚੇਤ ਜਾਂ ਸੁਚੇਤ ਰੂਪ ਵਿੱਚ ਇਨ੍ਹਾਂ ਦੀ ਸ਼ਹੀਦੀ ਦਾ ਅਪਮਾਨ ਨਾ ਕਰੀਏ। ਸ਼ਹੀਦਾਂ ਦੀਆਂ ਯਾਦਗਾਰਾਂ ਉਤੇ ਸੰਵੇਦਨਸ਼ੀਲ ਹੋ ਕੇ ਸਤਿਕਾਰ ਦੀ ਭਾਵਨਾ ਪ੍ਰਗਟ ਕਰਨੀ ਚਾਹੀਦੀ ਹੈ। ਸ਼ਹੀਦਾਂ ਦੀ ਕੁਰਬਾਨੀ ਦਾ ਸਤਿਕਾਰ ਕਰਨਾ ਹੀ ਸਾਡੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

## ---ਹਲਕਾ ਫੁਲਕਾ---

ਇੱਕ ਔਰਤ ਪਹਿਲੀ ਵਾਰ ਸਕੂਟੀ ਚਲਾ ਕੇ ਪੈਟਰੋਲ ਪੰਪ ਤੱਕ ਗਈ ਅਤੇ ਪੁੱਛਣ ਲੱਗੀ, 'ਪੈਟਰੋਲ ਕਿੰਨੇ ਰੁਪਏ ਲੀਟਰ ਹੈ?'
ਪੰਪ ਵਾਲਾ, ''ਮੈਡਮ 60.40 ਰੁਪਏ।''
ਔਰਤ, ''ਠੀਕ-ਠਾਕ ਲਾ ਲੈ, ਨਾਲ ਵਾਲਾ ਤਾਂ 55 ਰੁਪਏ ਲੀਟਰ ਦੇ ਰਿਹਾ ਹੈ।''

********

ਦਾਦੀ ਮਾਂ ਰੋ ਰਹੀ ਸੀ, ਕਿਉਂਕਿ ਨੂੰਹ ਨੂੰ ਦੂਜੀ ਔਲਾਦ ਵੀ ਕੁੜੀ ਹੋਈ ਸੀ। ਗੁਆਂਢਣ ਨੇ ਸਮਝਾਇਆ, ''ਕੀ ਫਰਕ ਪੈਂਦਾ ਹੈ, ਕੁੜੀ ਹੋਵੇ ਜਾਂ ਮੁੰਡਾ।''
ਦਾਦੀ ਮਾਂ ਨੇ ਹਾਉਕਾ ਲਿਆ ਅਤੇ ਬੋਲੀ, ''ਮੈਨੂੰ ਵੀ ਪਤਾ ਹੈ ਕਿ ਧੀਆਂ ਲਛਮੀ ਹੁੰਦੀਆਂ ਹਨ। ਮੈਨੂੰ ਤਾਂ ਦੁੱਖ ਸਿਰਫ ਇੰਨਾ ਹੈ ਕਿ ਮੇਰੀ ਨੂੰਹ ਨੂੰ ਸੱਸ ਬਣਨ ਦਾ ਦਰਦ ਮਹਿਸੂਸ ਨਹੀਂ ਹੋ ਸਕੇਗਾ।''

********

ਪਤਨੀ (ਪਤੀ ਨੂੰ), ''ਮੈਂ ਕਿਹਾ ਜੀ, ਤੁਸੀਂ ਬੜੇ ਭੋਲੇ ਹੋ। ਤੁਹਾਨੂੰ ਕੋਈ ਵੀ ਬੇਵਕੂਫ ਬਣਾ ਦਿੰਦਾ ਹੈ।''
ਪਤੀ, ''ਸ਼ੁਰੂਆਤ ਤੋਂ ਤੇਰੇ ਪਿਓ ਨੇ ਹੀ ਕੀਤੀ ਸੀ ਪਾਗਲੇ।''

********

ਅਧਿਆਪਕ, ''ਤੂੰ ਸਬਕ ਯਾਦ ਕਿਉਂ ਨਹੀਂ ਕੀਤਾ?''
ਹਨੀ, ''ਜੀ ਸਰ, ਕੱਲ੍ਹ ਰਾਤ ਮੈਂ ਜਦੋਂ ਪੜ੍ਹਨ ਬੈਠਾ ਤਾਂ ਲਾਈਟ ਚਲੀ ਗਈ।''
ਅਧਿਆਪਕ, ''...ਤਾਂ ਫਿਰ ਲਾਈਟ ਨਹੀਂ ਆਈ?''
ਹਨੀ, ''ਆਈ, ਪਰ ਫਿਰ ਜਦੋਂ ਪੜ੍ਹਨ ਬੈਠਾ ਤਾਂ ਦੁਬਾਰਾ ਚਲੀ ਗਈ।''
ਟੀਚਰ, ''...ਤਾਂ ਫਿਰ ਲਾਈਟ ਨਹੀਂ ਆਈ?''
ਹਨੀ, '' ਆਈ, ਪਰ ਫਿਰ ਮੈਂ ਇਸ ਡਰ ਨਾਲ ਪੜ੍ਹਨ ਨਹੀਂ ਬੈਠਾ ਕਿ ਫਿਰ ਨਾ ਚਲੀ ਜਾਵੇ।''



# ਸੱਦਾ ਪੱਤਰ

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਵਿਸ਼ਵ ਪੰਜਾਬੀ ਕਾਨਫਰੰਸ (ਰਜਿ) ਟੋਰਾਂਟੋ
ਵੱਲੋਂ
ਸਮਕਾਲੀ ਦੌਰ ਵਿੱਚ ਗੁਰੂ ਨਾਨਕ ਬਾਣੀ ਅਤੇ ਫ਼ਲਸਫ਼ੇ ਦੀ ਪ੍ਰਸੰਗਿਕਤਾ
ਵਿਸ਼ੇ 'ਤੇ

# ਇੱਕ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ

ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੈਮੀਨਾਰ ਦੇ
ਮੁੱਖ ਮਹਿਮਾਨ ਦਲਵੀਰ 'ਸਿੰਘ ਦਿਲ ਨਿੱਜਰ'
ਸਰਪ੍ਰਸਤ, ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ, ਯੂ.ਐਸ.ਏ.

ਵਿਸ਼ੇਸ਼ ਮਹਿਮਾਨ: ਪ੍ਰੋ. ਚਰਨਜੀਤ ਕੌਰ, ਸਰਕਾਰੀ ਕਾਲਜ (ਲੜਕੀਆਂ), ਪਟਿਆਲਾ,ਪੰਜਾਬ
ਹਾਰੂਨ ਖਾਲਿਦ, ਪਾਕਿਸਤਾਨ
ਡਾ. ਸੁਖਪਾਲ, ਸ਼ਾਇਰ ਕਨੇਡਾ ਹੋਣਗੇ
ਪ੍ਰਧਾਨਗੀ : ਡਾ. ਵਰਿਆਮ ਸੰਧੂ ਕਰਨਗੇ
ਕੁੰਜੀਵਤ ਭਾਸ਼ਣ : ਡਾ. ਮੋਹਨ ਸਿੰਘ ਤਿਆਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇਣਗੇ।

ਸਥਾਨ
ਸ਼ਿੰਗਾਰ ਬੈਂਕੁਅਟ ਹਾਲ, 2084, ਸਟੀਲਜ਼ ਐਵੀਨਿਊ
ਈਸਟ, ਬਰੈਂਪਟਨ, (ਕਨੇਡਾ) L6T 5A6

Venue
Shingar Banquet Hall, 2084 Steeles Ave E,
Brampton, ON (Canada) L6T 5A6

ਮਿਤੀ 23 ਨਵੰਬਰ 2019 (ਦਿਨ ਸ਼ਨੀਚਰਵਾਰ)
ਸਮਾਂ 9.00 ਸਵੇਰੇ ਤੋਂ 4.00 ਸ਼ਾਮ
ਇਸ ਮੌਕੇ ਕਵੀ ਦਰਬਾਰ ਵੀ ਹੋਵੇਗਾ ਅਤੇ ਪੁਸਤਕ ਗੁਰਬਾਣੀ ਚਿੰਤਨ (ਸਿਧਾਂਤ ਤੇ ਵਿਹਾਰ)
ਲੋਕ ਅਰਪਣ ਕੀਤੀ ਜਾਵੇਗੀ।

**ਆਪ ਜੀ ਨੂੰ ਨਿੱਘਾ ਸੱਦਾ ਹੈ ਜੀ।**

ਉਡੀਕਵਾਨ


ਗਿਆਨ ਸਿੰਘ ਕੰਗ
ਚੇਅਰਮੈਨ


ਸੁਰਜੀਤ ਕੌਰ
ਮੀਤ ਪ੍ਰਧਾਨ


ਪ੍ਰੋ. ਜਗੀਰ ਸਿੰਘ ਕਾਹਲੋਂ
ਜਨਰਲ ਸਕੱਤਰ


ਕਮਲਜੀਤ ਸਿੰਘ ਲਾਲੀ
ਪ੍ਰਧਾਨ

---

ASIAN FOOD CENTRE

# WINTER SALE

www.AsianFoodCentre.com
NOVEMBER 14TH TO 20TH 2019
Fresh Fruits, Vegetables, Indian & Canadian Grocery

- GOLDEN TEMPLE (YELLOW BAG 20LB) – $9.99 EA, REG.$11.99
- ASHIRVAD ATTA (10KG) – $9.99 EA, REG.$11.99
- HERO ATTA – $5.99, REG.$7.99
- INDIA GATE ROZZANA – $8.99 10LB, REG.$10.99
- 817 RICE – $10.99 8.8LB, REG.$12.99
- AFC SELLA RICE – $6.99 8LB, REG.$7.99
- ASEEL GHEE – $5.49 1KG, REG.$6.99
- BIKANERI PANEER (341G) – $3.99 EA, REG.$4.99
- CASHEW PIECES – $4.99 1LB, REG.$8.99
- DABUR REAL JUICE (EXCEPT:AAMPANA) – $1.79 1L, REG.$2.99
- DABUR REAL GUAVA MASALA,POMEGTANTE MASALA – $.99 1L, REG.$1.99
- FROOTI MANGO JUICE – $1.49 1L, REG.$1.99
- MAGGI ASST SAUCE – $3.29 340ML, REG.$4.29
- SAFFRON – $2.29 1G, REG.$2.99
- RED LABLE TEA – $6.99 900G, REG.$8.99
- WAGHBAKRI TEA – $8.99 2LB, REG.$10.99
- TEA INDIA – $7.99 216 BAGS, REG.$8.99
- TRUST SUGAR – $7.99 5KG, REG.$9.99; $19.99 EA, REG.$24.99
- VERKA BROWN SUGAR – $8.99 10LB, REG.$9.99
- DILSE BROWN SUGAR – $6.99 10LB, REG.$8.99
- YIPPEE MASALA NOODLES – 4 FOR $1 75G, REG.$.69
- FRONTIER COOKIES – $4.29 2LB, REG.$4.99
- GOOD DAY BISCUITS – $1.99 231G, REG.$2.99
- BRITANNIA ASST CREAM TREAT – 2 FOR $1 60G, REG.$.69
- APNA TASTE GULAB JAMUN – $4.99 EA, REG.$5.99
- APNA TASTE RASMALAI – $6.99 EA, REG.$7.99
- MOTHER'S PICKLE – $2.99 500G, REG.$3.99
- SILKY BATHROOM TISSUE (8ROLLS) – BUY 1 GET 1 FREE, $5.99 + TAX
- DABUR MUSTARD OIL – $5.99 1L, REG.$7.99
- BALAJI MUSTARD OIL – $3.79 800ML, REG.$4.99
- MAZOLA CORN/CANOLA OIL – $7.99 2.84L, REG.$8.99
- POPULAR SAMOSA (400G) – $1.79 EA, REG.$2.49
- POPULAR PARATHA – $5.99 25PCS, REG.$6.99
- MTR DOSA, RAVA DOSA, RAVA IDLI, RICE IDLI & UTTAPAM – $1.99 500G, REG.$2.49
- MTR READY TO EAT – $1.49 EA, REG.$2.99
- WHITE CHANA – $2.99 4LB, REG.$4.99
- KASTURI TOOR DAAL(10LB) – $10.99 EA, REG.$12.00
- BLACK CHANA – $2.99 4LB, REG.$4.99
- RED LENTIL – $2.99 4LB, REG.$3.99
- URAD WHOLE – $3.99 4LB, REG.$4.99
- MASSAR WHOLE – $2.99 4LB, REG.$3.99
- DEEP TANDOORI NAAN – $6.99 16PCS, REG.$8.99

ETOBICOKE – 10 Westmore Dr. 416-740-3262 (MEAT SHOP AVAILABLE)
MISSISSAUGA – 1075 Ceremonial Dr. 905-502-1600 (MEAT SHOP AVAILABLE)
BRAMPTON – 621 Wanless Dr. 905-495-3336 (MEAT SHOP AVAILABLE)
BRAMPTON – 2120 N Park Dr. 905-793-1338 (MEAT SHOP AVAILABLE)
BRAMPTON – 80 Pertosa Dr. 905-460-0009
BRAMPTON – 40 Airport RD & Lacoste Blvd. 905-794-8109 (MEAT SHOP AVAILABLE)
BRAMPTON – 10510 Torbram Rd. 905-790-0030
BRAMPTON – 10 Pannahill Dr. 905-913-8017 (MEAT SHOP AVAILABLE)

TOLL FREE 1-800-708-9232

